# ਸਿਰਜਣਾ

ਜਨਵਰੀ-ਮਾਰਚ 1984

**ਵਿਸ਼ੇਸ਼**

- ਪ੍ਰੇਮ ਪ੍ਰਕਾਸ਼ ਦੀ ਨਵੀਂ ਕਹਾਣੀ : ਟੈਲੀਫੋਨ
- ਸੁਰਜੀਤ ਗਿੱਲ ਵੱਲੋਂ ਕਿਸ਼ਨ ਸਿੰਘ ਦੇ ਮਾਰਕਸਵਾਦ ਦੀ ਆਲੋਚਨਾ
- ਭੂਸ਼ਨ ਦਾ ਨਿਬੰਧ : ਤੀਵੀਂ ਬਨਾਮ ਸਾਹਿਤ
- ਅਤਰਜੀਤ ਤੇ ਗੁਰਦਿਆਲ ਦਲਾਲ ਦੀਆਂ ਕਹਾਣੀਆਂ
- ਸੁਰਿੰਦਰ ਧੰਜਲ, ਹਰਭਜਨ ਹੁੰਦਲ, ਰਵਿੰਦਰ ਰਵੀ, ਮੇਜਰ ਪਿਆਰਾ ਸਿੰਘ, ਧਰਮ ਕੰਮੇਆਣਾ ਦੀਆਂ ਕਵਿਤਾਵਾਂ
- ਰਿਸ਼ਤਿਆਂ ਦਾ ਕੀ ਰੱਖੀਏ ਨਾਂ ਸਮੇਤ ਅੱਧੀ ਦਰਜਨ ਪੁਸਤਕਾਂ ਦੇ ਰੀਵੀਊ

ਨਿਗਰਾਨ : **ਸੰਤ ਸਿੰਘ ਸੇਖੋਂ**
ਸੰਪਾਦਕ : **ਰਘਬੀਰ ਸਿੰਘ**

53

ਮੁੱਲ : **ਤਿੰਨ ਰੁਪਏ**
ਸਾਲਾਨਾ : **ਬਾਰਾਂ ਰੁਪਏ**

# ਸਿਰਜਣਾ

ਜਨਵਰੀ-ਮਾਰਚ 1984

o

ਨਿਗਰਾਨ
**ਸੰਤ ਸਿੰਘ ਸੇਖੋਂ**

o

ਸੰਪਾਦਕ
**ਰਘਬੀਰ ਸਿੰਘ**

o

ਪਤਾ
**1728, ਸੈਕਟਰ 43-ਬੀ,
ਚੰਡੀਗੜ੍ਹ-160036**

o

**SIRJANA
1728, Sector 43-B,
Chandigarh-160036.**

o

SIRJANA is approved by DPI Punjab for all schools, colleges and social education centres vide letter No. 2/6-66 B (EP) dated 26.9.66.

## ਇਸ ਅੰਕ ਵਿਚ

ਸੁਰਿੰਦਰ ਧੰਜਲ/ਦੋ ਕਵਿਤਾਵਾਂ/1
ਰਵਿੰਦਰ ਰਵੀ/ਕਵਿਤਾ/ਸਿਆਸੀ ਕੈਦੀ ਦੀ ਡਾਇਰੀ 'ਚੋਂ ਇਕ ਪੰਨਾ/5
ਚਰਨ ਸਿੰਘ ਵਿਰਦੀ/ਕਵਿਤਾ/ਮਿੱਟੀ 'ਚ ਉਕਰੇ ਅੱਖਰ/6
ਪ੍ਰੇਮ ਪ੍ਰਕਾਸ਼/ਕਹਾਣੀ/ਟੈਲੀਫ਼ੋਨ/7
ਹਰਭਜਨ ਸਿੰਘ ਹੁੰਦਲ/ਦੋ ਕਵਿਤਾਵਾਂ/19
ਮੇਜਰ ਪਿਆਰਾ ਸਿੰਘ/ਕਵਿਤਾ/ਰੋਜ਼ ਵਾਂਙੂ/21
ਅਤਰਜੀਤ/ਕਹਾਣੀ/ਕਹਾਣੀ ਕੌਣ ਲਿਖੇਗਾ/23
ਮਨਜੀਤ ਕਾਦਰ/ਦੋ ਗ਼ਜ਼ਲਾਂ/36
ਗੁਰਦਿਆਲ ਦਲਾਲ/ਕਹਾਣੀ/ਕਹਾਣੀ ਜ਼ਰੂਰ ਪੂਰੀ ਹੋਵੇਗੀ/37
ਸੁਰਜੀਤ ਗਿੱਲ/ਨਿਬੰਧ/ਕਿਸ਼ਨ ਸਿੰਘ, ਗੁਰਬਾਣੀ ਤੇ ਮਾਰਕਸਵਾਦ/51
ਭੂਸ਼ਨ/ਨਿਬੰਧ/ਔਰਤ ਬਨਾਮ ਸਾਹਿੱਤ/57
ਧਰਮ ਕੰਮੇਆਣਾ/ਕਵਿਤਾ/ਆਰ ਪਾਰ/69
ਗੁਰਦੇਵ ਚੌਹਾਨ/ਰੀਵਿਊ/ਰਿਸ਼ਤਿਆਂ ਦਾ ਕੀ ਰੱਖੀਏ ਨਾਂ/73
ਹਰਭਜਨ ਹਲਵਾਰਵੀ/ਰੀਵਿਊ/ਰੰਗਾਂ ਦੀ ਮਹਿਫਲ, ਫੁੱਲ ਵੀ ਅੰਗਿਆਰ ਵੀ/77
ਅਵਤਾਰ ਜੰਡਾ/ਰੀਵੀਉ/ਡੁਬਦੇ ਚੜ੍ਹਦੇ ਸੂਰਜ/82
ਲਖਵਿੰਦਰ ਜੌਹਲ/ਰੀਵਿਊ/ਕਾਲ ਅਕਾਲ/83
ਬਲਜੀਤ ਬਾਸੀ/ਰੀਵਿਊ/ਕਾਲਾ ਪਤਣ/85
ਜਗਿੰਦਰ ਕੈਰੋਂ, ਰਵਿੰਦਰ ਰਵੀ, ਜੁਗਿੰਦਰ ਸਿੰਘ ਨਿਰਾਲਾ, ਪ੍ਰੇਮ ਗੋਰਖੀ, ਅਵਤਾਰ ਸਾਦਿਕ, ਰਾਜਵਿੰਦਰ ਆਦਿ/ਪੱਤਰ/89

ਸੁਰਿੰਦਰ ਧੰਜਲ

# ਦੋ ਕਵਿਤਾਵਾਂ

## ਜੇ ਤੂੰ ਬਾਤ ਸ਼ੁਰੂ ਹੀ ਕੀਤੀ ਹੈ

ਜੇ ਤੂੰ ਬਾਤ ਸ਼ੁਰੂ ਹੀ ਕੀਤੀ ਹੈ ਮਿੱਤਰਾ !
ਤਾਂ 'ਏਨੀ ਮੇਰੀ ਬਾਤ ਉਤੋਂ ਪੈ ਗਈ ਰਾਤ' ਵਰਗਾ
ਕੋਈ ਰਵਾਇਤੀ ਜਿਹਾ ਅੰਤ ਨਾ ਕਰੀਂ—
ਰਵਾਇਤਾਂ ਆਪਣੇ ਆਪ ਨਹੀਂ ਉਗਦੀਆਂ
ਉਗਾਈਆਂ ਜਾਂਦੀਆਂ ਨੇ

ਹੁਣ ਤੱਕ 'ਉੱਤੋਂ ਪੈ ਗਈ ਰਾਤ' ਕਹਿਣ ਵਾਲਿਆ !
ਸੂਰਜ ਥਾਣੇ ਦੇ ਕਿਹੜੇ ਦਰੱਖਤ ਨਾਲ ਪੁੱਠਾ ਲਮਕਦਾ ਹੈ
ਚੰਨ ਕਿਹੜੇ 'ਦੇਵਤੇ' ਦਾ ਮੁਰਗਾ ਬਣਿਆ ਹੈ
ਤਾਰੇ ਕਿਹੜੇ 'ਛੜਿਆਂ ਦੇ ਰਾਹ' 'ਚ ਮਾਰੇ ਗਏ
ਦੀਵੇ ਦੀ ਬੱਤੀ ਨੂੰ ਕਿਵੇਂ ਸਾੜ ਗਿਆ
ਉਸਦੀ ਆਪਣੀ ਹੀ 'ਮਿੱਟੀ ਦਾ ਤੇਲ'

ਅੱਧੀ ਰਾਤ ਨੂੰ ਹਵੇਲੀ 'ਚ ਬੱਲਬਾਂ ਨਾਲ ਚੜ੍ਹੇ
ਦਿਨ ਦੀ ਬਾਤ ਪਾਉਣ ਵਾਲਿਆ !
ਹਨ੍ਹੇਰੀ ਧਰਤੀ 'ਚ ਗੱਡਿਆ ਟੋਟੂਆ
ਕਿਵੇਂ ਸਹਿੰਦਾ ਹੈ ਕਿੱਲਾਂ ਵਾਲੇ ਤਖ਼ਤਿਆਂ ਦਾ ਮਣਾਂ-ਮੂੰਹੀਂ ਭਾਰ
ਅੰਦਰ ਪੈਂਦੀ ਡੰਡ ਅਤੇ ਕਿੱਲਾਂ ਦੀ ਝੰਡ ਵਿੱਚ
ਜੇ ਹੈ, ਤਾਂ ਕੀ ਸੰਬੰਧ ਹੈ

ਝਿੜਕਾਂ ਦੇ ਟਿੱਬਿਆਂ 'ਚ ਔਟਲੇ
ਗੁੱਲੀ-ਡੰਡੇ ਵਰਗੇ ਬਚਪਨ ਦੀ ਬਾਤ ਪਾਉਣ ਵਾਲਿਆ !
ਸਿਨਮਾ-ਘਰ ਦੇ ਪਰਦੇ ਤੋਂ ਬਾਹਰਲੇ 'ਬੱਚੇ'
'ਮਨ' ਦੇ ਕਿੰਨੇ ਕੁ 'ਸੱਚੇ' ਹੋ ਸਕਦੇ ਹਨ—
ਛੇ ਕੁ ਸਾਲ ਦਾ 'ਬੂਟਾ' ਜਦੋਂ ਉੂੜਾ ਊਠ ਪੜ੍ਹਨ ਦੀ ਥਾਂ
ਊਠ ਦੇ ਪਿੱਛੇ ਦਰੱਖਤਾਂ ਵੱਲ ਨੂੰ ਹੱਕਿਆ ਜਾਂਦਾ ਹੈ,
'ਬੂਟੇ' ਤੇ 'ਦਰੱਖਤ' ਦਾ ਅੰਤਰ ਦੱਸਣ ਲਈ

ਮਨ ਦਾ ਕਿਹੜਾ ਸੱਚ ਕਿਸ ਕਚਹਿਰੀ 'ਚ ਸਹੁੰ ਖਾਏਗਾ
ਕਿ ਉਹ ਸੱਚ ਹੀ ਹੈ, ਸੱਚ ਤੋਂ ਸਿਵਾ ਕੁਝ ਵੀ ਨਹੀਂ

ਅੰਬਰਾਂ 'ਚ ਕੁਰਲਾਉਂਦੀ
ਡਾਰੋਂ ਵਿਛੜੀ ਕੂੰਜ ਦੀ ਬਾਤ ਪਾਉਣ ਵਾਲਿਆ !
ਹੋਰ ਪੰਛੀਆਂ ਦੀ ਬਾਤ ਵੀ ਪਾਇਆ ਕਰ ਕਦੇ—
ਤੋਤਾ ਕਿਵੇਂ ਪੀ ਜਾਂਦਾ ਹੈ
ਨਿੰਮ ਨਾਲ ਝੂਟਦੀ ਦੇ ਬੁੱਲ੍ਹਾਂ ਦੀ ਲਾਲੀ—
ਚੂਰੀ ਮੰਗਣ ਵਾਲਾ ਗੰਗਾ ਰਾਮ
ਕਿੰਨੇ ਫਲ ਖਾਂਦਾ, ਕਿੰਨੇ ਕੁਤਰ ਕੁਤਰ ਹੇਠਾਂ ਸੁੱਟਦਾ ਹੈ
ਡੇੜ ਲੱਤ ਦੇ ਭਾਰ ਛੱਪੜ ਕਿਨਾਰੇ ਖੜ੍ਹਾ ਬਗਲਾ
ਕਿਹੜੀ ਅੰਮ੍ਰਿਤ ਬਾਣੀ ਦਾ ਪਾਠ ਕਰਦਾ ਹੈ

'ਰੇੜੂਏ' ਤੇ 'ਰਕਾਟਾਂ' ਦੀ ਬਾਤ ਪਾਉਣ ਵਾਲਿਆ !
ਖੇਤਾਂ 'ਚ ਨਾ ਤਾਰੇਮੀਰੇ ਦੀਆਂ ਬੱਲੀਆਂ ਹਨ,
ਨਾ ਸਰ੍ਹੋਂ ਦੀ ਕਵਾਲੀ
ਸੱਖਣੇ ਕੰਨਾਂ ਵਾਲੀ ਨੂੰ ਕਿਸ ਦੀਆਂ ਨੱਤੀਆਂ ਖੋਹਕੇ
ਪਿੱਪਲ-ਪੱਤੀਆਂ ਘੜਾਉਣ ਦਾ ਲਾਰਾ ਲਾਵਾਂ—
ਸੱਪ ਬਣਕੇ ਮਿੱਤਰਾਂ ਦੇ ਮਹਿਲਾਂ 'ਤੇ ਕਦੋਂ
ਅਤੇ ਦੁਸ਼ਮਣਾਂ ਦੇ ਮਹਿਲਾਂ 'ਤੇ ਕਦੋਂ ਫਿਰਨਾ ਚਾਹੀਦਾ ਹੈ

'ਔਤਾਂ ਦੀ ਮਟੀ ਵਾਂਗ ਚਮਕਣ ਵਾਲੀ' ਦੀ
ਬਾਤ ਪਾਉਣ ਵਾਲਿਆ !
ਅੱਡੀ ਮਾਰਕੇ ਨੱਚਦੀ ਉਹ ਵੀ
ਪਿੰਡ 'ਚ ਭੁਚਾਲ ਲਿਆ ਦਿੰਦੀ ਸੀ—
ਮਟੀਆਂ ਦਾ ਛਾਇਆ ਜਦੋਂ ਦਾ
ਘਰ ਦੇ ਕੱਜੇ ਬਠਲੀਆਂ 'ਤੇ ਪਿਆ ਹੈ,
ਸੁਲਫ਼ੇ ਦੀ ਲਾਟ ਵਰਗਾ ਉਹਦਾ ਮੂੰਹ
ਧੱਫੜਾਂ ਦਾ ਚਿੜੀਆ-ਘਰ ਲਗਦਾ ਹੈ

ਗਲਗਲ ਦੀ ਬਾਤ ਪਾਉਣ ਵਾਲਿਆ !
ਤੇਰੇ ਕਹੇ ਅਤੇ ਔਲੇ ਦੇ ਖਾਧੇ ਦਾ
ਸੁਆਦ ਉਡੀਕਦਿਆਂ ਨੂੰ ਬਹੁਤ ਸਮਾਂ ਗੁਜ਼ਰ ਚੁੱਕਾ ਹੈ—
ਜਿੰਨ੍ਹਾਂ ਦੇ ਹਿੱਸੇ ਸੰਧੂਰੀ ਅੰਬੀਆਂ ਦੀ ਥਾਂ
ਗੁਠਲੀਆਂ ਹੀ ਆਈਆਂ ਨੇ

ਉਨ੍ਹਾਂ ਜੀਭਾਂ 'ਤੇ ਉੱਗ ਆਈ ਹੈ
ਲਾਲ ਮਿਰਚਾਂ ਦੀ ਕੁੜੱਤਣ

ਹੁਣ ਤਾਂ ਤੇਰਾ ਦੱਸਣਾ ਹੀ ਬਣਦਾ ਹੈ ਮਿੱਤਰਾ !
ਪੇਂਦੂ ਬੇਰ ਤੇ ਹਿੜਕ 'ਚ ਕੀ ਫ਼ਰਕ ਹੁੰਦਾ ਹੈ
ਚਿੱਬੜਾਂ ਦੀ ਚਟਣੀ ਤੋਂ ਮਟਰ-ਪਨੀਰ ਵੱਲ ਦਾ ਸਫ਼ਰ
ਕਿਉਂ ਤੇ ਕਦੋਂ ਸ਼ੁਰੂ ਹੁੰਦਾ ਹੈ—
ਕਿਉਂ ਕਠਫੋੜੇ ਦਾ ਧਰਮ ਹੋ ਨਿੱਬੜਦਾ ਹੈ
ਕੀੜੇ ਮਕੌੜਿਆਂ ਨੂੰ ਚਟਮ ਕਰਨਾ

ਹੁਣ ਤਾਂ ਤੇਰਾ ਦੱਸਣਾ ਹੀ ਬਣਦਾ ਹੈ ਮਿੱਤਰਾ !
ਕਿ ਕਿਸ 'ਸਾਜ਼ਸ਼-ਕੇਂਦਰ' 'ਚੋਂ ਪਰਬੀਨ ਹੁੰਦੀਆਂ ਨੇ
ਚਾਨਣ ਦੀਆਂ ਕਿਰਨਾਂ
ਜੋ ਛੋਟੀ ਜਿਹੀ ਵਿਰਲ ਰਾਹੀਂ ਹੀ
ਚੋਫਾੜ ਕਰ ਦਿੰਦੀਆਂ ਨੇ ਬੰਦ ਕੋਠੀਆਂ ਦੇ ਹਨ੍ਹੇਰੇ

ਤੂੰ ਕਹੇਂਗਾ; ਰਵਾਇਤਾਂ ਹਾਜ਼ਰ ਨਾਜ਼ਰ ਨੇ ਜਦੋਂ
ਬਾਤ ਦਾ ਰਵਾਇਤੀ ਅੰਤ ਕਿਵੇਂ ਗ਼ੈਰ-ਹਾਜ਼ਰ ਹੋ ਸਕਦਾ ਹੈ —
ਗਮਲੇ ਦੇ ਫੁੱਲਾਂ ਵਾਂਗ
ਰਵਾਇਤਾਂ ਵੀ ਆਪਣੇ ਆਪ ਨਹੀਂ ਉਗਦੀਆਂ
ਉਗਾਈਆਂ ਜਾਂਦੀਆਂ ਨੇ... ○

## ਪਰਦੇਸੀ ਮਹਿਫ਼ਲਾਂ

ਮਿੱਤਰਾਂ ਦੀਆਂ ਮਹਿਫ਼ਲਾਂ 'ਚ ਬਹੁਤ ਕੁਝ ਟਹਿਕਦਾ ਹੈ :
ਹਰਿੰਦਰ ਤੋਂ ਬਣੇ ਹੈਰੀ ਦੇ ਕੋਟ 'ਤੇ ਜੜੇ ਫੁੱਲ ਵਰਗਾ
ਵਿਸਕੀ ਦੇ ਨਸ਼ੇ ਅਤੇ ਮੀਟ ਦੀ ਖ਼ੁਸ਼ਬੋ ਵਰਗਾ
ਪੇ-ਚੈੱਕ ਦੇ ਵਧ ਰਹੇ ਹਿੰਦਸਿਆਂ ਵਰਗਾ
ਨਵੀਂ ਕਾਰ ਦੀਆਂ ਚਾਬੀਆਂ ਦੇ ਗੁੱਛੇ ਵਰਗਾ
ਯੂ. ਪੀ. 'ਚ ਖਰੀਦੇ ਮੁਰੱਬਿਆਂ ਦੀ ਸ਼ੇਖ਼ੀ ਵਰਗਾ
ਦੇਸ਼ ਤੋਂ ਖਰੀਦ ਕੇ ਲਿਆਂਦੇ 'ਜੀਵਨ-ਸਾਥ' ਵਰਗਾ
ਸੜਕਾਂ 'ਤੇ ਟਹਿਲਦੇ ਸਡੌਲ ਗੋਰੇ ਅੰਗਾਂ ਦੀ ਲਿਸ਼ਕ ਵਰਗਾ
ਰੇਤਲੇ ਬੀਚ ਦੀਆਂ ਅੱਧਨੰਗੀਆਂ ਖਰਮਸਤੀਆਂ ਵਰਗਾ
ਗੋ ਗੋ ਡਾਨਸਰ ਦੇ ਅੰਗਾਂ ਦੀ ਥਿਰਕਣ ਵਰਗਾ
ਭੰਗੜੇ, ਗਿੱਧੇ, ਗੜ੍ਹਵੇ ਤੇ ਡਿਸਕੋ ਦੇ ਨਖਰਿਆਂ ਵਰਗਾ

ਭੂਕਣੇ ਦੀਆਂ ਫੂਕਾਂ ਦੀ ਥਾਂ ਇਲੈਕਟ੍ਰਿਕ ਸਟੋਵ ਦੀ ਗਰਮੀ ਵਰਗਾ
ਅਸਮਾਨ 'ਚ ਤਾਰੀਆਂ ਲਾਉਂਦੀ ਹਵਾਈ ਜਹਾਜ਼ ਦੀ ਗੂੰਜ ਵਰਗਾ...

ਮਿੱਤਰਾਂ ਦੀਆਂ ਮਹਿਫ਼ਲਾਂ 'ਚ ਬਹੁਤ ਕੁਝ ਸਿਸਕਦਾ ਹੈ :
ਲੇਅ ਆਫ਼ ਸਲਿੱਪ ਦੇ ਸਹਿਮ ਵਰਗਾ
ਬੈਂਕ ਦੀ ਕਿਸ਼ਤ ਦੇ ਫਿਕਰ ਵਰਗਾ
'ਊਠਾਂ' ਤੇ 'ਟੱਲੀਆਂ' ਦੇ ਤਲਾਕ ਵਰਗਾ
ਬੇਸਮੈਂਟ ਦੀ ਪਲੰਮਿੰਗ ਦੀ ਖਲਜਗਣ ਵਰਗਾ
ਰਫਿਊਜੀ ਡੀਪੋਰਟੇਸ਼ਨ ਦੇ ਖ਼ਤਰੇ ਵਰਗਾ
ਨਵੇਂ ਰਿਸ਼ਤੇਦਾਰ ਲਈ 'ਕੰਮ' ਦੀ ਪੜਤਾਲ ਵਰਗਾ
ਠੇਕੇਦਾਰ ਦੀ ਤਰੱਕੀ 'ਚ ਤੂੜੇ ਫਾਰਮ ਵਰਕਰਾਂ ਵਰਗਾ
ਹਿੰਦੂ-ਪਾਕੀ-ਬਾਸਟਰਡ ਦੇ ਲਾਹਣਤੀ ਸਵਾਗਤ ਵਰਗਾ
ਅਖ਼ਬਾਰ 'ਚ ਪੜ੍ਹੀ 'ਧਰਮ ਯੁੱਧ ਦੀ ਖ਼ਬਰ' ਵਰਗਾ
ਪੱਗਾਂ ਅਤੇ ਪਟਿਆਂ ਦੀ 'ਧਾਰਮਕ ਝੜੱਪ' ਵਰਗਾ
ਝੂਠੇ ਪੁਲਸ-ਮੁਕਾਬਲੇ 'ਚ ਮਾਰੇ ਗਏ ਮਿੱਤਰਾਂ ਦੀ ਯਾਦ ਵਰਗਾ
ਧਰਤੀ ਅਤੇ ਅਸਮਾਨ ਵਿਚਕਾਰ ਕਿੱਕਰ 'ਚ ਫਸੀ ਕਟੀ ਪਤੰਗ ਵਰਗਾ...

ਮਿੱਤਰਾਂ ਦੀਆਂ ਮਹਿਫ਼ਲਾਂ 'ਚ ਕਦੇ ਤਾਂ ਕੁਝ ਦਗੇਗਾ ਹੀ
ਮੁਰਝਾਏ ਫੁੱਲਾਂ ਨੂੰ ਪਾਣੀ ਦੇਣ ਦੇ ਸਿਦਕ ਵਰਗਾ
ਭਾਂਤ ਭਾਂਤ ਦੇ ਰੰਗਾਂ ਦੇ ਜੁੜੇ ਮੁੱਕਿਆਂ ਵਰਗਾ
'ਹਿੰਦ ਵਾਸੀਓ ਰੱਖਣਾ ਯਾਦ ਸਾਨੂੰ' ਦੇ ਨਗਮੇ ਵਰਗਾ
ਅਣਦਿਸਦੇ ਤੱਕ ਪਹੁੰਚਣ ਦੇ ਅਣਥੱਕ ਸਫ਼ਰ ਵਰਗਾ
ਧਰਤੀ ਨਾਲ ਜੁੜਨ ਦੇ ਅਹਿਸਾਸ ਵਰਗਾ...

ਮਿੱਤਰਾਂ ਦੀਆਂ ਮਹਿਫ਼ਲਾਂ 'ਚ ਬਹੁਤ ਕੁਝ ਟਹਿਕਦਾ ਹੈ
ਅਸਮਾਨ 'ਚ ਤਾਰੀਆਂ ਲਾਉਂਦੀ ਹਵਾਈ ਜਹਾਜ਼ ਦੀ ਗੂੰਜ ਵਰਗਾ...
ਮਿੱਤਰਾਂ ਦੀਆਂ ਮਹਿਫ਼ਲਾਂ 'ਚ ਬਹੁਤ ਕੁਝ ਸਿਸਕਦਾ ਹੈ
ਧਰਤੀ ਅਤੇ ਅਸਮਾਨ ਵਿਚਕਾਰ ਕਿੱਕਰ 'ਚ ਫਸੀ ਕਟੀ ਪਤੰਗ ਵਰਗਾ...
ਮਿੱਤਰਾਂ ਦੀਆਂ ਮਹਿਫ਼ਲਾਂ 'ਚ ਕਦੇ ਤਾਂ ਕੁਝ ਦਗੇਗਾ ਹੀ
ਧਰਤੀ ਨਾਲ ਜੁੜਨ ਦੇ ਅਹਿਸਾਸ ਵਰਗਾ...

[218—10601—100 Street, Grande Prairie Alberta, Canada.]

ਰਵਿੰਦਰ ਰਵੀ

# ਸਿਆਸੀ ਕੈਦੀ ਦੀ ਡਾਇਰੀ 'ਚੋਂ ਇਕ ਪੰਨਾ

(ਜੁਝਾਰੂ ਧੁੰਦ ਦੇ ਨਾਂ)

ਧੁੰਦ ਦਾ ਹੱਥ ਪਕੜਕੇ ਜਿਸਨੇ
ਸੂਰਜ ਦੀ ਤਕਦੀਰ ਲਿਖੀ
ਉਸਦੇ ਪੈਰੀਂ ਗੁਲਿਸਤਾਨ ਕੀ
ਸਾਰੀ ਕੁਦਰਤ ਆਣ ਪਈ

ਸੂਰਜ ਵਿਚੋਂ ਚਾਨਣ ਵੇਖੇ
ਹਰ ਕੋਈ ਚਾਨਣ ਸੰਗ ਪਰਛਾਵੇਂ
ਧੁੰਦ ਦੇ ਹੱਥ ਨਾਲ ਚਾਨਣ-ਰੇਖਾ
ਵਾਹੁੰਦੇ ਟਾਵੇਂ ਟਾਵੇਂ

ਪੈਰ ਪੈਰ 'ਤੇ ਪਹਿਨਕੇ ਉਲਝਣ
ਥੱਕੇ ਅੰਗੀਂ ਅੱਕੀਆਂ ਕੜੀਆਂ
ਖੁੱਸੇ ਮਨ ਵਿਚ ਸਾਗਰ-ਜੇਰਾ
ਦਾਵਾਨਲ ਦੀਆਂ ਕਾਂਗਾਂ ਚੜ੍ਹੀਆਂ

ਜੇਲ੍ਹ ਦੀਆਂ ਦੀਵਾਰਾਂ ਅੰਦਰ
ਜੇਲ੍ਹ ਦੀ ਹਸਤੀ ਡੋਲ ਰਹੀ
ਸਿਰ 'ਤੇ ਕੱਫਣ ਲਹੂ ਨਜ਼ਰ ਵਿਚ
ਸਗਲੀ ਹਸਤੀ ਖੌਲ ਰਹੀ

ਧੁੰਦ ਦਾ ਹੱਥ ਹੀ ਹੱਥ ਚਾਨਣ ਦਾ
ਸੂਰਜ ਦੀ ਤਕਦੀਰ ਅਸੀਂ
ਹੋਂਦ ਦੇ ਦੀਪਕ ਜੋਤ ਅਮਰ ਹੈ
ਜੋਤ ਦੀ ਜਦ ਤਦਬੀਰ ਅਸੀਂ

ਧੁੰਦ ਹੀ ਆਦਿ ਜੁਗਾਦੀ ਜਣਨੀ
ਤੀਜੀ ਅੱਖ ਜਗਾਵਣ ਲਈ
ਬੇਹਿੰਮਤੀ 'ਚੋਂ ਹਿੰਮਤ ਖੋਜਣ
ਖ਼ੁਦ 'ਚੋਂ ਸਭ ਨੂੰ ਪਾਵਣ ਲਈ

ਧੁੰਦ ਦਾ ਹੱਥ ਪਕੜਕੇ ਜਿਸਨੇ
ਸੂਰਜ ਦੀ ਤਕਦੀਰ ਲਿਖੀ
ਉਸ ਦੇ ਪੈਰੀਂ ਗੁਲਿਸਤਾਨ ਕੀ
ਸਾਰੀ ਕੁਦਰਤ ਆਣ ਪਈ

[New Aiyansh, B.C. Canada]

ਚਰਨ ਸਿੰਘ ਵਿਰਦੀ

## ਮਿੱਟੀ 'ਚ ਉਕਰੇ ਅੱਖਰ

### —ਅੱਖਰ ਵੀਹਵਾਂ—

ਆ ਕਿ ਬੋਲਾਂ ਤੇਰਿਆਂ ਨੂੰ
ਅਰਥਾਵਲੀ ਦਾ ਨਾਂਅ ਦਿਆਂ
ਆ ਕਿ ਤੇਰੀ ਹਿੱਕ 'ਚ
ਕਸਤੂਰੀਆਂ ਦੀ ਰੂਹ ਭਰਾਂ
ਆ ਕਿ ਨੈਣਾਂ ਤੇਰਿਆਂ 'ਚ
ਹਕੀਕਤਾਂ ਬਣਕੇ ਤਰਾਂ
ਤੇ ਫੁੱਲ ਰੱਤੜੇ ਦਿਲ ਦਾ
ਤੇਰੇ ਜੂੜੇ 'ਚ ਮੜ੍ਹਾਂ

ਝੱਲੇ !
ਨੀ ਅੰਬਰੀਂ ਵਗਦੀਏ
ਧਰਤੀ 'ਤੇ ਤੈਨੂੰ ਲੈ ਚਲਾਂ
ਰਾਤ ਨੂੰ ਕਰ ਦਿਨ ਦਿਆਂ
ਤੂੰ ਜਗੇਂ ਤੇ ਮੈਂ ਬਲਾਂ

ਅਸਲੀਅਤੇ
ਸੁਫਨਿਆਂ ਵਿਚ ਵੱਸਦੀਏ
ਭੁੱਲ ਕੇ ਬੈਠੀ ਹੈਂ ਖ਼ੁਦ
ਇਸ਼ਕ ਨੂੰ ਰਾਹ ਦੱਸਦੀਏ
ਆ ਕਿ ਤੈਨੂੰ ਲੈ ਚਲਾਂ ਤੇਰੇ ਗਰਾਂ
ਖਲਾਅ 'ਚ ਲਟਕੇ
ਆਸਮਾਂ ਦੀ ਜੜ੍ਹ ਵਿਖਾਂ
ਤੇ ਰੋਜ਼
ਸੂਰਜ ਡੁੱਬਣ ਦੀ ਚਿੰਤਾ ਮਿਟਾਂ
ਆ ਕਿ ਬੋਲਾਂ ਤੇਰਿਆਂ ਨੂੰ
ਅਰਥਾਵਲੀ ਦਾ ਨਾਂਅ ਦਿਆਂ
ਆ ਕਿ ਤੇਰੀ ਹਿੱਕ 'ਚ
ਕਸਤੂਰੀਆਂ ਦੀ ਰੂਹ ਭਰਾਂ

[7260, Lombard Rd., Richmond, B.C. Canada]

ਪ੍ਰੇਮ ਪ੍ਰਕਾਸ਼

## ਟੈਲੀਫੋਨ

ਇਹ ਕੀ ਬੀਮਾਰੀ ਏ ? ਡਾਕਟਰ ਇਹਨੂੰ ਕੀ ਨਾਂ ਦੇਂਦੇ ਨੇ ?...ਮੇਰਾ ਬੇਟਾ ਡਾਕਟਰ ਸਤੀਸ਼ ਕਪੂਰ ਤੇ ਨੂੰਹ ਡਾਕਟਰ ਸਵਿਤਾ ਕਪੂਰ ਵੀ ਇਹਦਾ ਕੋਈ ਇਲਾਜ ਨਹੀਂ ਕਰ ਸਕੇ। ਆਖਰ ਉਹ ਇਹੀ ਕਹਿ ਕੇ ਪੇਨ-ਕਿਲਰ ਦੇਈ ਜਾਂਦੇ ਨੇ ਕਿ ਮੇਨੂਪਾਜ਼ ਦੀ ਏਸ ਅਵਸਥਾ 'ਚ ਇਹ ਕੁਝ ਹੁੰਦਾ ਈ ਏ। ਦੋਵੇਂ ਡਾਕਟਰ ਤੇ ਡਾਕਟਰਨੀ ਆਪਸ ਵਿਚ ਗੱਲਾਂ ਕਰਦੇ ਮੈਡੀਕਲ ਟਰਮਾਂ ਬੋਲਦੇ ਮੇਰੀ ਬੀਮਾਰੀ ਦਾ ਡਾਇਗਨੋਜ਼ ਕਰਦੇ ਨੇ। ਪਰ ਮੈਨੂੰ ਪਤਾ ਏ, ਇਹ ਬੀਮਾਰੀ ਕੁਝ ਹੋਰ ਏ। ਮੈਂ ਸਮਝਦੀ ਹਾਂ, ਪਰ ਉਹਨਾਂ ਨੂੰ ਸਮਝਾ ਨਹੀਂ ਸਕਦੀ।

ਕੁਸ਼ਲਿਆ ਕਿਚਨ 'ਚ ਕੁਝ ਖੜਕਾਈ ਤਾਂ ਜਾਂਦੀ ਏ, ਪਰ ਏਨਾ ਨਹੀਂ ਕਿ ਮੇਰਾ ਹਾਲ ਹੀ ਪੁੱਛ ਲਵੇ। ਇਕ ਪਿਆਲਾ ਕੌਫੀ ਦਾ ਈ ਬਣਾ ਦੇਵੇ। ਇਹਦਾ ਪਤੀ ਖੁਸ਼ੀਆ ਕੋਠੀ ਦੀ ਸਫਾਈ ਜਾਂ ਬਗੀਚੇ ਦਾ ਕੰਮ ਤਾਂ ਜਿਹੜਾ ਕਰਦਾ ਏ, ਸੋ ਕਰਦਾ ਏ, ਬਹੁਤਾ ਕੰਮ ਉਹ ਮੇਰੀ ਸੀ. ਆਈ. ਡੀ. ਦਾ ਕਰਦਾ ਏ। ਇਹ ਕੰਮ ਇਹਨੂੰ ਸਤੀਸ਼ ਨੇ ਸੌਂਪਿਆ ਹੋਇਆ ਏ।...ਲਾਹਨਤ ..ਲਾਹਨਤ...ਲਾਹ...

ਇਹ ਬਾਬਡ-ਹੇਅਰ, ਪੈਂਟ ਬੁਸ਼ਰਟ ਪਹਿਨਦੀ, ਹਸਪਤਾਲ 'ਚ ਮਰਦਾਂ ਦੇ ਨਸਬੰਦੀ ਆਪ੍ਰੇਸ਼ਨ ਫਖ਼ਰ ਨਾਲ ਕਰਦੀ ਬੀਬੀ ਡਾਕਟਰਨੀ ਮੈਂ ਇਕ ਵਾਰ ਸਤੀਸ਼ ਨੂੰ ਕਹਿੰਦੀ ਸੁਣੀ ਸੀ..., "ਕੁਆਰੀ ਲੜਕੀ ਦੀ ਰਕਸ਼ਾ ਉਹਦਾ ਪਿਤਾ ਕਰਦਾ ਏ, ਵਿਆਹੀ ਤੇ ਉਹਦਾ ਪਤੀ। ਤੇ ਪਤੀ ਦੇ ਨਾ ਰਹਿਣ 'ਤੇ ਇਹ ਧਰਮ ਉਹਦਾ ਪੁੱਤਰ ਸੰਭਾਲਦਾ ਏ।" ...ਧਰਮ...ਧਰਮ ...ਲਾਹਨਤ...ਲਾਹ...ਸਦੀਆਂ ਤੋਂ ਖੜੋਤੀ ਸੋਚ...ਬਕਵਾਸ...ਬਕ...ਲੋਕ ਕਹਿੰਦੇ ਨੇ, ਪਈ ਜਿਹੜਾ ਸਲੂਕ ਤੁਸੀਂ ਆਪਣੇ ਬਜ਼ੁਰਗਾਂ ਨਾਲ ਕਰਦੇ ਹੋ, ਉਹੀ ਤੁਹਾਡੇ ਬੱਚੇ ਤੁਹਾਡੇ ਨਾਲ ਕਰਦੇ ਨੇ।...ਪਰ ਬੇਟੀ ਆਪਣੇ ਪਿਤਾ ਨਾਲ ਕੀ ਮਾੜਾ ਸਲੂਕ ਕਰਦੀ ਏ, ਜੀਹਦੇ ਬਦਲੇ ਵਿਚ ਉਹਦਾ ਬੇਟਾ ਉਹਦੇ ਨਾਲ ਇਹ ਸਲੂਕ ਕਰਦਾ ਏ ? ...ਕੁਸ਼ਲਿਆ, ਇਕ ਕੱਪ ਕੌਫੀ...ਜੇ ਏਸ ਕੋਹੜਨ ਨੂੰ ਵਿਹਲ ਮਿਲੇ ਤਾਂ ਜ਼ਰਾ ਸਿਰ ਈ ਝਸਾ ਲਵਾਂ। ਪੀੜ ਕੁਝ ਤਾਂ ਕਮ ਹੋਵੇ। ਉਹ ਜ਼ਰਾਂ ਲੱਤਾਂ ਨੂੰ ਥਪਕੀਆਂ ਈ ਮਾਰ ਦੇਵੇ। ਨਾੜਾਂ ਕੁਝ ਤਾਂ ਆਪਣਾ ਕੱਸ ਢਿਲਾ ਕਰਨ।

"ਫੋਨ ਕੀਹਦਾ ਸੀ ?" ਮੈਂ ਕੌਫੀ ਦੀ ਪਿਆਲੀ ਰੱਖਦੀ ਕੁਸ਼ਲਿਆ ਨੂੰ ਪੁੱਛਦੀ ਹਾਂ।

"ਕਿਸੇ ਮਰੀਜ਼ ਦਾ ਸੀ।"

"ਖੁਸ਼ੀਏ ਨੇ ਸੁਣਿਆ ਸੀ ?"

"ਹਾਂ ਜੀ।" ਆਖ ਕੇ ਉਹ ਸਿਰ ਨੀਵਾਂ ਕਰਕੇ ਟੁਰ ਗਈ ਏ। ਮੈਨੂੰ ਵੀ ਪਤਾ ਏ ਤੇ ਇਹਨੂੰ ਵੀ। ਇਹ ਮੇਰੀ ਕਰਾਈ ਜਾ ਰਹੀ ਸੀ. ਆਈ. ਡੀ. ਦਾ ਇਕ ਹਿੱਸਾ ਏ।

...ਏਸ ਵੇਲੇ ਫੋਨ ਅਕਸੇਰ ਪ੍ਰੋਫੈਸਰ ਥਾਪਰ ਦਾ ਈ ਆਉਂਦਾ ਹੁੰਦਾ ਏ। ਤੇ ਦੱਸਿਆ ਮੈਨੂੰ ਇਹੀ ਜਾਂਦਾ ਏ ਕਿ ਕਿਸੇ ਮਰੀਜ਼ ਦਾ ਸੀ।

ਜ਼ਰੂਰੀ ਨਹੀਂ ਕਿ ਥਾਪਰ ਮੇਰੇ ਕੋਲ ਆਉਣਾ ਚਾਹੁੰਦਾ ਹੋਵੇ ਜਾਂ ਮੈਨੂੰ ਆਪਣੇ ਕੋਲ ਬੁਲਾਉਣਾ ਚਾਹੁੰਦਾ ਹੋਵੇ।...ਉਹਨੇ ਐਵੇਂ ਕੋਈ ਗੱਲ ਕਰਨੀ ਹੁੰਦੀ ਏ, ਹਾਲ ਚਾਲ ਪੁੱਛਣਾ ਦੱਸਣਾ ਹੁੰਦਾ ਏ। ਕੱਲੀ ਜਾਨ ਏ, ਕੋਈ ਦੁੱਖ ਤਕਲੀਫ ਈ ਹੋ ਜਾਂਦੀ ਏ।...ਫੇਰ ਏਡੇ ਵੱਡੇ ਸ਼ਹਿਰ 'ਚ ਕਿੰਨੇ ਫੰਕਸ਼ਨ ਹੁੰਦੇ ਨੇ। ਰਾਗ ਰੰਗ ਦੇ ਸੰਮੇਲਨ ਹੁੰਦੇ ਨੇ। ਨਾਟਕ ਖੇਡੇ ਜਾਂਦੇ ਨੇ। ਪ੍ਰਦਰਸ਼ਨੀਆਂ ਲਗਦੀਆਂ ਨੇ।...ਪਰ ਮੈਂ ਏਸ ਕੋਠੀ 'ਚ ਕੈਦ ਹਾਂ। ਏਸ ਕੋਠੀ ਤੋਂ ਬਾਹਰ ਦੀ ਦੁਨੀਆਂ ਨਾਲ ਜੁੜਨ ਦਾ ਇਕੋ ਰਾਹ ਸੀ—ਟੈਲੀਫੋਨ—ਉਹ ਵੀ ਬੰਦ ਕਰ ਦਿੱਤਾ ਗਿਆ ਏ।

ਮੈਨੂੰ ਬਾਹਰਲੀ ਦੁਨੀਆਂ ਨਾਲੋਂ ਤੋੜਨ ਦਾ ਕੰਮ ਡਾਕਟਰ ਨੇ ਏਨਾ ਨਹੀਂ ਕੀਤਾ, ਜਿੰਨਾ ਮੈਂ ਆਪ ਆਪਣੀ ਜ਼ਿੱਦ ਨਾਲ ਕੀਤਾ ਹੋਇਆ ਏ। ਮੈਂ ਇਹਨਾਂ ਦੇ ਸਿਰ ਚੜ੍ਹ ਕੇ ਕੈਦ ਹਾਂ। ...ਪਹਿਲਾਂ ਮੈਂ ਅੜ ਕੇ ਬਾਹਰ ਨਿਕਲਦੀ ਹੁੰਦੀ ਸੀ।

ਜੇ ਮੈਂ ਏਸ ਕੈਦ ਦੇ ਬੰਧਨ ਤੋੜ ਦਿਆਂ। ਥਾਪਰ ਨਾਲ ਘੁੰਮਾਂ ਫਿਰਾਂ, ਯਾਨੀ ਆਪਣੀ ਮਰਜ਼ੀ ਨਾਲ ਜੀਵਾਂ ਤਾਂ ਡਾਕਟਰ ਦਾ ਮਰਨ ਹੁੰਦਾ ਏ। ਮੇਰੇ ਘਰ ਮੁੜਦਿਆਂ ਈ ਡਾਕਟਰ ਤੇ ਡਾਕਟਰਨੀ ਮੇਰੇ ਸਾਹਮਣੇ ਖਲੋ ਜਾਂਦੇ ਨੇ। ਉਹਨਾਂ ਦੀਆਂ ਅੱਖਾਂ ਪਾਟਦੀਆਂ ਨੇ, ਨਾਸਾਂ ਫਰਕਦੀਆਂ ਨੇ।...ਮੂੰਹ ਖੁਲ੍ਹਦੇ ਨੇ...'ਲੋਕੀਂ ਕੀ ਕੀ ਗੱਲਾਂ ਕਰਦੇ ਨੇ। ਅਸੀਂ ਸ਼ਰਮ ਨਾਲ ਮਰੇ ਜਾਂਦੇ ਹਾਂ।'

ਮੈਂ ਉਹਨਾਂ ਦੀ ਗੱਲ ਸੁਣਨ ਲਈ ਕੁਝ ਸੈਕਿੰਡ ਲਈ ਰੁਕਦੀ ਹਾਂ। ਫੇਰ ਆਪਣੇ ਕਮਰੇ 'ਚ ਜਾ ਕੇ ਆਪਣਾ ਮੁਰਦਾ ਬੈੱਡ 'ਤੇ ਸੁੱਟ ਲੈਂਦੀ ਹਾਂ।

ਪਰ ਮੈਂ ਇਹ ਸੀਨ ਦੁਹਰਾਣਾ ਨਹੀਂ ਚਾਹੁੰਦੀ। ......ਕਿਉਂ ਕਿ ਇਹ ਗੱਲ ਸੁਣਨੀ ਸੌਖੀ ਏ। ਦੱਸਣ ਵੇਲੇ ਵੀ ਸ਼ਾਇਦ ਏਨਾ ਮਰਨਾ ਨਾ ਪੈਂਦਾ ਹੋਵੇ, ਪਰ ਜਿਸ 'ਤੇ ਬੀਤਦੀ ਏ ?...ਕੋਈ ਸੋਚ ਕੇ ਵੇਖੇ।...ਮਾਂ ਕੋਠੀ 'ਚ ਵੜਦੀ ਏ। ਕੁੱਖੋਂ ਜੰਮਿਆ ਪੁੱਤਰ ਤੇ ਹੱਥੀਂ ਵਿਆਹ ਕੇ ਲਿਆਂਦੀ ਨੂੰਹ ਸਾਹਮਣੇ ਖੜ੍ਹੇ ਨੇ। ਉਹ ਸ਼ਬਦ ਜ਼ਰਾ ਸੁਸ਼ੀਲ ਜਿਹੇ ਵਰਤ ਕੇ ਮਾਂ 'ਤੇ ਆਵਾਰਾ ਤੇ ਬਦਚਲਣ ਹੋਣ ਦਾ ਦੂਸ਼ਨ ਲਾਉਂਦੇ ਨੇ। ਇਹ ਕੁਝ ਹੁੰਦਿਆਂ ਭਾਵੇਂ ਕੋਈ ਨੌਕਰ ਸਾਹਮਣੇ ਨਹੀਂ ਹੁੰਦਾ, ਪਰ ਉਹਨਾਂ ਤੱਕ ਆਵਾਜ਼ ਤੇ ਪਹੁੰਚ ਈ ਜਾਂਦੀ ਏ।

ਬਹੁਤ ਪਹਿਲਾਂ ਦੀ ਗੱਲ ਏ, ਡਾਕਟਰ ਨਿੱਕਾ ਜਿਹਾ ਸੀ। ਇਹਦੇ ਡੈਡੀ ਕਾਫੀ ਰਾਤ ਗਿਆਂ ਦੁਕਾਨ ਤੋਂ ਆਉਂਦੇ। ਖਾਣਾ ਖਾਂਦਿਆਂ ਨੂੰ ਦਸ ਵੱਜ ਜਾਂਦੇ। ਇਹ ਅਚਾਨਕ ਜਾਗ ਪੈਂਦਾ। ਕਪੂਰ ਸਾਹਿਬ ਦੁੱਖ ਤੇ ਖਿਝ ਨਾਲ ਮੇਰੇ ਵੱਲ ਵੇਖਦੇ। ਹੌਲੀ ਜਿਹੇ ਪੁਛਦੇ, "ਇਹ ਸੌਂ ਨਹੀਂ ਸਕਦਾ ?"

"ਸੌਂਵੇਗਾ, ਜਦ ਨੀਂਦ ਆਵੇਗੀ।" ਮੈਂ ਉਹਨਾਂ ਦੀ ਪਰੇਸ਼ਾਨੀ ਤੋਂ ਜ਼ਰਾ ਸੁਆਦ ਲੈਂਦੀ ਕਹਿੰਦੀ।

"ਕਦੇ ਕਦੇ ਮੇਰਾ ਦਿਲ ਕਰਦੈ, ਉਹ ਮੈਨੂੰ ਦਿਲ ਦੀ ਗੱਲ ਦੱਸਦੇ, ਇਹਨੂੰ ਫੀਮ ਖੁਆ ਕੇ ਸੁਆ ਦਿਆਂ। ਤੇ ਫੇਰ ਆਪਾਂ ਦੋਵੇਂ ਹੋਈਏ, ਕੱਲੇ ਏਸ ਕਮਰੇ 'ਚ।"...ਉਦੋਂ

ਉਹ ਆਪਣੇ ਨਿੱਕੇ ਜਿਹੇ ਪੁੱਤਰ ਤੋਂ ਆਜ਼ਾਦੀ ਮੰਗਦੇ ਸਨ, ਤੇ ਹੁਣ ਮੈਂ ਏਸ ਜਵਾਨ ਸੂਝਵਾਨ ਬੇਟੇ ਤੋਂ ।

ਮੈਂ ਉਦੋਂ ਕਪੂਰ ਸਾਹਿਬ ਦੀ ਗੱਲ ਸਮਝਦੀ ਸੀ, ਪਰ ਓਸ ਮਾਨਸਿਕਤਾ ਨੂੰ ਏਸ ਤਰ੍ਹਾਂ ਮਹਿਸੂਸ ਨਹੀਂ ਕਰ ਸਕਦੀ ਸੀ, ਜਿਵੇਂ ਹੁਣ ਕਰਦੀ ਹਾਂ ।...ਮੈਨੂੰ ਕਪੂਰ ਸਾਹਿਬ ਦੇ ਦੇਹਾਂਤ ਤੋਂ ਬਾਅਦ ਈ ਪਤਾ ਲੱਗਾ ਸੀ, ਪਈ ਬੰਦਾ ਆਪਣੇ ਬੱਚਿਆਂ ਨਾਲ ਕਿੰਨੀ ਸ਼ਿਦਤ ਨਾਲ ਜੁੜਦਾ ਏ, ਤੇ ਕਿੰਨੀ ਸ਼ਿੱਦਤ ਨਾਲ ਉਹਨਾਂ ਤੋਂ ਵੱਖ ਹੋਣਾ ਚਾਹੁੰਦਾ ਏ ।...ਤੇ ਔਰਤ ਕਿੰਨੀ ਕੁ ਆਜ਼ਾਦੀ ਨਾਲ ਸਾਹ ਲੈ ਸਕਦੀ ਏ ।...ਜਦ ਸੋਚਦੀ ਹਾਂ ਤਾਂ ਮਨ 'ਚ ਖਿਝ ਜਿਹੀ ਉਠਦੀ ਏ । ਦਿਲ ਕਰਦਾ ਏ ਪਈ ਸ਼ਹਿਰ ਦੀਆਂ ਸਾਰੀਆਂ ਵਿਧਵਾ ਔਰਤਾਂ ਨੂੰ ਕੱਠੀਆਂ ਕਰਕੇ ਫੈਸਲਾ ਕਰਾਵਾਂ, ਪਈ ਜਦ ਵੀ ਕੋਈ ਵਿਧਵਾ ਔਰਤ ਮਰੇ, ਸਾਰੀਆਂ ਵਿਧਵਾ ਔਰਤਾਂ ਖੁਸਰਿਆਂ ਵਾਂਗ ਉਹਦੇ ਮੁਰਦੇ ਦੇ ਸਿਰ ਵਿੱਚ ਜੁੱਤੀਆਂ ਮਾਰਨ । ਤੇ ਆਖਣ... ਇਸਤਰੀ ਦੀ ਜੂਨ ਨਾ ਆਈਂ । ਜੇ ਆਈਂ ਤਾਂ ਪਤੀ ਨੂੰ ਨਾਲ ਲੈ ਕੇ ਜਾਈਂ ।

ਸੂਰਜ ਛਿਪ ਗਿਆ ਏ । ਹਵਾ 'ਚ ਠੰਢਕ ਵਧ ਗਈ ਏ । ਫੇਰ ਵੀ ਮੈਂ ਬਾਹਰ ਨਿਕਲ ਕੇ ਟਹਿਲਣ ਲੱਗ ਪਈ ਹਾਂ । ਚੰਗਾ ਲੱਗਦਾ ਏ, ਇਹੋ ਜਿਹੇ ਪਤਲੇ ਹਨੇਰੇ 'ਚ ਬੇਪਛਾਣ ਚਿਹਰਾ ਲਈ ਫਿਰਨਾ । ਦਿਨ ਦੇ ਚਾਨਣ 'ਚ ਫਿਰਨਾ ਹੁਣ ਚੰਗਾ ਨਹੀਂ ਲਗਦਾ ।

ਆਪਣੇ ਕਮਰੇ ਤੋਂ ਪਾਮ ਦੇ ਰੁਖ ਤੱਕ ਜਾਂਦੀ ਹਾਂ ਤੇ ਮੁੜ ਆਉਂਦੀ ਹਾਂ । ਏਸ ਪਾਮ ਦੇ ਬੂਟੇ ਦੀ ਥਾਂ ਪਹਿਲਾਂ ਏਥੇ ਆੜੂ ਦਾ ਰੁੱਖ ਹੁੰਦਾ ਸੀ । ਉਹ ਕਪੂਰ ਸਾਹਿਬ ਨੇ ਲਵਾਇਆ ਸੀ । ਮੈਨੂੰ ਉਹਦੇ ਫੁੱਲ ਚੰਗੇ ਲਗਦੇ ਸਨ । ਜਦ ਫੁਲਦਾ ਸੀ ਤਾਂ ਨੀਮ ਜਾਮਣੀ ਗੋਭਾਂ ਵਾਲੇ ਚਿੱਟੇ ਫੁੱਲਾਂ ਦੇ ਢੇਰ ਨੂੰ ਅਸਮਾਨ 'ਚ ਲਟਕਿਆ ਵੇਖ ਕੇ ਮਨ ਖਿੜ ਜਾਂਦਾ ਸੀ ।...ਉਹਨਾਂ ਦੇ ਦੇਹਾਂਤ ਤੋਂ ਬਾਦ ਸੈਨੀਟਰੀ ਫਿਟਿੰਗ ਦਾ ਸਾਰਾ ਸਾਮਾਨ ਵੇਚ ਦਿੱਤਾ ਗਿਆ ਸੀ । ਤੇ ਡਾਕਟਰ ਨੇ ਰੀਝਾਂ ਨਾਲ ਬਣਾਏ ਸਾਡੇ ਮਕਾਨ ਨੂੰ ਢਾ ਭੰਨ ਕੇ ਇਹ ਕੋਠੀ ਬਣਾ ਲਈ ਸੀ । ਤੇ ਆੜੂ ਦਾ ਉਹ ਰੁੱਖ ਪੁਟਵਾ ਕੇ ਇਹ ਪਾਮ ਦਾ ਬੂਟਾ ਲਗਵਾ ਲਿਆ ਸੀ । ਉਦੋਂ ਸਿਰਫ ਤਿੰਨ ਕਮਰੇ ਸਨ, ਹੁਣ ਛੇ ਨੇ । ਜਿਨ੍ਹਾਂ ਵਿਚ ਡਾਕਟਰ ਦਾ ਕਲੀਨਿਕ ਵੀ ਏ । ਇਹ ਕਾਰੀਡੋਰ ਤੇ ਡਾਇਨਿੰਗ ਹਾਲ ਨਵੇਂ ਬਣਵਾਏ ਗਏ ਨੇ । ਤਿੰਨਾਂ ਵੱਡੇ ਕਮਰਿਆ ਦੇ ਨਾਲ ਅਟੈਚਡ ਟਾਇਲਟ ਨੇ । ਮੇਰਾ ਕਮਰਾ ਵੀ ਪਹਿਲਾਂ ਨਾਲੋਂ ਕਿਤੇ ਵੱਧ ਹਵਾਦਾਰ ਤੇ ਰੋਸ਼ਨੀ ਵਾਲਾ ਏ । ਅਟੈਚਡ ਵੱਡੇ ਟਾਇਲਟ 'ਚ ਵੱਡਾ ਸ਼ੀਸ਼ਾ, ਗੀਜ਼ਰ, ਬਾਥ ਟੈਂਕ ਸਮੇਤ ਸੁਖ ਸੁਵਿਧਾ ਦਾ ਸਾਰਾ ਸਾਮਾਨ ਏ ।

ਟੈਲੀਫੋਨ ਦੀ ਘੰਟੀ ਫੇਰ ਵੱਜੀ ਏ । ਮੈਂ ਚਾਹੁੰਦੀ ਹਾਂ ਕਿ ਆਪ ਸੁਣਾਂ ਕਿ ਕੌਣ ਏ । ਫੋਨ ਕਾਰੀਡੋਰ ਤੇ ਕਲੀਨਿਕ ਦੀ ਵਿਚਕਾਰਲੀ ਦੀਵਾਰ 'ਚ ਬਣੀ ਇਕ ਵਿੰਡੋ 'ਚ ਪਿਆ ਏ ।

ਮੇਰੇ ਜਾਣ ਤੋਂ ਪਹਿਲਾਂ ਈ ਖੁਸ਼ੀਏ ਨੇ ਰਿਸੀਵਰ ਚੁਕ ਲਿਆ ਏ । ਰਿਸੀਵਰ ਰੱਖਣ 'ਤੇ ਮੈਂ ਉਹਦੇ ਮੂੰਹ ਵੱਲ ਵੇਖਦੀ ਹਾਂ ਤਾਂ ਉਹਦਾ ਉਹੀ ਜਵਾਬ ਮਿਲਦਾ ਏ...'ਕੋਈ ਮਰੀਜ਼ ਸੀ, ਡਾਕਟਰ ਜੀ ਨੂੰ ਪੁੱਛਦਾ ਸੀ ।'

ਮੈਨੂੰ ਪਤਾ ਏ, ਉਹਦਾ ਇਹੀ ਜਵਾਬ ਹੋਣਾ ਏ । ਹਰੇਕ ਝੂਠ ਬੋਲਦਾ ਏ...ਕਮੀਨਾ, ਘਟੀਆ...

ਮੈਂ ਗਮਲੇ ਦੇ ਦੁਆਲੇ ਸੀਮਿੰਟ ਨਾਲ ਬਣੇ ਗੋਲ ਮੇਜ਼ ਕੋਲ ਡਿੱਠੀ ਕੁਰਸੀ 'ਤੇ ਬਹਿ ਜਾਂਦੀ ਹਾਂ । ਮੇਰਾ ਮੂੰਹ ਗੇਟ ਵੱਲ ਏ, ਤੇ ਕੰਨ ਟੈਲੀਫੋਨ ਦੀ ਘੰਟੀ ਵੱਲ ।...ਏਸ ਵੇਲੇ ਪ੍ਰੋਫੈਸਰ ਥਾਪਰ ਆਪਣੇ ਕਮਰੇ ਵਿਚ ਆਰਾਮ ਕੁਰਸੀ 'ਤੇ ਅਧਲੇਟਿਆ ਹੋਵੇਗਾ । ਉਹਦੀਆਂ ਮੋਟੀਆਂ ਮੋਟੀਆਂ ਅੱਖਾਂ ਵਿਚੋਂ ਹੰਝੂ ਨਿਕਲ ਨਿਕਲ ਕੇ ਉਹਦੀਆਂ ਕਨਪਟੀਆਂ ਦੇ ਖਿਚੜੀ ਹੋਏ ਵਾਲਾਂ ਵਿਚੀਂ ਵਗ ਰਹੇ ਹੋਣਗੇ ।...ਇਹ ਕੀ ਏ ? ਕਦੇ ਤਨਹਾਈ ਕਿੰਨਾ ਸੁਖ ਦੇਂਦੀ ਏ ਤੇ ਕਦੇ ਕਿੰਨਾ ਦੁੱਖ ।...ਮੈਂ ਕੀ ਕਰ ਸਕਦੀ ਹਾਂ ?...ਉਹ ਇਨਸਾਨ ਏ, ਦੁੱਖ ਦਰਦ ਝੱਲਦਾ ਏ । ਮੈਂ ਵੀ ਇਨਸਾਨ ਹਾਂ ।...ਫੇਰ ਜਾਨਵਰ ਕੌਣ ਏ ? ਡਾਕਟਰ ?...ਡਾਕ-ਟਰਨੀ ?...ਕੀ ਘਟੀਆਪਣ ਏ ? ...ਮੇਰਾ ? ...ਥਾਪਰ ਦਾ ?...ਬੇਟੇ ਦਾ ਜਾਂ ਸਮਾਜ ਦਾ ?...ਸਮਾਜ...ਸਮਾਜ...ਬਕਵਾਸ...ਬਕ...

ਹਵਾ ਦੇ ਨਾਲ ਮਹਿੰਦੀ ਦੇ ਫੁੱਲਾਂ ਦੀ ਖੁਸ਼ਬੂ ਆਈ ਏ । ਦਵਾਈਆਂ ਦੀ ਬਾਸ ਦੇ ਵਿਚ ਇਹਦਾ ਆਉਣਾ ਕਿੰਨਾਂ ਚੰਗਾ ਲਗਦਾ ਏ । ...ਗੇਟ ਕੋਲ ਮਹਿੰਦੀ ਦਾ ਬੂਟਾ ਏ । ਜਿਹੜਾ ਮੈਂ ਕੱਟਣ ਤੋਂ ਜ਼ਿਦ ਨਾਲ ਬਚਾ ਕੇ ਰੱਖਿਆ ਹੋਇਆ ਏ । ਇਹ ਵੀ ਕਪੂਰ ਸਾਹਬ ਨੇ ਹੀ ਲੁਆਇਆ ਸੀ । ਜਦ ਮੈਂ ਇੱਥੇ ਬਹਿੰਦੀ ਹਾਂ ਤਾਂ ਭਿੰਨੀ ਭਿੰਨੀ ਖੁਸ਼ਬੂ ਆਉਂਦੀ ਏ । ...ਪਰ ਇਹਦੀ ਖੁਸ਼ਬੂ ਹੋਰ ਕਿਸੇ ਨੂੰ ਨਹੀਂ ਆਉਂਦੀ । ਮੈਂ ਜਦ ਵੀ ਬੇਟੇ ਤੇ ਨੂੰਹ ਨਾਲ ਇਹਦੀ ਗੱਲ ਕਰਦੀ ਹਾਂ ਤਾਂ ਉਹ ਇਹਨੂੰ ਮੇਰਾ ਵਹਿਮ ਸਮਝਦੇ ਨੇ । ਬੇਟੇ ਨੇ ਤਾਂ ਇਕ ਦਿਨ ਇਥੋਂ ਤਕ ਪੁੱਛ ਲਿਆ ਸੀ, "ਮੰਮੀ, ਤੁਹਾਨੂੰ ਹੁਣ ਸਾਜ ਨਹੀਂ ਸੁਣੀਂਦੇ, ਬਜਦੇ ?"

ਮੈਂ ਖਿਝ ਗਈ ਸੀ । ਉਠ ਕੇ ਆਪਣੇ ਕਮਰੇ ਵਿਚ ਚਲੀ ਗਈ ਸੀ । ...ਜਾ ਕੇ ਸੋਚਿਆ ਸੀ ਕਿ ਉਹਦੀ ਗੱਲ ਵੀ ਕਾਫ਼ੀ ਠੀਕ ਏ । ...ਇਕ ਵਾਰ ਮੈਨੂੰ ਪਤਾ ਨਹੀ ਕੀ ਹੋ ਗਿਆ ਸੀ । ਮੈਨੂੰ ਸਾਜ ਵਜਦੇ ਤੇ ਕੋਈ ਮਾਹੀਆ ਗਾਉਂਦਾ ਸੁਣਦਾ ਸੀ । ਉਹ ਮੇਰਾ ਵਹਿਮ ਈ ਸੀ । ਜਿਵੇਂ ਪਾਮ ਦੇ ਬੂਟੇ ਹੇਠਾਂ ਚਿੱਟੀ ਗਿਲਤੀ ਵਾਲਾ ਸਾਧੂ ਦਿਸਦਾ ਏ ।

ਇਹ ਮੇਰਾ ਉਹੀ ਬੇਟਾ ਏ ? ਜਿਹਦੇ ਜ਼ਰਾ ਕੁ ਬੀਮਾਰ ਹੋਣ 'ਤੇ ਮੇਰੀ ਜਾਨ ਨੂੰ ਬਣ ਜਾਂਦੀ ਸੀ । ਜੀਹਦੀਆਂ ਇਕ ਵਾਰੀ ਅੱਖਾਂ ਆਉਣ ਤੇ ਮੈਂ ਪਰਮਾਤਮਾ ਅੱਗੇ ਸੱਚੇ ਦਿਲੋਂ ਆਪਣੀਆਂ ਅੱਖਾਂ ਵਾਰਨ ਦੀ ਪ੍ਰਾਰਥਨਾ ਕੀਤੀ ਸੀ । ...ਇਹ ਜਦ ਮੈਡੀਕਲ ਕਾਲਿਜ ਗਿਆ ਸੀ ਤਾਂ ਇਹਦੇ ਵਿਯੋਗ 'ਚ ਮੈਨੂੰ ਬੁਖਾਰ ਹੋ ਜਾਂਦਾ ਸੀ । ... ਮੈਨੂੰ ਹੁਣ ਵੀ ਯਾਦ ਏ ਇਹਦਾ ਉਹ ਚੇਹਰਾ, ਜਦ ਇਹਨੂੰ ਹੋਸਟਲ 'ਚ ਦਾਖਲ ਕਰਾ ਕੇ ਭੇਜਿਆ ਗਿਆ ਸੀ । ਇਹਦਾ ਕਾਲੇ ਲੂਆਂ ਵਾਲਾ ਚੇਹਰਾ ਮੈਨੂੰ ਇੰਝ ਦੇਖਦਾ ਰਿਹਾ ਸੀ ਜਿਵੇਂ ਕੁੜੀ ਸੌਹਰੇ ਜਾਂਦੀ ਹੋਵੇ । ਟੁਰਨ ਲਗਿਆ ਤਾਂ ਇਹ ਮੇਰੀ ਛਾਤੀ 'ਚ ਮੂੰਹ ਖੁਭਾ ਕੇ ਰੋ ਈ ਪਿਆ ਸੀ।...ਹੁਣ ਉਹ ਬੇਟਾ ਕਿਥੇ ਗਿਆ ?...ਹੁਣ ਸੋਚਦੀ ਹਾਂ, ਇਹ ਮੇਰਾ ਬੇਟਾ ਏ ? ਮੈਂ ਇਹਨੂੰ ਇਹਦੇ ਪਿਓ ਦੀਆਂ ਰੋਕਾਂ ਦੇ ਬਾਵਜੂਦ ਖੁਲ੍ਹਾਂ ਲੈ ਕੇ ਦਿੱਤੀਆਂ ਸਨ । ਵਾਲ ਅਜੀਬ ਢੰਗ ਨਾਲ ਕਟਵਾਣ, ਕਦੇ ਖੁਲ੍ਹੀਆਂ ਤੇ ਕਦੇ ਭੀੜੀਆਂ ਮੁਹਰੀਆਂ ਦੀਆਂ ਪੈਂਟਾਂ ਪਾਉਣ

ਦਿਤੀਆਂ ਸਨ । ਡਾਕਟਰਨੀ ਨੇ ਜਦ ਵਾਲ ਕਟਵਾਏ ਸਨ ਤਾਂ ਮੈਂ ਕੋਈ ਏਤਰਾਜ਼ ਨਹੀਂ ਸੀ ਕੀਤਾ । ਹੁਣ ਇਹ ਚਿਟੇ ਕੋਟ ਪਾਕੇ ਮੈਨੂੰ ਉਸ ਸਮੇਂ ਦੀ ਔਰਤ ਸਮਝਦੇ ਨੇ, ਜੀਹਨੂੰ ਜੂਏ 'ਚ ਹਾਰਿਆ ਜਾ ਸਕਦਾ ਏ । ਜੀਹਨੂੰ ਕੰਡਮ ਕਰਕੇ ਪੁਰਾਣੇ ਸਟੋਰ 'ਚ ਰਖਿਆ ਜਾਣਾ ਚਾਹੀਦਾ ਏ ।

ਕੀ ਮੈਂ ਕਦੇ ਸੋਚ ਸਕਦੀ ਸੀ ਕਿ ਮੇਰਾ ਬੇਟਾ ਮੇਰੇ ਤੇ ਈ ਸ਼ਕ ਕਰੇਗਾ ? ਕਿੰਨੀ ਕਮੀਨਗੀ ਏ, ਪਾਪ ਵਰਗੀ । ...ਮੈਂ ਥਾਪਰ ਨੂੰ ਮਿਲਦੀ ਹਾਂ, ਮਿਲਣਾ ਚਾਹੁੰਦੀ ਹਾਂ । ਉਹਦੇ ਨਾਲ ਸ਼ਾਮ ਗੁਜ਼ਾਰਦੀ ਸੀ । ਕੌਫੀ ਹਾਊਸ 'ਚ ਬੈਠਦੀ ਸੀ । ਪਰ ਇਹਦਾ ਮਤਲਬ ਇਹ ਤੇ ਨਹੀਂ ...ਸਭ ਬਕਵਾਸ ਏ ।

ਕਦੇ ਕਦੇ ਦਿਲ ਕਰਦਾ ਏ, ਫੋਨ ਕਰਕੇ ਥਾਪਰ ਨੂੰ ਬੁਲਾਵਾਂ । ਆਪਣੇ ਕਮਰੇ 'ਚ ਬਿਠਾਵਾਂ । ਤੇ ਜਦ ਡਾਕਟਰ ਤੇ ਡਾਕਟਰਨੀ ਬੂਹੇ ਤੇ ਖੜ੍ਹੇ ਹੋਣ, ਮੈਂ ਥਾਪਰ ਦੇ ਨਾਲ ਟੁਰਦੀ ਗੇਟ ਤੋਂ ਬਾਹਰ ਨਿਕਲ ਜਾਵਾਂ । ਫੇਰ ਜਦ ਦਿਲ ਕਰ ਘਰ ਮੁੜਾਂ ।

ਪਰ ਇੰਝ ਕਦੇ ਨਹੀਂ ਹੋਇਆ । ...ਜਿਹੜਾ ਹੋਇਆ ਸੀ ਉਹਦਾ ਕਿਸੇ ਨੂੰ ਕੀ ਪਤਾ । ਉਹਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ । ...ਜੋ ਹੋਇਆ ਉਹ ਮੈਂ ਨਹੀਂ ਸੀ ਕੀਤਾ, ਮੈਥੋਂ ਹੋ ਗਿਆ ਸੀ । ਕਿਸੇ ਦੇਵੀ ਸ਼ਕਤੀ ਨੇ ਮੈਥੋਂ ਕਰਵਾ ਦਿਤਾ ਸੀ ।

ਬਹੁਤ ਪਹਿਲਾਂ ਦੀ ਗਲ ਏ । ਡਾਕਟਰ ਬਹੁਤ ਛੋਟਾ ਸੀ । ਹਾਲੇ ਸਕੂਲ ਜਾਣ ਈ ਲਗਾ ਸੀ ।...ਸਾਡੀ ਦੁਕਾਨ ਦਾ ਇਕ ਸੇਲਜ਼ਮੈਨ ਮੇਰੀ ਜ਼ਿੰਦਗੀ 'ਚ ਅਚਾਨਕ ਦਾਖਲ ਹੋ ਕੇ ਅਚਾਨਕ ਈ ਨਿਕਲ ਗਿਆ ਸੀ ।...ਏਸ ਦਾਖਲ ਖਾਰਜ 'ਚ ਨਾ ਉਹਦਾ ਹਥ ਸੀ ਤੇ ਨਾ ਈ ਮੇਰਾ ।

ਸ਼ਾਮ ਲਾਲ ਕਿਸੇ ਕਸਬੇ ਤੋਂ ਆਇਆ ਗਰੀਬ ਆਦਮੀ ਸੀ । ਉਹ ਵਿਆਹਿਆ ਹੋਇਆ ਸੀ ਤੇ ਉਹਦੇ ਬੱਚੇ ਵੀ ਸਨ । ਸਾਂਵਲੇ ਜਿਹੇ ਰੰਗ ਦੇ ਉਸ ਨੌਜਵਾਨ ਦੀ ਸ਼ਕਲ ਸੂਰਤ ਕੋਈ ਖਾਸ ਨਹੀਂ ਸੀ । ਉਹ ਰੋਜ਼ ਦੁਪਹਿਰ ਨੂੰ ਕਪੂਰ ਸਾਹਿਬ ਲਈ ਟਿਫਨ-ਕੈਰੀਅਰ ਲੈਣ ਆਉਂਦਾ ਸੀ । ਪੁਸ਼ਪਾ ਜਿਹੜੀ ਉਦੋਂ ਸਾਡੀ ਨੌਕਰਾਣੀ ਸੀ, ਦੇ ਖਾਣਾ ਪੈਕ ਕਰਨ ਤਕ ਸ਼ਾਮ ਲਾਲ ਡਰਾਇੰਗ ਰੂਮ 'ਚ ਬੈਠਾ ਰਹਿੰਦਾ । ਮੈਂ ਘਰ 'ਚ 'ਕੱਲੀ ਅੱਕੀ ਬੈਠੀ, ਉਹਦੇ ਨਾਲ ਗੱਲਾ ਕਰਨ ਲਗ ਪੈਂਦੀ ।

ਉਹਨੂੰ ਲਗਾਤਾਰ ਵੇਖਦਿਆਂ ਮੈਨੂੰ ਲਗਦਾ, ਉਹਦੇ 'ਚ ਕੋਈ ਗਲ ਏ ਜਿਹੜੀ ਮੈਨੂੰ ਆਪਣੇ ਵਲ ਖਿਚਦੀ ਏ । ਪਰ ਉਹ ਕੀ ਏ ਮੈਨੂੰ ਸਮਝ ਨਾ ਆਉਂਦੀ । ...ਮੈਂ ਸੁਆਮੀ ਵਿਵੇਕਾਨੰਦ ਬਾਰੇ ਪੜ੍ਹਿਆ ਸੀ ਕਿ ਯੋਰਪ 'ਚ ਔਰਤਾਂ ਉਸ ਸਨਿਆਸੀ ਨੂੰ ਵੇਖ ਕੇ ਪਾਗਲ ਹੋ ਜਾਂਦੀਆਂ ਸਨ । ਉਹਦੇ ਪਿਛੇ ਉਠ ਟੁਰਦੀਆਂ ਸਨ । ਇਕ ਵਾਰ ਇਕ ਔਰਤ ਨੇ ਰਾਤ ਨੂੰ ਉਨ੍ਹਾਂ ਕੋਲ ਆ ਕੇ ਕਿਹਾ ਸੀ...'ਸੁਆਮੀ, ਮੈਂ ਚਾਹੁੰਦੀ ਹਾਂ ਕਿ ਮੇਰੇ ਤੁਹਾਡੇ ਵਰਗਾ ਬੇਟਾ ਹੋਵੇ ।' ਤਾਂ ਸੁਆਮੀ ਨੇ ਅੰਤਾਂ ਦੀ ਸ਼ਰਧਾ ਤੇ ਪਿਆਰ ਨਾਲ ਕਿਹਾ ਸੀ, 'ਮਾਤਾ ਤੂੰ ਮੈਨੂੰ ਆਪਣਾ ਬੇਟਾ ਸਮਝ ਲੈ ।' ...ਫਜ਼ੂਲ ਰਿਵਾਇਤੀ ਜਿਹਾ ਜਵਾਬ...

ਸ਼ਾਮ ਲਾਲ ਨੂੰ ਵੇਖ ਕੇ ਮੈਨੂੰ ਸੁਆਮੀ ਵਿਵੇਕਾਨੰਦ ਦੀ ਯਾਦ ਆ ਜਾਂਦੀ ਸੀ । ਸੁਆਮੀ ਬਹੁਤ ਸੁੰਦਰ ਸੀ, ਪਰ ਸ਼ਾਮ ਲਾਲ ਨਹੀਂ ਸੀ । ...ਉਹਨੀਂ ਦਿਨੀਂ ਮੈਨੂੰ ਅਕਸਰ

ਇਕ ਸੁਫਨਾ ਦਿਸਿਆ ਕਰਦਾ ਸੀ। ...ਜੰਗਲ 'ਚ ਇਕ ਹਿਰਨ ਦਿਸਦਾ। ਹਿਰਨ ਨਹੀਂ ਜਿਵੇਂ ਹਿਰਨ ਦਾ ਬੱਚਾ ਹੋਵੇ। ਮੈਨੂੰ ਉਹਦਾ ਜਿਸਮ ਘਟ ਦਿਸਦਾ, ਜਿਸਮ ਚੋਂ ਨਿਕਲਦੀ ਚਮਕ ਵਧ ਦਿਸਦੀ। ਮੈਂ ਉਹਨੂੰ ਫੜਨ ਲਈ ਉਹਦੇ ਪਿਛੇ ਭਜਦੀ। ਜਿਉਂ ਜਿਉਂ ਮੈਂ ਉਹਦੇ ਨੇੜੇ ਹੁੰਦੀ ਜਾਂਦੀ, ਉਹਦਾ ਕਦ ਘਟਦਾ ਜਾਂਦਾ। ਹੌਲੀ ਹੌਲੀ ਉਹ ਜ਼ਮੀਨ ਤੇ ਰੀਂਗ ਕੇ ਚਲਣ ਵਾਲਾ ਚਾਰ ਪੈਰਾਂ ਵਾਲਾ ਜਾਨਵਰ ਬਣਦਾ ਜਾਂਦਾ। ਜਦ ਉਹ ਮੇਰੇ ਹਥ 'ਚ ਆਉਂਦਾ ਤਾਂ ਬਦਸ਼ਕਲ ਜਿਹਾ ਨਿਉਲਾ, ਚੂਹਾ ਜਾਂ ਕੋਹੜ ਕਿਰਲਾ ਜਿਹਾ ਬਣ ਜਾਂਦਾ ਜਿਹਦੇ ਜਿਸਮ ਨੂੰ ਹਥ ਲਗਦਿਆਂ ਈ ਕਚਿਆਣ ਜਿਹੀ ਆਉਂਦੀ। ਮੈਂ ਉਸ ਚਿਪ ਚਿਪ ਕਰਦੇ ਜਿਸਮ ਵਾਲੇ ਜਾਨਵਰ ਨੂੰ ਪਰੇ ਵਗਾਹ ਮਾਰਦੀ। ਉਹ ਪਰੇ ਜਾ ਡਿਗਦਾ ਤਾਂ ਵੀ ਮੈਨੂੰ ਗੰਦਗੀ ਜਿਹੀ ਦਾ ਅਹਿਸਾਸ ਰਹਿੰਦਾ। ਤੇ ਘਬਰਾਹਟ 'ਚ ਮੇਰੀ ਅੱਖ ਖੁਲ੍ਹ ਜਾਂਦੀ।

ਸ਼ਾਮ ਲਾਲ 'ਚ ਉਸ ਹਿਰਨ ਵਰਗੀ ਖਿਚ ਸੀ। ਮੈਨੂੰ ਬੇਵਸ ਕਰਨ ਵਾਲੀ ਤੇ ਭੈਭੀਤ ਕਰਨ ਵਾਲੀ। ...ਉਹ ਗਲਾਂ ਕਰਦਾ ਤਾਂ ਲਗਦਾ, ਬਹੁਤਾ ਪੜ੍ਹਿਆ ਲਿਖਿਆ ਹੋਇਆ ਨਹੀਂ। ਪਰ ਜਦ ਉਹ ਆਪਣੀ ਠੰਢੀ ਜਿਹੀ ਆਵਾਜ਼ ਨਾਲ ਕੋਈ ਆਪਣਾ ਨਿਜੀ ਅਨੁਭਵ ਦਸਦਾ ਤਾਂ ਲਗਦਾ ਉਹਦੀ ਗਲ 'ਚ ਬਹੁਤ ਦਾਨਾਈ ਤੇ ਡੂੰਘਾਈ ਏ। ਉਹਦੇ ਨਾਲ ਗਲਾਂ ਕਰਕੇ ਮੇਰੇ ਮਨ 'ਚ ਉਹਦੇ ਲਈ ਦੋ ਵਿਸ਼ੇਸ਼ਨ ਪੈਦਾ ਹੋਏ ਸਨ... ਓਰਿਜਨਲ ਐਂਡ ਅਨਐਡਲਟ੍ਰੇਟਿਡ।' ...ਉਹਦੇ ਦਿਲ 'ਚ ਤੇ ਉਹਦੇ ਸ਼ਬਦਾਂ 'ਚ ਕੋਈ ਵਲ ਛਲ ਨਹੀਂ ਸੀ।

ਜਦ ਇਹ ਗਲ ਮਨ 'ਚ ਪੈਦਾ ਹੁੰਦੀ ਸੀ ਤਾਂ ਮੈਂ ਆਪਣੇ ਆਪ ਨੂੰ ਬਹੁਤ ਸਮਝਾਂਦੀ ਹੁੰਦੀ ਸੀ...ਮੂਰਖ ਨਾ ਬਣ। ਇਹ ਕੋਈ ਛਲਾਵਾ ਏ। ...ਛਲਾਵਾ ਈ ਸੀ। ਉਹੀ ਨਹੀਂ ਉਹਦੇ ਨਾਲ ਜੁੜੀ ਉਹ ਸਾਰੀ ਸੋਚ, ਉਸ ਸੋਚ ਦਾ ਸਾਰਾ ਵਾਤਾਵਰਣ।

ਇਕ ਦਿਨ ਉਹ ਖਾਣਾ ਲੈਣ ਆਇਆ। ਪੁਸ਼ਪਾ ਘਰ ਨਹੀਂ ਸੀ। ਮੈਂ ਖਾਣਾ ਪੈਕ ਕਰਕੇ ਲਿਆਈ ਤਾਂ ਦਿਲ ਬੁਰੀ ਤਰ੍ਹਾਂ ਧੜਕ ਰਿਹਾ ਸੀ, ਜਿਵੇਂ ਕੋਈ ਅਣਹੋਣੀ ਹੋਣੀ ਹੋਵੇ। ਮੈਂ ਖਾਣਾ ਮੇਜ਼ ਤੇ ਰਖ ਦਿਤਾ ਤੇ ਸੋਫੇ ਤੇ ਬਹਿ ਗਈ। ਮੈਨੂੰ ਕਰਨ ਲਈ ਕੋਈ ਗਲ ਨਹੀਂ ਸੀ ਸੁਝ ਰਹੀ। ਜੇ ਕੋਈ ਬੇਮਤਲਬ ਜਿਹੀ ਸੁਝਦੀ ਵੀ ਸੀ ਤਾਂ ਮੂੰਹੋਂ ਨਹੀਂ ਨਹੀਂ ਸੀ ਨਿਕਲ ਰਹੀ...। ਸੁਆਮੀ ਵਿਵੇਕਾਨੰਦ ਮੇਰੇ ਸਾਹਮਣੇ ਸੋਫੇ ਤੇ ਬੈਠਾ ਸੀ। ...ਉਹਦਾ ਮੱਥਾ ਲਿਸ਼ਕ ਰਿਹਾ ਸੀ। ...ਉਹਨੇ ਉਠ ਕੇ ਟਿਫਨ ਕੈਰੀਅਰ ਨੂੰ ਹਥ ਪਾਇਆ ਤਾਂ ਮੈਨੂੰ ਲਗਾ, ਮੈਂ ਜੜ ਹੋ ਗਈ ਹਾਂ। ...ਫੇਰ ਪਤਾ ਨਹੀਂ ਕੀਹਨੇ ਮੇਰਾ ਹਥ ਉਠਾ ਕੇ ਉਹਦੇ ਹਥ ਤੇ ਰਖ ਦਿਤਾ। ਤੇ ਮੈਥੋਂ ਅਖਵਾ ਦਿਤਾ, 'ਰੁਕ ਜਾ।'

ਮੈਂ ਉਠ ਕੇ ਉਹਦਾ ਮਥਾ ਚੁੰਮ ਲਿਆ, ਜੀਹਦੇ ਵਿਚੋਂ ਲਿਸ਼ਕਾਂ ਨਿਕਲ ਰਹੀਆਂ ਸਨ। ਉਹਦੇ ਵਲ ਲਗਾਤਾਰ ਵੇਖਦਿਆਂ ਮੇਰੀਆਂ ਅੱਖਾਂ 'ਚ ਹੰਝੂ ਆ ਗਏ। ਉਹ ਵੇਖ ਨਾ ਸਕਿਆ ਤਾਂ ਉਹਨੇ ਅੱਖਾਂ ਝੁਕਾ ਲਈਆਂ। ਮੈਂ ਉਹਨੂੰ ਛਾਤੀ ਨਾਲ ਲਾ ਲਿਆ।

ਫੇਰ ਜਦ ਵੀ ਮੌਕਾ ਮਿਲਦਾ, ਮੈਂ ਇੰਝ ਕਰਦੀ। ਇਹ ਮ੍ਰਿਗ-ਤ੍ਰਿਸ਼ਨਾ ਮੈਨੂੰ ਕਿੰਨਾ ਚਿਰ ਲਈ ਫਿਰਦੀ ਰਹੀ। ਮੈਂ ਬੇ-ਹਾਲ ਹੋ ਜਾਂਦੀ। ਪਰ ਪਿਛੇ ਮੁੜਕੇ ਵੇਖੇ ਬਿਨਾਂ ਮੈਂ ਤੁਰੀ ਜਾ ਰਹੀ ਸੀ।

ਇਕ ਦਿਨ ਡਬਾ ਮੇਜ਼ ਤੇ ਪਿਆ ਸੀ । ਉਹ ਸੋਫੇ ਤੇ ਬੈਠਾ ਸੀ । ਮੈਂ ਉਹਨੂੰ ਦੇਖ ਰਹੀ ਸੀ । ਉਹ ਅਚਾਨਕ ਉਠਿਆ । ਇਕਦਮ ਪਾਗਲਾਂ ਵਾਂਗ ਮੈਨੂੰ ਚਿੰਬੜ ਗਿਆ । ਮੈਨੂੰ ਇਕਦਮ ਖਿਝ ਆ ਗਈ । ਮਨ 'ਚ ਘਿਰਣਾ ਜਾਗ ਪਈ । ਮੈਂ ਉਹਨੂੰ ਤੋੜ ਕੇ ਆਪਣੇ ਨਾਲੋਂ ਪਰੇ ਵਗਾਹ ਮਾਰਿਆ, ਚਿਪਚਿਪ ਕਰਦੇ ਜਾਨਵਰ ਨੂੰ । ...ਉਹ ਉਠਿਆ, ਕੁਝ ਬੋਲੇ ਬਿਨਾਂ, ਮੇਰੇ ਵਲ ਦੇਖੇ ਬਿਨਾਂ, ਉਸੇ ਵੇਲੇ ਡਬਾ ਚੁਕ ਕੇ ਚਲਿਆ ਗਿਆ ।

ਬਾਦ 'ਚ ਮੈਨੂੰ ਪਛਤਾਵਾ ਲਗਾ ਕਿ ਇਹ ਮੈਂ ਕੀ ਕੀਤਾ ? ਇਹ ਮੈਥੋਂ ਕੀ ਹੋ ਗਿਆ ? ...ਸ਼ਾਮ ਲਾਲ ਉਸੇ ਦਿਨ ਨੌਕਰੀ ਛਡ ਗਿਆ ਸੀ ਤੇ, ਛੇਤੀ ਈ ਸ਼ਹਿਰ ਵੀ ।

ਇਹਨੂੰ ਕਹਿੰਦੇ ਨੇ—ਗੁਡ ਓਲਡ ਡੇਜ਼ । ਜਦ ਕੋਈ ਬੈਠ ਕੇ ਪੁਰਾਣੀਆਂ ਗੱਲਾਂ ਯਾਦ ਕਰੇ ਤਾਂ ਉਹ ਬੁਢਾ ਹੁੰਦਾ ਏ । ...ਸ਼ਟ ਅਪ...ਕਹਿੰਦੇ ਹੋਣਗੇ । . ਮੇਰੀ ਇਹੀ ਪੂੰਜੀ ਨਹੀਂ । ਮੇਰੇ 'ਚ ਹੁਣ ਵੀ ਜਾਨ ਏ । ਮੈਂ ਹੁਣ ਵੀ ਹਰ ਕਿਸਮ ਦੀ ਭਾਵਨਾ ਮਹਿਸੂਸ ਕਰਦੀ ਹਾਂ । ਏਹ ਗਲ ਵਖਰੀ ਏ ਕਿ ਹੁਣ ਮੈਂ ਉਸੇ ਤਰ੍ਹਾਂ ਬੇਵਸ ਨਹੀਂ ਹੁੰਦੀ, ਹੁਣ ਬੇ-ਵਸੀ ਹੋਰ ਈ ਤਰ੍ਹਾਂ ਦੀ ਏ । ਜਿਹੜੀ ਹਾਲਾਤ ਦੇ ਬਦਲਣ ਤੇ ਦੂਜਿਆਂ ਦੇ ਬਦਲਦੇ ਰਵਈਏ ਉਤੇ ਖਿਝ ਆਉਣ ਤੇ ਮਹਿਸੂਸ ਹੁੰਦੀ ਏ । ਆਪਣੇ ਆਪ ਤੋਂ ਤੰਗ ਹੋਣ ਦੀ ਬੇਵਸੀ ।

ਉਸ ਬੇਵਸੀ ਦਾ ਰਹੱਸ ਮੈਂ ਹੁਣ ਤਕ ਨਾ ਸਮਝ ਸਕੀ । ਮੈਥੋਂ ਗੂੜ੍ਹਾ ਰਹੱਸ ਸ਼ਾਮ ਲਾਲ ਦਾ ਸੀ । ਉਹਦੀ ਉਹ ਹਾਲਤ ਕਿਉਂ ਹੁੰਦੀ ਸੀ ? ...ਮੈਂ ਉਸ ਤੋਂ ਪਰੇ ਹਟ ਕੇ ਬਹਿ ਜਾਂਦੀ । ਉਹ ਗਲੀਚੇ ਤੇ ਈ ਬੈਠਾ ਰਹਿੰਦਾ । ਫੇਰ ਉਹ ਚੌਕੜੀ ਮਾਰ ਲੈਂਦਾ । ਅੱਖਾਂ ਮੀਚ ਲੈਂਦਾ । ਕੁਝ ਚਿਰ ਏਸੇ ਅਵਸਥਾ 'ਚ ਰਹਿੰਦਾ । ...ਅੱਖਾਂ ਖੋਹਲਦਾ । ਮੈਨੂੰ ਤੱਕਦਾ । ਉਹਦੀਆਂ ਅੱਖਾਂ ਸੁਰਖ ਹੁੰਦੀਆਂ । ਉਹਦੀਆਂ ਪਲਕਾਂ ਨਾ ਝਪਕਦੀਆਂ । ਲਗਾਤਾਰ ਦੇਖੀ ਜਾਂਦਾ ਤਾਂ ਮੇਰੀਆਂ ਅੱਖਾਂ ਝੁਕ ਜਾਂਦੀਆਂ । ਉਹ ਦੇਖਦਾ ਦੇਖਦਾ ਰੋਣ ਲਗ ਪੈਂਦਾ । ਹੰਝੂ ਕਿਰਨ ਲਗ ਪੈਂਦੇ । ਫੇਰ ਅਚਾਨਕ ਭੁਬ ਜਿਹੀ ਮਾਰ ਕੇ ਉਹ ਮੇਰੇ ਪੈਰਾਂ ਤੇ ਢਹਿ ਪੈਂਦਾ ਮੈਂ ਮਸਾਂ ਉਹਨੂੰ ਚੱਕ ਕੇ ਪਿਆਰ ਨਾਲ ਵਰਚਾ ਕੇ ਚੁਪ ਕਰਾਉਂਦੀ ।

ਉਹ ਇੰਝ ਕਿਉਂ ਕਰਦਾ ਸੀ ? ਮੈਨੂੰ ਕੋਈ ਸਮਝ ਨਾ ਆਉਂਦੀ । ...ਇਹ ਘਟਨਾ ਬੀਤੇ ਸਮੇਂ ਦੀ ਏ । ਸਚਮੁਚ ਵਾਪਰੀ ਸੀ । ਪਰ ਮੈਨੂੰ ਉਹਦੇ ਜਾਣ ਦੇ ਛੇਤੀ ਬਾਦ ਇੰਝ ਲਗਣ ਲਗ ਪਿਆ ਸੀ, ਜਿਵੇਂ ਕੋਈ ਸੁਫਨਾ ਦੇਖਿਆ ਹੋਵੇ । ਜਾਂ ਐਵੇਂ ਕੋਈ ਗੱਲ ਸੋਚੀ ਹੋਵੇ । ਜੀਹਨੂੰ ਦਿਨ-ਸੁਫਨਾ ਕਹਿੰਦੇ ਹਨ । ...ਹੁਣ ਵੀ ਇਵੇਂ ਲਗਦਾ ਏ ਕਿ ਉਹ ਸੱਚ ਨਹੀਂ ਸੀ ।

ਉਹਨੀਂ ਦਿਨੀਂ ਕਪੂਰ ਸਾਹਿਬ ਦੀ ਸਿਹਤ ਠੀਕ ਸੀ । ਉਹ ਖੁਸ਼ ਸਨ । ਪਰ ਮੈਂ ਖੋਈ ਖੋਈ ਜਿਹੀ ਰਹਿੰਦੀ ਸੀ । ਜਿਵੇਂ ਮੇਰੇ ਤੇ ਕਿਸੇ ਸਾਏ ਦਾ ਅਸਰ ਹੋਵੇ । ਕਪੂਰ ਸਾਹਿਬ ਬਹੁਤ ਚੰਗੇ ਸਨ । ਬਹੁਤ ਪਿਆਰ ਕਰਦੇ ਸਨ ਮੈਨੂੰ । ਮੈਨੂੰ ਵੀ ਉਹ ਬਹੁਤ ਪਿਆਰੇ ਲਗਦੇ ਸਨ । ਉਹਨਾਂ ਮੈਨੂੰ ਬੜੀਆਂ ਖੁਲ੍ਹਾਂ ਦਿਤੀਆਂ ਸਨ, ਫਿਰਨ ਟੁਰਨ ਦੀਆਂ । ਉਹ ਦੁਕਾਨਦਾਰ ਸਨ, ਪਰ ਹਟ-ਬਾਣੀਏ ਨਹੀਂ ਸਨ । ਉਹ ਗੌਰਮਿੰਟ ਕਾਲਿਜ ਦੇ ਗਰੈਜੁਏਟ ਸਨ । ਫ਼ਿਲਮਾਂ ਦੇਖਦੇ ਸਨ । ਸਾਹਿਤ ਤੇ ਸੰਗੀਤ 'ਚ ਰੁਚੀ ਲੈਂਦੇ ਸਨ । ਪਰ ਜਦ ਇਹਨਾਂ ਬਾਰੇ ਥਾਪਰ

ਬੋਲਦਾ ਸੀ ਤਾਂ ਉਹ ਮੂੰਹ ਦੇਖਦੇ ਈ ਰਹਿ ਜਾਂਦੇ ਸਨ। ...ਏਸ ਗਲ ਤੇ ਕਦੇ ਮੈਨੂੰ ਨਮੋਸ਼ੀ ਹੁੰਦੀ ਸੀ ਤੇ ਕਦੇ ਗਰਵ। ਕਦੇ ਮੈਨੂੰ ਕਪੂਰ ਸਾਹਿਬ ਤੇ ਤਰਸ ਆਉਂਦਾ ਤੇ ਕਦੇ ਆਪਣੇ ਆਪ ਤੇ ਖਿਝ ਤੇ ਕਦੇ ਬਾਪਰ ਬਾਰੇ ਅਜਿਹੀ ਭਾਵਨਾ ਉਠਦੀ, ਜਿਹੜੀ ਬਹੁਤ ਹੀ ਅਸਪਸ਼ਟ ਹੁੰਦੀ।

ਜਦ ਉਹ ਸੁਪਨੇ ਜਿਹੇ ਦਾ ਤਲਿਸਮ ਟੁੱਟਿਆ ਤਾਂ ਮੈਂ ਕਪੂਰ ਸਾਹਿਬ ਦੇ ਗਲ ਲਗ ਕੇ ਬੜਾ ਰੋਈ ਸੀ। ਉਹ ਗਲ ਪੁਛਦੇ ਰਹੇ ਸਨ, ਪਰ ਮੈਂ ਦਸ ਨਹੀਂ ਸੀ ਸਕਦੀ ...ਉਹ ਏਹੀ ਸਮਝਦੇ ਸਨ ਕਿ ਇਹਨੂੰ ਦੂਰ ਰਹਿੰਦੇ ਪੁਤਰ ਦੀ ਯਾਦ ਸਤਾ ਰਹੀ ਏ। ਪਰ ਮੈਨੂੰ ਸ਼ਾਮ ਲਾਲ ਨੂੰ.. ਨਹੀਂ ਕਿਸੇ ਹੋਰ ਕਾਰਨ ਕਰਕੇ ਰੋਈ ਸੀ। ਜੀਹਦੀ ਮੈਨੂੰ ਆਪ ਸਮਝ ਨਹੀਂ ਸੀ ਆਉਂਦੀ।

ਡਾਕਟਰ ਤੇ ਡਾਕਟਰਨੀ ਆ ਗਏ ਨੇ। ਜ਼ੂੰ ਕਰਕੇ ਉਹਨਾਂ ਦਾ ਸਕੂਟਰ ਅੰਦਰ ਆਇਆ ਏ। ਫੁਰਤੀ ਨਾਲ ਉਹ ਉਤਰੇ ਨੇ। ਆਪਣੇ ਆਪਣੇ ਰੈਕਟ ਲਈ ਉਹ ਅੰਦਰ ਚਲੇ ਗਏ ਨੇ। ਹਲਕੀ ਹਲਕੀ ਠੰਡ ਏ ਤਾਂ ਵੀ ਡਾਕਟਰ ਨੇ ਨਿੱਕਰ ਤੇ ਬੁਨਿਆਨ ਪਾਈ ਹੋਈ ਏ। ਡਾਕਟਰਨੀ ਨੇ ਟੀ-ਸ਼ਰਟ ਤੇ ਪੈਂਟ ਪਾਈ ਹੋਈ ਏ। ਡਾਕਟਰ ਦੇ ਵਾਲ ਡਾਕਟਰਨੀ ਨਾਲੋਂ ਵਡੇ ਤੇ ਸੁਹਣੇ ਨੇ। ਉਹ ਉਂਜ ਵੀ ਉਹਦੇ ਨਾਲੋਂ ਵਧ ਸਜੀਲਾ ਜਵਾਨ ਏ। ਡਾਕਟਰਨੀ ਦੀ ਤਾਂ ਬਰੈਸਟ ਵੀ ਨਿੱਕੀ ਜਿਹੀ ਏ। ਇਹ ਕੀ ਬੱਚਾ ਜੰਮੂ ਤੇ ਪਾਲੂ। ...ਮੇਰੇ ਜ਼ਿਸਮ 'ਚ ਇਹਦੇ ਨਾਲੋਂ ਕਿਤੇ ਵਧ ਸ਼ਕਤੀ ਏ।

ਅੰਦਰ ਖਾਣਾ ਲਗਣ ਦੀ ਆਵਾਜ਼ ਆਉਣ ਲਗ ਪਈ ਏ। ਅਜ ਇਹਨਾਂ ਛੇਤੀ ਖਾਣਾ ਖਾ ਲੈਣਾ ਏ। ਕਲ ਸੰਡੇ ਹੈ ਨਾ। ਦੇਰ ਨਾਲ ਉਠਣਗੇ। ਖਾਣੇ ਦੇ ਬਾਦ ਕੁਝ ਦੇਰ ਇਹ ਟੀ. ਵੀ. ਦੇਖਣਗੇ। ਫੇਰ ਥਕਾਵਟ ਦਾ ਬਹਾਨਾ ਕਰਨਗੇ, ਜਿਹੜਾ ਮੈਨੂੰ ਜਾਣ ਲਈ ਇਸ਼ਾਰਾ ਹੁੰਦਾ ਏ। ਤਾਂ ਜੋ ਵੀਡਿਓ ਤੇ ਕੋਈ ਬਲਿਊ ਫਿਲਮ ਦੇਖੀ ਜਾ ਸਕੇ।...ਤੇ ਮੇਰੇ ਬਾਰੇ ਇਹਨਾਂ ਦਾ ਖਿਆਲ ਏ ਕਿ ਮੈਨੂੰ ਖਾਣਾ ਖਾਣ ਤੋਂ ਪਹਿਲਾਂ ਤੇ ਖਾਣਾ ਖਾਣ ਤੋਂ ਬਾਦ ਪਰਮਾਤਮਾ ਦਾ ਨਾਂ ਲੈਣਾ ਚਾਹੀਦਾ ਏ।...ਇਹ ਇੰਜ ਕਿਉਂ ਨਹੀਂ ਕਹਿੰਦੇ ਕਿ ਮੈਨੂੰ ਆਪਣੇ ਕਮਰੇ ਤੋਂ ਬਾਹਰ ਕਿਸੇ ਚੀਜ਼ ਨਾਲ ਕੋਈ ਵਾਸਤਾ ਈ ਨਹੀਂ ਰਖਣਾ ਚਾਹੀਦਾ। ਤੇ ਆਪਣੇ ਬਿਸਤਰੇ 'ਚ ਦਫਨ ਹੋ ਕੇ ਮੌਤ ਦੀ ਉਡੀਕ ਕਰਨੀ ਚਾਹੀਦੀ ਏ।...ਦੁਸ਼ਮਣ...ਦੁਸ਼ਮਣ...ਕੁਖੋਂ ਜੰਮਿਆ ਦੁਸ਼ਮਣ...।

ਮੈਂ ਖਾਣਾ ਨਹੀਂ ਖਾਵਾਂਗੀ। ਮੈਂ ਚਾਹੁੰਦੀ ਹਾਂ, ਪਹਿਲਾਂ ਕੁਸ਼ਲਿਆ ਮੇਰਾ ਸਿਰ ਝਸ ਦੇਵੇ। ਫੇਰ ਜ਼ਰਾ ਆਰਾਮ ਕਰ ਕੇ ਮੈਂ ਕੋਸੇ ਪਾਣੀ ਨਾਲ ਭਰੇ ਟਬ 'ਚ ਲੇਟ ਕੇ ਨ੍ਹਾਵਾਂ। ਫੇਰ ਖਾਣਾ ਖਾ ਕੇ ਉਸ ਵੇਲੇ ਤਕ ਜਾਸੂਸੀ ਨਾਵਲ ਪੜ੍ਹਦੀ ਰਵ੍ਹਾਂ, ਜਦੋਂ ਤਕ ਨੀਂਦ ਆ ਕੇ ਢਾਹ ਨਹੀਂ ਲੈਂਦੀ।

ਮੈਨੂੰ ਵਾਜ ਪਈ ਏ। ਉਹ ਮੇਰੀ ਉਡੀਕ ਕਰਨ ਲਗੇ ਨੇ। ਇਹ ਮਾਡਰਨ ਕਲਚਰ ਦੀ ਮੰਗ ਏ ਕਿ ਸਾਰਾ ਟਬਰ ਇਕ ਮੇਜ਼ ਤੇ ਬਹਿ ਕੇ ਖਾਣਾ ਖਾਵੇ। ਦਿਨ ਭਰ ਦੀਆਂ ਆਪਣੀਆਂ ਸਮਸਿਆਵਾਂ ਬਾਰੇ ਗੱਲ ਕਰੇ। ਅਸੀਂ ਜਦ ਵੀ ਕਠੇ ਖਾਣਾ ਖਾਂਦੇ ਹਾਂ, ਇਹ ਦੋਵੇਂ ਆਪਣੇ ਹਸਪਤਾਲ, ਆਪਣੇ ਸਾਥੀ ਡਾਕਟਰਾਂ ਤੇ ਮਰੀਜ਼ਾਂ ਦੀਆਂ ਗੱਲਾਂ ਕਰਦੇ ਨੇ।

ਉਹ ਮੈਨੂੰ ਚੰਗੀਆਂ ਵੀ ਲਗਦੀਆਂ ਨੇ। ..ਪਰ ਮੇਰੀਆਂ ਗਲਾਂ ?...ਮੈਂ ਕੀਹਨੂੰ ਸੁਣਾਵਾਂ ? ...ਆਪਣੀ ਕੈਦ ਦੀ ਗਲ, ਆਪਣੀ ਸੋਚ ਦੀ ਗਲ, ਆਪਣੇ ਅੰਦਰ ਜੰਮਦੇ ਦੁਖਾਂ ਦੀ ਗਲ, ਤੇ ਉਸ ਕਸ਼ਟ ਦੀ ਗਲ, ਜਿਹੜਾ ਮੈਂ ਕਿਸੇ ਨੂੰ ਦਸ ਈ ਨਹੀਂ ਸਕਦੀ। ਜੀਹਨੂੰ ਦਸ ਸਕਦੀ ਹਾਂ, ਉਹ ਏਸ ਘਰ 'ਚ ਆ ਨਹੀਂ ਸਕਦਾ। ਮੈਂ ਉਹਦੇ ਕੋਲ ਜਾ ਨਹੀਂ ਸਕਦੀ।

ਮੈਂ ਹੈਰਾਨ ਹੁੰਦੀ ਹਾਂ...ਏਸ ਘਰ 'ਚ ਜਦ ਵੀ ਇਹ ਨੌਜਵਾਨ ਡਾਕਟਰ ਕਠੇ ਹੁੰਦੇ ਨੇ, ਤੇਜ਼ੀ ਨਾਲ ਉੱਨਤੀ ਕਰ ਰਹੀ ਸਾਇੰਸ ਦੀਆਂ ਗਲਾਂ ਕਰਦੇ ਨੇ। ਉਹ ਦਿਲ ਤੇ ਹੋਰ ਅੰਗਾਂ ਦੇ ਟ੍ਰਾਂਸਪਲਾਂਟ ਦੀਆਂ ਗਲਾਂ ਕਰ ਕੇ ਬਹੁਤ ਖੁਸ਼ ਹੁੰਦੇ ਨੇ। ਉਹ ਸਿਹਤ ਨਾਲ ਬੰਦੇ ਦੇ ਬਦਲਦੇ ਰਵਈਏ ਬਾਰੇ ਸੋਚਦੇ ਨੇ। ਉਹ ਜ਼ਿੰਦਗੀ 'ਚ ਸੈਕਸ ਦੇ ਰੋਲ ਦੀਆਂ ਬੁਝਾਰਤਾਂ ਬੁਝਦੇ ਨੇ। ...ਉਹ ਆਦਮੀ ਨੂੰ ਬਹੁਤ ਦੇਰ ਤਕ ਤਰੋ ਤਾਜ਼ਾ ਰੱਖਣ ਦੇ ਤਰੀ- ਕਿਆਂ ਬਾਰੇ ਬਹਿਸ ਕਰਦੇ ਨੇ । ਪਰ ਉਹ ਮੇਰੇ ਬਾਰੇ ਕੀ ਸੋਚਦੇ ਨੇ ? ...ਉਹ ਤਾਂ ਚਾਹੁੰਦੇ ਨੇ ਕਿ ਘਰ 'ਚ ਜਿਸ ਜੀਅ ਦੇ ਧੌਲੇ ਆ ਗਏ ਨੇ, ਉਹਨੂੰ ਇਕ ਦਮ ਬੁਢਾ ਕਰ ਕੇ ਮਾਰ ਦਿਤਾ ਜਾਵੇ।

ਸਤੀਸ਼ ਦਾ ਇਕ ਦੋਸਤ ਮਨੋਰੋਗ ਦਾ ਮਾਹਿਰ ਏ। ਉਹਨੇ ਵੀ ਇਕ ਦਿਨ ਮੇਰਾ ਪੂਰਾ ਚੈਕ-ਅਪ ਕੀਤਾ ਸੀ। ਕਿੰਨੇ ਈ ਸੁਆਲਾਂ ਨਾਲ ਉਹਨੇ ਮੇਰੀ ਉਹ ਘੁੰਡੀ ਖੋਹਲਣੀ ਚਾਹੀ ਸੀ, ਜੀਹਨੇ ਮੇਰੀ ਸਾਰੀ ਮਾਨਸਿਕਤਾ ਐਬਨਾਰਮਲ ਬਣਾਈ ਹੋਈ ਏ। ਭਾਵੇਂ ਮੈਂ ਮਨੋਰੋਗਾਂ ਬਾਰੇ ਕੁਝ ਨਹੀਂ ਜਾਣਦੀ, ਪਰ ਮੈਂ ਔਰਤ ਹਾਂ ਨਾ। ਮੈਂ ਉਹਨੂੰ ਵੀ ਅਜਿਹਾ ਜੁਲ ਦਿਤਾ ਕਿ ਉਹ ਦੋ ਕੁ ਕਿਸਮਾਂ ਦੇ ਟ੍ਰਾਂਕੁਲਾਈਜ਼ਰ ਦੇ ਕੇ ਖਲਾਸੀ ਕਰ ਗਿਆ। ...ਮੈਂ ਉਹਨੂੰ ਆਪਣੀ ਅਸਲੀ ਹਾਲਤ ਦਸ ਵੀ ਕਿਵੇਂ ਸਕਦੀ ਸੀ ?

ਜਦ ਉਹ ਹੈਰਾਨ ਜਿਹਾ ਹੋ ਕੇ ਆਪਣਾ ਪੈਨ ਪੈਡ ਤੇ ਰਖ ਕੇ ਬਹਿ ਗਿਆ ਸੀ, ਤਾਂ ਇਕ ਵਾਰ ਮੇਰਾ ਦਿਲ ਕੀਤਾ ਸੀ ਕਿ ਆਖਾਂ ਪਈ ਤੂੰ ਮੈਨੂੰ ਪਾਗਲ ਔਰਤਾਂ ਦੇ ਬਦਲਦੇ ਸੁਭਾਵਾਂ ਬਾਰੇ ਜੋ ਕੁਝ ਪੜ੍ਹਿਆ ਏ, ਉਹ ਵੀ ਮੇਰੇ ਤੇ ਲਾਗੂ ਨਹੀਂ ਹੋਣਾ, ਪੂਰੀ ਤਰ੍ਹਾਂ। ...ਅਸਲ 'ਚ ਉਹ ਵੀ ਇਹੀ ਸਮਝਦਾ ਸੀ ਕਿ ਜਦ ਕੋਈ ਔਰਤ ਆਪਣਾ ਪੁਤਰ ਵਿਆਹ ਲੈਂਦੀ ਏ, ਉਹ ਬਦਰੰਗ ਜਿਹੀ ਧੋਤੀ ਦੇ ਲੜ ਚਾਬੀਆਂ ਬੰਨ੍ਹ ਕੇ, ਘਰ ਦੇ ਰਸਦ ਪਾਣੀ ਦਾ ਪ੍ਰਬੰਧ ਕਰਨ ਜੋਗੀ ਰਹਿ ਜਾਂਦੀ ਏ। ਉਹਦੇ 'ਚ ਕਿਸੇ ਨੂੰ ਪਿਆਰ ਕਰਨ; ਸੈਰ ਸਪਾਟੇ ਕਰਨ, ਕੋਈ ਐਡਵੈਂਚਰ ਕਰਨ ਤੇ ਆਪਣੀ ਜ਼ਿੰਦਗੀ, ਆਪਣੀ ਮਰਜ਼ੀ ਨਾਲ ਜਿਉਣ ਵਾਲੀ ਕੋਈ ਗਲ ਈ ਨਹੀਂ ਰਹਿ ਜਾਂਦੀ।

ਕਾਫੀ ਦੇਰ ਹੋ ਗਈ ਏ। ਮੈਂ ਅੰਦਰ ਜਾਂਦੀ ਹਾਂ । ...ਸਭ ਖਾਣਾ ਖਾ ਰਹੇ ਨੇ। ਮੈਨੂੰ ਉਡੀਕੇ ਬਿਨਾਂ ਈ। ਮੈਂ ਏਸ ਗਲ ਦਾ ਗੁਸਾ ਨਹੀਂ ਕਰਦੀ। ਮੈਂ ਕਸੂਰਵਾਰ ਹਾਂ। ਮੈਂ ਆਪ ਇਹਨਾਂ ਜੀਆਂ ਤੋਂ ਟੁਟਦੀ ਜਾ ਰਹੀ ਹਾਂ । ਸਾਡੇ ਵਿਚਕਾਰ ਕੋਈ ਲੀਕ ਆਪਣੇ ਆਪ ਖਿਚਦੀ ਜਾ ਰਹੀ ਹੈ। ਜਿਹੜੀ ਸਾਡੀ ਬਦਲਦੀ ਸੋਚ, ਬਦਲਦੇ ਸਮੇਂ ਤੇ ਬਦਲਦੀ ਮਾਨਸਿਕਤਾ ਤੇ ਹਾਵੀ ਏ।

ਮੈਂ ਪਰਹੇਜ਼ੀ ਖਾਣੇ ਵਜੋਂ ਕੁਝ ਚਾਵਲ ਲੈਂਦੀ ਹਾਂ। ਕੁਝ ਦਹੀਂ ਤੇ ਕੁਝ ਸਬਜ਼ੀ

ਬਸ। ਘੀ ਵਾਲੀਆਂ ਚੀਜ਼ਾਂ ਖਾਣ ਨਾਲ ਪੇਟ ਤੇ ਵਖੀਆਂ ਦਾ ਮਾਸ ਵਧਣ ਲਗ ਪੈਂਦਾ ਏ । ਫਿਗਰ ਭਦੀ ਹੋ ਜਾਂਦੀ ਏ। ...ਕਿਸੇ ਨੇ ਭਾਵੇਂ ਨਾ ਵੇਖਣੀ ਹੋਵੇ : ਮੈਂ ਆਪ ਤੇ ਵੇਖਣੀ ਏ।... ਪ੍ਰੋਫ਼ੈਸਰ ਥਾਪਰ ਨੂੰ ਹੁਣ ਕੁਝ ਵੀ ਵਿਖਾਉਣ ਦੀ ਲੋੜ ਨਹੀਂ। ਉਹ ਤਾਂ ਵਿਚਾਰਾ ਮੈਨੂੰ ਮਿਲ ਕੇ ਵੀ ਦੁਖੀ ਹੁੰਦਾ ਏ, ਨਾ ਮਿਲਣ ਤੇ ਤਾਂ ਹੋਣਾ ਈ ਹੋਇਆ ।

ਮੈਂ ਛੇਤੀ ਆਪਣੇ ਕਮਰੇ 'ਚ ਆ ਗਈ ਹਾਂ । ਆਰਾਮ ਕੁਰਸੀ ਤੇ ਬਹਿ ਕੇ ਲੱਤਾਂ ਦੀਵਾਨ ਤੇ ਟਿਕਾ ਕੇ ਸੋਚਦੀ ਹਾਂ। ...ਥਾਪਰ ਤੇ ਮੇਰੇ ਵਿਚਕਾਰ ਕੀ ਰਿਸ਼ਤਾ ਏ ? ...ਜਦ ਉਹ ਕਪੂਰ ਸਾਹਿਬ ਦੇ ਦੋਸਤ ਦੇ ਨਾਤੇ ਮਿਲਦਾ ਸੀ, ਤਾਂ ਲਗਦਾ ਸੀ ਕਿ ਕਪੂਰ ਸਾਹਿਬ ਮੇਰੇ ਮੇਚ ਨਹੀਂ। ...ਫੇਰ ਜਦ ਥਾਪਰ ਮੁਹੱਬਤ ਜਿਤਾਉਣ ਲਗ ਪਿਆ ਸੀ ਤਾਂ ਮੈਨੂੰ ਖਿਝ ਆ ਗਈ ਸੀ। ਮੈਂ ਉਹਨੂੰ ਝਟਕ ਈ ਦਿਤਾ ਸੀ। ਉਹ ਡਰ ਕੇ ਪਰੇ ਹੋ ਗਿਆ ਸੀ। ...ਮੈਨੂੰ ਲਗਿਆ ਸੀ ਕਿ ਕਪੂਰ ਸਾਹਿਬ ਤੋਂ ਚੰਗਾ ਕੋਈ ਬੰਦਾ ਈ ਨਹੀਂ ਜਹਾਨ ਤੇ। ...ਫੇਰ ਅਸੀਂ ਆਪ ਜਾ ਕੇ ਥਾਪਰ ਨੂੰ ਮਨਾ ਕੇ ਲਿਆਏ ਸੀ ਉਹਦੇ ਘਰੋਂ। ...ਅਸਲ 'ਚ ਮੈਂ ਈ ਡਰ ਗਈ ਸੀ, ਆਪਣੇ ਆਪ ਤੋਂ। ...ਕਿੰਨੀ ਫਜ਼ੂਲ ਸੋਚ ਸੀ, ਆਮ ਔਰਤਾਂ ਵਾਲੀ।

ਕਪੂਰ ਸਾਹਿਬ ਦੇ ਦੇਹਾਂਤ ਤੋਂ ਬਾਦ ਮੈਨੂੰ ਲਗਿਆ ਸੀ...ਏਸ ਥਾਪਰ ਤੋਂ ਛੁਟ ਹੋਰ ਕੋਈ ਹਮਦਰਦ ਹੈ ਈ ਨਹੀਂ ਮੇਰਾ। ਉਹ ਮੇਰੇ ਦਿਲ ਦੀ ਗਲ ਝਟ ਬੁਝ ਲੈਂਦਾ ਸੀ। ਉਹਨੂੰ ਪਤਾ ਸੀ ਕਿ ਦਿਲ 'ਚ ਸੁੰਨਾਪਨ ਕਦੋਂ ਪੈਦਾ ਹੁੰਦਾ ਏ ਤੇ ਉਹਨੂੰ ਕਿਵੇਂ ਭਰੀਦਾ ਏ।...ਫੇਰ ਹੁਣ ਕੀ ਹੋ ਗਿਆ ? ਦਿਲ ਦੇ ਖਪੇ ਡੂੰਘੇ ਕਿਉਂ ਹੋ ਗਏ। ਇਹ ਭਰ ਹੋਣੋਂ ਕਿਉਂ ਰੁਕ ਗਏ ?...ਇਹ ਡਾਕਟਰ ਕੌਣ ਹੁੰਦਾ ਏ ?...ਰੂੜ੍ਹੀਵਾਦੀ...ਰੂੜ੍ਹੀ...

ਉਹ ਸ਼ਾਮ ਲਾਲ ਕੌਣ ਸੀ ? ਕੀ ਸੀ ? ਕੁਝ ਵੀ ਨਹੀਂ ਸੀ। ਮੇਰੀ ਸੋਚ ਨਾਲ ਈ ਉਹਦਾ ਵਜੂਦ ਬਣਿਆ ਸੀ।...ਸਭ ਕੁਝ ਮੈਂ ਈ ਸੀ। ਉਹਦੇ ਚਿਹਰੇ 'ਚ ਸੁਆਮੀ ਵਿਵੇਕਾਨੰਦ ਵਾਲੀ ਖਿਚ ਵੀ ਮੇਰੀ ਈ ਸੀ। ਪਰ ਇਹ ਥਾਪਰ ਕੀ ਏ ? ਕੀਹਦੀ ਕਮਜ਼ੋਰੀ ਦਾ ਨਾਂ ਏ ?...ਯਾ ਕਿਸੇ ਦੀ ਸ਼ਕਤੀ ਏ ?...

ਡਾਕਟਰ ਦੇ ਬੈਡ-ਰੂਮ 'ਚੋਂ ਹਲਕੀ ਹਲਕੀ ਆਵਾਜ਼ ਆ ਰਹੀ ਏ। ਉਹ ਕੋਈ ਫਿਲਮ ਵੇਖ ਰਹੇ ਨੇ, ਵੀਡਿਓ ਤੇ।...ਮੇਰੇ ਜਿਸਮ ਤੇ ਕੀੜੀਆਂ ਟੁਰ ਪਈਆਂ ਨੇ। ਚਿਪ-ਚਿਪ ਕਰਨ ਲਗ ਪਿਆ ਏ। ਜਿਵੇਂ ਬਰਸਾਤ 'ਚ ਪਸੀਨਾ ਆਉਣ ਤੇ ਹੁੰਦਾ ਏ। ਜੀ ਕਰਦਾ ਏ, ਟਬ 'ਚ ਨੀਮ-ਗਰਮ ਪਾਣੀ ਪਾ ਕੇ ਨ੍ਹਾਵਾਂ।

ਮੈਂ ਬੂਹੇ ਦਾ ਬੋਲਟ ਬੰਦ ਕਰ ਕੇ ਬਾਥ-ਰੂਮ 'ਚ ਆ ਗਈ ਹਾਂ। ਗੀਜ਼ਰ ਆਨ ਕਰ ਦਿਤਾ ਏ। ਸਾਰੇ ਕਪੜੇ ਉਤਾਰ ਕੇ ਵੱਡੇ ਸੀਸ਼ੇ ਸਾਹਮਣੇ ਖਲੋ ਗਈ ਹਾਂ। ਕਿੰਨਾ ਭਦਾ ਏ, ਇਹ ਜਿਸਮ। ਗਰਭਵਤੀ ਔਰਤ ਵਰਗਾ ਪੇਟ। ਮੈਂ ਸਾਹ ਖਿਚ ਕੇ, ਪੇਟ ਪਿਛਾਂਹ ਹਟਾ ਕੇ, ਛਾਤੀ ਫੈਲਾਉਂਦੀ ਹਾਂ। ਤੇ ਅਡੀਆਂ ਭਾਰ ਹੋ ਕੇ ਫੁਦਕ ਕੇ ਵੇਖਦੀ ਹਾਂ।...ਜਿਸਮ 'ਚ ਕਿੰਨੀ ਲਚਕ ਏ। ਜੇ ਜ਼ਰਾ ਐਕਸਰਸਾਈਜ਼ ਯਾ ਯੋਗਾਭਿਆਸ ਕਰ ਲਵਾਂ ਤਾਂ ਇਹ ਕਿੰਨਾ ਸੁਡੌਲ ਹੋ ਸਕਦਾ ਏ। ਇਹਦੇ ਮਸਲ ਕਿੰਨੇ ਮਜ਼ਬੂਤ ਨੇ, ਹੁਣ ਵੀ।...ਜਿਸਮ ਦੇ ਹਰ ਹਿਸੇ 'ਚ ਖ਼ੂਨ ਦਾ ਵੇਗ ਏ।

ਮੈਂ ਆਪਣੇ ਆਪ ਨੂੰ ਟਬ 'ਚ ਲਿਟਾ ਕੇ ਪਾਣੀ 'ਚ ਡੁਬਾ ਲੈਂਦੀ ਹਾਂ। ਚੰਗਾ ਲਗਦਾ ਏ, ਆਪਣੇ ਅੰਗਾਂ ਨੂੰ ਆਪਣੇ ਹੱਥਾਂ ਨਾਲ ਪੋਲੇ ਪੋਲੇ ਮਲਣਾ।...ਜੇ ਮਲਣ ਵਾਲਾ ਹਥ ਕੋਈ ਹੋਰ ਹੋਵੇ।...ਕੁਸ਼ਲਿਆ ਦਾ ਯਾ ਥਾਪਰ ਦਾ।...? ਫਜ਼ੂਲ...ਫਜ਼ੂਲ... ਲਾਹਨਤ...ਲਾਹ...। ਪਰ ਇਹਦੇ 'ਚ ਬੁਰਾ ਕੀ ਏ ?...ਕੀ ਬੁਰਾ ਏ ?...ਜੇ ਕਿਸੇ ਔਰਤ ਦਾ ਪਤੀ ਨਾ ਰਹੇ ਤਾਂ ਕੀ ਉਹਨੂੰ ਸੁਫਨੇ ਲੈਣ ਦਾ ਵੀ ਹੱਕ ਨਹੀਂ ਰਹਿੰਦਾ ? ਨਵੀਂ ਸਭਿਅਤਾ ਇਹੋ ਕਹਿੰਦੀ ਏ ?

ਟੈਲੀਫੋਨ ਦੀ ਘੰਟੀ ਦੀ ਫੇਰ ਆਵਾਜ਼ ਆਈ ਏ।...ਹੁਣ ਕੋਈ ਨਹੀਂ ਸੁਣੇਗਾ। ਕੋਈ ਵੀ ਨਹੀਂ। ਡਾਕਟਰ ਨੇ ਕਾਰੀਡੋਰ ਦਾ ਰਾਹ ਵੀ ਬੰਦ ਕਰ ਦਿਤਾ ਏ। ਜੇ ਟਰ ਟਰ ਤੰਗ ਕਰਦੀ ਰਹੀ ਤਾਂ ਉਹ ਉਠ ਕੇ ਰਿਸੀਵਰ ਚੁਕ ਕੇ ਰਖ ਦੇਵੇਗਾ।...ਤੇ ਥਾਪਰ ਬੋਲਦਾ ਬੋਲਦਾ ਸੌਂ ਜਾਵੇਗਾ।

ਥਾਪਰ ਨੂੰ ਜਦ ਵੀ ਮੌਕਾ ਮਿਲਦਾ ਏ, ਆਪਣੇ ਖਰਾਬ ਹੁੰਦੇ ਫੇਫੜੇ ਦੀ ਗਲ ਦਸਦਾ ਏ ਯਾ ਆਪਣੀ ਖਿੰਡਦੀ ਜਾਂਦੀ ਮਾਨਸਿਕਤਾ ਦੀ ਗਲ। ਫੇਰ ਕੁਝ ਚਿਰ ਖਾਮੋਸ਼ੀ ਰਹਿੰਦੀ ਏ। ਫੇਰ ਦਬੀ ਜਿਹੀ ਆਵਾਜ਼ ਆਉਂਦੀ ਏ, 'ਚਲ ਕਿਤੇ ਫਿਰ ਟੁਰ ਆਈਏ।'

ਮੈਂ ਮਰੀ ਜਿਹੀ ਆਵਾਜ਼ 'ਚ ਕਹਿੰਦੀ ਹਾਂ, 'ਅਛਾ।'...ਜੀਹਦਾ ਅਰਥ ਨਾ ਨਾਂਹ ਹੁੰਦਾ ਏ ਤੇ ਨਾ ਈ ਹਾਂ। ਫੇਰ ਮਰੇ ਜਿਹੇ ਸ਼ਬਦ 'ਅਛਾ' ਦੀ ਆਵਾਜ਼ ਕੰਨਾਂ 'ਚ ਗੂੰਜਦੀ ਰਹਿੰਦੀ ਏ। ਭਾਵੇਂ ਕਿ ਹੋਰ ਸ਼ਬਦ ਬੋਲੇ ਜਾਂਦੇ ਹੁੰਦੇ ਨੇ ..ਹੋਰ...ਫੇਰ...ਬਸ...ਹਾਅ...ਹੋਕਾ।

'ਚੁਪ ਕਿਉਂ ਕਰ ਗਏ ?' ਉਹ ਤ੍ਰਬਕ ਕੇ ਪੁਛਦਾ ਹੁੰਦਾ ਏ। ਪਰ 'ਮੈਂ' ਬੋਲਦੀ ਨਹੀਂ ਕਿ ਡਾਕਟਰਨੀ ਆ ਗਈ ਏ ਯਾ ਖੁਸ਼ੀਆ ਆਕੇ ਖਲੋ ਗਿਆ ਏ, ਬੂਹੇ ਦੇ ਉਹਲੇ। ਚੁਪ ਈ ਰਿਸੀਵਰ ਰਖ ਦੇਂਦੀ ਹਾਂ।

ਥਾਪਰ ਨੇ ਸਤੀਸ਼ ਦੇ ਵਿਆਹ ਤੇ ਬਾਪ ਦੀ ਜ਼ਿਮੇਵਾਰੀ ਨਿਭਾਈ ਸੀ। ਉਹ ਮੈਨੂੰ ਭਾਬੀ ਜੀ ਕਹਿੰਦਾ ਏ। ਜਿਹੜਾ ਮੈਨੂੰ ਚੰਗਾ ਲਗਦਾ ਏ। ਕਦੇ ਸਤੀਸ਼ ਨੂੰ ਵੀ ਚੰਗਾ ਲਗਦਾ ਸੀ। ਪਰ ਹੁਣ ਉਹਨੂੰ ਤਕਲੀਫ ਹੁੰਦੀ ਏ। ਉਹ ਔਖਾ ਹੋ ਜਾਂਦਾ ਏ ਥਾਪਰ ਨੂੰ ਮੇਰੇ ਕੋਲ ਬੈਠਾ ਵੇਖ ਕੇ, ਮੇਰੇ ਨਾਲ ਗਲਾਂ ਕਰਦਾ ਸੁਣ ਕੇ। ਜੇ ਥਾਪਰ ਦੇ ਮੂੰਹ 'ਚੋਂ ਸ਼ਰਾਬ ਦੀ ਹਲਕੀ ਜਿਹੀ ਵੀ ਬੋ ਆ ਜਾਵੇ, ਤਦ ਤਾਂ ਆਪੇ ਤੋਂ ਬਾਹਰ ਹੋ ਜਾਂਦਾ ਏ। ਉਂਜ ਆਪ ਸ਼ਰਾਬ ਪੀਂਦਾ ਏ। ਆਪਣੇ ਦੋਸਤਾਂ ਨੂੰ ਪਿਆਉਂਦਾ ਏ। ਜਿਹੜੇ ਡਾਕਟਰਨੀ ਕੋਲ ਬੈਠ ਕੇ ਫਿਲਮਾਂ ਦੇ ਸ਼ਰਾਬੀ ਡਾਇਲਾਗ ਬੋਲਦੇ ਨੇ। ਐਕਟਿੰਗ ਕਰਦੇ ਨੇ। ਜਿਹੜੇ ਜਿਸਮ ਦੇ ਹਰ ਅੰਗ ਨੂੰ ਮਾਸ, ਨਾੜਾਂ ਤੇ ਖੱਲ ਦਾ ਇਕ ਆਮ ਜਿਹਾ ਹਿਸਾ ਸਮਝ ਕੇ ਛੂੰਹਦੇ ਨੇ। ਤੇ ਮਖੌਲ ਕਰਦੇ ਨੇ।

ਡਾਕਟਰ ਸਾਨੂੰ ਕਠਿਆਂ ਨੂੰ ਬੈਠਿਆਂ ਵੇਖ ਕੇ ਤਾਂ ਇੰਜ ਤਕਦਾ ਏ ਜਿਵੇਂ ਆਪਣੇ ਅੰਕਲ ਨੂੰ ਬਾਹਰ ਕਢ ਕੇ ਆਪਣੀ ਮੰਮੀ ਨੂੰ ਜ਼ਲੀਲ ਕਰੇਗਾ। ਉਂਜ ਉਹਦਾ ਤਕਣਾ ਵੀ ਜ਼ਲੀਲ ਕਰਨ ਤੋਂ ਕੀ ਘਟ ਏ ?

ਇਕ ਦਿਨ ਥਾਪਰ ਚਲਿਆ ਗਿਆ ਤਾਂ ਡਾਕਟਰ ਮੇਰੇ ਕੋਲ ਆ ਕੇ ਕਹਿਣ ਲਗਾ, "ਮੈਨੂੰ ਇਹ ਗਲ ਬਿਲਕੁਲ ਪਸੰਦ ਨਹੀਂ, ਆਈ ਹੇਟ ਇਟ।"

"ਕੀ ? ਕੀਹਨੂੰ ?" ਮੈਂ ਪੁਛਦੀ ਰਹੀ, ਪਰ ਉਹ ਨਾਸਾਂ ਫੁੰਕਾਰਦਾ ਆਪਣੇ ਕਮਰੇ ਵਲ ਚਲਿਆ ਗਿਆ।

ਇਕ ਵਾਰ ਅਸੀਂ ਖਾਣਾ ਖਾ ਰਹੇ ਸੀ। ਥਾਪਰ ਆ ਗਿਆ। ਮੈਂ ਕੁਝ ਰਸਮ ਨਿਭਾਉਂਦਿਆਂ ਤੇ ਕੁਝ ਦਿਲ ਦੀ ਮਜਬੂਰੀ ਤੇ ਆਈਸ ਕ੍ਰੀਮ ਵਾਲੀ ਪਲੇਟ ਉਹਦੇ ਅਗੇ ਰਖ ਦਿਤੀ।...ਬਸ ਡਾਕਟਰ ਨੂੰ ਪਤਾ ਨਹੀਂ ਕੀ ਹੋ ਗਿਆ। ਉਹ ਖਾਣਾ ਵਿਚਕਾਰ ਈ ਛਡ ਕੇ ਉਠ ਗਿਆ। ਤਦੇ ਡਾਕਟਰਨੀ ਵੀ ਹਥ ਦੀ ਗਰਾਹੀ ਛਡ ਕੇ ਟੁਰ ਗਈ।

ਡਾਕਟਰ ਦਾ ਰਵੱਈਆ ਪਹਿਲਾਂ ਏਸ ਤਰ੍ਹਾਂ ਦਾ ਨਹੀਂ ਸੀ। ਇਹ ਫਰਕ ਵਿਆਹ ਹੋਣ ਦੇ ਬਾਦ ਪੈਦਾ ਹੋਇਆ ਏ। ਸ਼ੁਰੂ ਸ਼ੁਰੂ 'ਚ ਮੈਂ ਇਹਦੀ ਪਰਵਾਹ ਵੀ ਨਹੀਂ ਸੀ ਕਰਦੀ। ਇਹਦੇ ਸਾਹਮਣੇ ਥਾਪਰ ਨਾਲ ਚਲੀ ਜਾਂਦੀ ਸੀ। ਅਸੀਂ ਕਿਸੇ ਰੈਸਟੋਰੈਂਟ 'ਚ ਬਹਿ ਆਉਂਦੇ ਸੀ, ਕੋਈ ਡ੍ਰਾਮਾ ਵੇਖ ਆਉਂਦੇ ਸੀ।

ਹੁਣ ਗਰਮ ਪਾਣੀ ਚੰਗਾ ਨਹੀਂ ਲਗਦਾ। ਟਬ 'ਚੋਂ ਨਿਕਲ ਕੇ, ਤੌਲੀਏ ਨਾਲ ਜਿਸਮ ਰਗੜ ਕੇ ਛੇਤੀ ਕਪੜੇ ਪਾ ਲਏ ਨੇ। ਤੇ ਕੁਰਸੀ ਤੇ ਬਹਿ ਗਈ ਹਾਂ। ਪਰ ਨਾਵਲ ਪੜ੍ਹਨ ਨੂੰ ਦਿਲ ਨਹੀਂ ਕਰਦਾ।

ਸਾਢੇ ਦਸ ਵਜ ਗਏ ਨੇ। ਪਤਾ ਨਹੀਂ ਨੀਂਦ ਕਦੋਂ ਆਵੇ।...ਰਾਤ ਮੁਕਦੀ ਈ ਨਹੀਂ।...ਜਦ ਮੈਂ ਛੋਟੀ ਹੁੰਦੀ ਸੀ ਤਾਂ ਸੋਚਦੀ ਹੁੰਦੀ ਸੀ ਕਿ ਧੌਲਿਆਂ ਵਾਲਾ ਜੇ ਕੋਈ ਬੰਦਾ ਮਰ ਵੀ ਜਾਵੇ ਤਾਂ ਕੀ ਹਰਜ਼ ਏ। ਉਹ ਬਥੇਰਾ ਖਾ ਹੰਢਾ ਗਿਆ ਏ।...ਹੁਣ ਪਤਾ ਲਗਦਾ ਏ ਪਈ ਏਸ ਉਮਰ 'ਚ ਵੀ ਬੰਦਾ ਕਿੰਨਾ ਸੰਪੂਰਨ ਹੁੰਦਾ ਏ। ਰੱਜ ਕੇ ਜਿਉਣ ਦੀ ਉਹਦੀ ਤਮੰਨਾ ਜਵਾਨਾਂ ਨਾਲੋਂ ਵੀ ਵਧ ਹੁੰਦੀ ਏ।...ਉਹਨੂੰ ਵੀ ਸ਼ਾਮ ਲਾਲ ਦੀ ਲੋੜ ਹੁੰਦੀ ਏ, ਥਾਪਰ ਦੀ ਲੋੜ ਏ।

ਮੈਂ ਡਾਕਟਰ ਨੂੰਹ ਲਈ ਸੱਸ ਨਹੀਂ ਬਣਨਾ ਚਾਹੁੰਦੀ। ਡਾਕਟਰ ਲਈ ਰੋਕਾਂ ਲਾਉਣ ਤੇ ਨਸੀਹਤਾਂ ਕਰਨ ਵਾਲੀ ਮਾਂ ਨਹੀਂ ਬਣਨਾ ਚਾਹੁੰਦੀ।...ਕੁਸ਼ਲਿਆ ਤੇ ਖੁਸ਼ੀਏ ਲਈ ਮਾਲਕਣ ਨਹੀਂ ਬਣਨਾ ਚਾਹੁੰਦੀ।...ਫੇਰ ਇਹ ਸਾਰੇ ਮੇਰੇ ਵਿਰੁਧ ਕਿਉਂ ਖੜ੍ਹੇ ਨੇ ? ਦੁਸ਼ਮਣ ਕਿਉਂ ਹੋ ਗਏ ਨੇ ਮੇਰੀ ਜਾਨ ਦੇ ?

[593-ਮੋਤਾ ਸਿੰਘ ਨਗਰ, ਜਲੰਧਰ]

ਹਰਭਜਨ ਸਿੰਘ ਹੁੰਦਲ

# ਦੋ ਕਵਿਤਾਵਾਂ

## ਤੂੰ ਭਾਵਕ ਨਾ ਹੋਵੀਂ

ਤੂੰ ਭਾਵਕ ਬਿਲਕੁਲ ਨਾ ਹੋਵੀਂ
ਐਵੇਂ ਲੋਕਾਂ ਲਈ ਤਮਾਸ਼ਾ ਬਣੇਂਗੀ

ਭਾਵਕ ਹੋਇਆਂ
ਕੁਝ ਵੀ ਹੋਇਆ, ਅਣਹੋਇਆ ਨਹੀਂ ਹੋਣਾ
ਤੇ ਨਾ ਮਰ ਗਏ ਸੁਪਨਿਆਂ ਦੇ ਵਿਰਲਾਪ ਨੇ ਹੀ ਸਹਾਰਾ ਦੇਣਾ

ਤੂੰ ਖਬਰੇ ਕਿਸ ਮਿੱਟੀ ਦੀ ਬਣੀ ਏਂ
ਕਿ ਗੱਲ ਗੱਲ 'ਤੇ ਫਿਸ ਪੈਂਦੀ ਏਂ
ਤੇ ਫਿਰ ਰੋਂਦੀ ਰੋਂਦੀ ਦੇ ਅੱਥਰੂ ਨਹੀਂ ਸੁਕਦੇ

ਉਂਝ ਵੀ ਹਾਲਾਤ ਦੇ ਥਪੇੜੇ ਕੁਝ ਇਸ ਤਰ੍ਹਾਂ ਪੈਂਦੇ ਨੇ
ਕਿ ਬੰਦੇ, ਪੱਥਰ ਹੋਈ ਜਾਂਦੇ ਨੇ
ਰਿਸ਼ਤੇ-ਨਾਤੇ ਕਾਗਜ਼ੀ-ਨੋਟਾਂ ਦੇ ਬਣੀ ਜਾਂਦੇ ਨੇ
ਤੇ ਜਜ਼ਬੇ, ਮੰਡੀ ਦੀ ਨਗੂਣੀ ਵਸਤੂ
ਬਣ ਕੇ ਰਹਿ ਗਏ ਨੇ ।

ਤੂੰ ਹੀ ਦੱਸ ਕਿ ਬੰਦਾ,
ਕਿਹੜੇ ਕਿਹੜੇ ਰਿਸ਼ਤੇ ਦਾ ਮਾਤਮ ਕਰੇ
ਕਿਹੜੀ ਕਿਹੜੀ ਗੱਲ 'ਤੇ ਰੋਵੇ
ਦਿਲ ਤੇ ਪੱਥਰ ਧਰੇ,
ਨਗੂਣੀਆਂ ਗੱਲਾਂ ਤੇ
ਤਾਹਨਿਆਂ-ਮਿਹਣਿਆਂ ਦੇ ਤਿੱਖੇ ਤੀਰ ਜਰੇ

ਠੀਕ ਹੈ, ਟੁੱਟਦੇ ਰਿਸ਼ਤਿਆਂ 'ਤੇ ਰੋਣ ਆਉਂਦਾ ਹੈ
ਭੈਣਾਂ-ਭਰਾਵਾਂ ਵਿਚ ਤਰੇੜ ਪੈਂਦੀ ਹੈ
ਤਾਂ ਹਉਕਾ ਨਿਕਲ ਜਾਂਦਾ ਹੈ

ਪਰ ਭਾਵਕ ਹੋਣ ਨਾਲ
ਕੌੜੇ-ਕੁਸੈਲੇ, ਹਾਲਾਤ ਨਹੀਂ ਬਦਲਦੇ

ਤੇ ਨਾ ਹੀ ਅੱਥਰੂਆਂ ਦੇ ਸੇਕ ਨਾਲ
ਕਿਸੇ ਦਾ ਉੱਚਾ ਨੱਕ ਮੋਮ ਬਣਦਾ ਹੈ
ਕਿ ਫੜ ਕੇ ਜਿੱਧਰ ਮਰਜ਼ੀ ਮੋੜ ਲਿਆ ਜਾਵੇ

ਇਸ ਲਈ ਮੈਂ ਕਹਿਨਾਂ
ਕਿ ਘਰੋਂ ਤੁਰਨ ਵੇਲੇ
ਪੋਟਾ ਪੋਟਾ ਖੁਰਨ ਵੇਲੇ
ਤੂੰ ਭਾਵਕ ਬਿਲਕੁਲ ਨਾ ਹੋਵੀਂ
ਐਵੇਂ ਵੇਖਣ ਵਾਲਿਆਂ ਲਈ ਤਮਾਸ਼ਾ ਬਣੇਂਗੀ । o

## ਬਹਾਰ ਦਾ ਸਮਾਂ

ਉਸ ਦੇ ਜਾਣ ਪਿੱਛੋਂ
ਉਹ ਨੀਲੀਆਂ ਅੱਖਾਂ ਵਾਲੀ
ਸੁਹਣੀ ਜਹੀ ਕੁੜੀ ਫੇਰ ਆਈ ਸੀ
ਆ ਕੇ ਉਸ ਦੇ ਬਾਰੇ ਪੁੱਛਦੀ ਸੀ ।

ਮੈਂ ਆਖਿਆ;
ਉਹ ਤਾਂ ਰਾਤੀਂ ਆਇਆ ਸੀ
ਬੜੀ ਦੇਰ ਬਾਅਦ, ਘੜੀ ਪਲ ਲਈ
ਤੇ ਉਹਨੀਂ ਪੈਰੀਂ ਹੀ ਪਰਤ ਗਿਆ ।

ਪੁੱਛਦੀ ਸੀ;
ਫਿਰ ਕਦੋਂ ਆਵੇਗਾ
ਜੇ ਆਵੇ ਤਾਂ ਮੈਨੂੰ ਦੱਸੀਂ
ਮੈਂ ਉਹਨੂੰ ਇੱਕ ਗੱਲ ਪੁੱਛਣੀ ਹੈ
ਬਹਾਰ ਬਾਰੇ ।

ਮੈਂ ਆਖਿਆ;
ਉਂਝ ਮੈਂ ਪੁੱਛ ਵੇਖਾਂਗੀ
ਪਰ ਬਹਾਰ ਦਾ ਕੋਈ ਦਿਨ ਨੀਯਤ ਨਹੀਂ ਹੈ
ਮੈਂ ਸਿਰਫ਼ ਏਨਾ ਹੀ ਦੱਸ ਸਕਦੀ ਹਾਂ
ਕਿ ਬਹਾਰ ਆਵੇਗੀ ਜ਼ਰੂਰ,
ਭਾਵੇਂ ਅੱਗੋਂ ਆਵੇ ਜਾਂ ਪਿੱਛੋਂ

ਪਰ ਜੇ ਕੁੜੀ ਫਿਰ ਆਵੇ
ਮੈਂ ਸੋਚਿਆ
ਮੈਂ ਉਸ ਨੂੰ ਕੀ ਕਹਾਂਗੀ

ਘਰ ਆਉਣ 'ਤੇ
ਸਾਰੀ ਗੱਲ ਸੁਣ ਕੇ ਉਹ ਮੁਸਕਰਾਇਆ
ਹੱਸਿਆ, ਤੇ ਬਹਾਰ ਵਾਂਗ ਖਿੜ ਗਿਆ

"ਬਹਾਰ ਇੰਝ ਨਹੀਂ ਆਉਣੀ"
ਉਸ ਕਿਹਾ;
ਜਿਵੇਂ ਹੋਟਲ 'ਚ ਬਹਿਰਾ
ਗਰਮ ਗਰਮ ਕਾਫੀ ਲਿਆਉਂਦਾ ਹੈ
ਤੇ ਲਿਆ ਕੇ ਮੇਜ਼ 'ਤੇ ਟਿਕਾਉਂਦਾ ਹੈ

ਬਹਾਰ ਦਿਲ ਦਾ ਗੁਲਾਬ ਮੰਗਦੀ ਹੈ
ਉਸ ਕਿਹਾ;
ਤੇ ਉਸ ਦਾ ਮੂੰਹ
ਗੁਲਾਬ ਵਾਂਗ ਲਾਲ-ਸੂਹਾ ਹੋ ਗਿਆ।

[ਪਿੰਡ : ਫੱਤੂ ਚੱਕ, ਡਾ: ਢਿਲਵਾਂ, ਜ਼ਿਲਾ ਕਪੂਰਥਲਾ]

ਮੇਜਰ ਪਿਆਰਾ ਸਿੰਘ

## ਰੋਜ਼ ਵਾਂਙੂ

ਰੋਜ਼ ਵਾਂਙੂ ਨਿਉਂ ਕੇ ਸਰਦਲ ਤੋਂ ਮੈਂ ਅਖ਼ਬਾਰ ਫੜਿਆ
ਰੋਜ਼ ਵਾਂਙੂ ਸੁਹਲ ਕੂਲੀ ਸਵੇਰ ਨੇ
ਸੋਚ ਦੀ ਹੱਥ-ਤਲੀ ਉਤੇ ਸੁਲਗਦਾ ਅੰਗਿਆਰ ਧਰਿਆ
ਰੋਜ਼ ਵਾਂਙੂ ਅੱਖ ਨੇ
ਤੜਫ ਰਹੀਆਂ ਸੁਰਖੀਆਂ ਸਨਮੁਖ ਖਲੋਵਣ ਦਾ
ਅਧੂਰਾ, ਅਨਮਨਾ ਜਿਹਾ ਯਤਨ ਕੀਤਾ
ਰੋਜ਼ ਵਾਂਙੂ ਨਜ਼ਰ ਨੇ ਇਕ ਉਬਲਦਾ ਦਰਿਆ ਤਰਿਆ।

ਗੌਤਮ ਤੇ ਗਾਂਧੀ ਦੇ ਪਵਿੱਤਰ ਚਰਨ-ਕਮਲਾਂ 'ਤੇ
ਫਿਰ ਅਹਿੰਸਾ ਦਾ ਅਸਾਂ ਅੱਜ ਸੀਸ ਧਰਿਆ।
ਦੂਰ ਕਿਧਰੇ ਗੁਰਬਤਾਂ ਦੀ ਨੀਂਦ ਅੰਦਰ ਚੂਰ
ਘੂਕ ਸੁੱਤੀ ਬਸਤੀ ਦੀਆਂ ਬੀਮਾਰ ਛੱਤਾਂ 'ਤੇ
ਜਬਰ ਦੇ ਕਰੋਧਵੰਤੇ, ਜ਼ਹਿਰ ਫਕਦੇ ਸ਼ੁਅਲਿਆਂ ਦਾ ਮੀਂਹ ਵਰ੍ਹਿਆ
ਕੀ ਖ਼ਬਰ ਕਿ ਮਿਹਰ ਦੇ ਨੇਤਰ 'ਚੋਂ ਹਮਦਰਦੀ ਦਾ ਹੰਝੂ
ਕਿਸ ਨਿਕਰਮੀ ਭੋਂ 'ਚ ਕਿਰਿਆ !

ਥਲ 'ਚ ਨਖਲਿਸਤਾਨ ਬੀਜਣ ਦਾ ਇਰਾਦਾ ਲੈ ਕੇ ਚੰਚਲ ਮਿਰਗ ਤੁਰਿਆ
ਫੇਰ ਸ਼ਾਸਨ ਦੇ ਸ਼ਿਕਾਰੀ ਦੀ ਕੁੜਿੱਕੀ ਆਣ ਫਸਿਆ।
ਲਹਿ ਗਿਆ ਸੂਹੇ ਅਜ਼ਮ ਦੇ ਕਾਲਜੇ
ਬੋਹੜ ਦੀ ਝਾੜੀ ਦੇ ਪਿੱਛੋਂ ਅੱਗ ਦਾ ਤੋੜਾ ਜੋ ਝੜਿਆ
ਦੁੱਧ-ਚਿੱਟੇ ਦੇਸ਼ ਦੇ ਇਨਸਾਫ਼ ਨੇ
ਉਸ ਜਗਦੇ ਅਜ਼ਮ ਸਿਰ
ਨ੍ਹੇਰਿਆਂ ਦੇ ਕਤਲ ਦੀ ਸਾਜ਼ਿਸ਼ ਦਾ ਫਿਰ ਇਲਜ਼ਾਮ ਧਰਿਆ।

ਫਿਰ ਸੁਹਾਗ ਰਾਤ ਲਈ ਸ਼ਗਨਾਂ ਦਾ ਸਾਲੂ
ਬਣ ਗਿਆ ਫਾਂਸੀ ਦਾ ਫੰਦਾ
ਸੇਜ ਪੁਸ਼ਪੀ, ਸੰਦਲੀ ਜੁੱਸੇ ਲਈ ਇਕ ਅੱਗ ਦਾ ਦਰਿਆ ਬਣਿਆ।
ਫਿਰ ਕਿਸੇ ਮਮਤਾ ਦੀ ਆਂਦਰ
ਫਿਰ ਕਿਸੇ ਦੇ ਮੋਹ ਦਾ ਕੋਈ ਧੜਕਦਾ ਟੋਟਾ ਹਵਸ ਦੇ ਭੱਠ ਸੜਿਆ।

ਮੁੱਦਤਾਂ ਹੋਈਆਂ ਕਿ ਬੁੱਢਾ ਸੋਮਨਾਥ
ਗ਼ਜ਼ਨਵੀ ਦੀ ਮਾਰ ਦਾ ਮਰਿਆ, ਉਜੜਿਆ
ਜਿਸਦੀ ਬਰਬਾਦੀ 'ਤੇ ਕੇਰੇ ਹਰ ਸਦੀ ਨਮਕੀਨ ਹੰਝੂ
ਫਿਰ ਉਹੀ ਬਰਬਾਦ ਬੁੱਤਖਾਨਾ ਸਜਾਵਣ ਵਾਸਤੇ
ਇਸ ਸਦੀ ਦੀ ਮਹਾਂ-ਚਾਤੁਰ ਬੁੱਢੀ ਸ਼ਿਲਪਣ ਨੇ
ਵਰਤਕੇ ਨਵਯੁਗ ਦੇ ਸਭ ਛੈਣੀਆਂ ਤੇਸੇ
ਬ੍ਰਾਹਮਣ ਪ੍ਰੰਪਰਾ ਦੀ ਮੋਈ ਮਿੱਟੀ ਚੋਂ
ਨਵਾਂ ਸੁੰਦਰ ਜਿਹਾ ਬਾਵਾ ਬਣਾ ਧਰਿਆ
ਜਿਦ੍ਹੇ ਚਰਨਾਂ 'ਚ ਭਾਰਤਵਰਸ਼ ਮੇਰਾ
ਸਿਰ ਨਿਵਾਈ; ਹੱਥ ਬੰਨ੍ਹ ਖੜਿਆ
ਤੇ ਮੇਰਾ ਮਨ ਮਸੀਹਾ ਸੋਚ ਦੀ ਸੂਲੀ 'ਤੇ ਚੜ੍ਹਿਆ
ਤੇ ਮੇਰੀ ਰੂਹ ਨੇ ਫਿਰ ਅੱਗ ਦਾ ਇਕ ਘੁੱਟ ਭਰਿਆ
ਰੋਜ਼ ਵਾਂਙੂ ਨਿਉਂ ਕੇ............

o

ਅਤਰਜੀਤ

# ਕਹਾਣੀ ਕੌਣ ਲਿਖੇਗਾ ?

ਸੌ ਕੁ ਬੰਦੇ ਤੇ ਪੰਜ ਛੇ ਕੁ ਔਰਤਾਂ ਹੀ ਜਲੂਸ ਵਿਚ ਸ਼ਾਮਲ ਹੋ ਸਕੇ ਸਨ। ਅਸੀਂ ਮੂਹਰਲੀਆਂ ਕਤਾਰਾਂ ਵਿਚ ਸਾਂ ਅਤੇ ਦੋ ਦੋ ਦੀਆਂ ਕਤਾਰਾਂ ਵਿਚ ਤੁਰ ਰਹੇ ਸਾਂ। ਅਸੀਂ ਹੱਥਾਂ ਵਿਚ ਫ਼ਿਰਕੂ ਸਦਭਾਵਨਾ ਦੇ ਨਾਰ੍ਹਿਆਂ ਨਾਲ ਸਜੇ ਮਾਟੋ ਅਤੇ ਬੈਨਰ ਚੁੱਕੇ ਹੋਏ ਸਨ। ਕੋਈ ਵੀ ਖਾਲੀ ਹੱਥ ਨਹੀਂ ਸੀ। ਸਭ ਤੋਂ ਅੱਗੇ ਸਾਡੀ ਸਭਾ ਦਾ ਬੈਨਰ ਸੀ ਜਿਸ ਨੂੰ ਬਾਂਸ ਦੀਆਂ ਸੋਟੀਆਂ ਵਿਚ ਪਾ ਕੇ ਦੋ ਸਾਥੀਆਂ ਨੇ ਉਪਰ ਤਣਿਆ ਹੋਇਆ ਸੀ। ਉਸ ਤੋਂ ਪਿਛੇ ਕੁੱਝ ਹੋਰ ਭਰਾਤਰੀ ਜਥੇਬੰਦੀਆਂ ਤੇ ਰਾਜਨੀਤਕ ਸਮਾਜ ਸੁਧਾਰਕ ਸੰਸਥਾਵਾਂ ਦੇ ਲੋਕ ਚਲ ਰਹੇ ਸਨ।

ਬੇਬੇ ਧਰਮ ਕੌਰ ਬਹੁਤ ਹੀ ਨਾਟਕੀ ਢੰਗ ਨਾਲ ਜਲੂਸ ਵਿਚ ਸ਼ਾਮਲ ਹੋਈ ਸੀ। ਸਾਡੀਆਂ ਕਈ ਜਣਿਆਂ ਦੀਆਂ ਨਿਗਾਹਾਂ ਨੇ ਜਲੂਸ ਵਿਚ ਇਕ ਖ਼ਾਸ ਕਿਸਮ ਦਾ ਖਾਲੀ-ਪਣ ਵੇਖਿਆ ਸੀ। ਸਾਡੀਆਂ ਕਈ ਜਾਣੂ-ਪਛਾਣੂਆਂ ਦੀਆਂ ਨਿਗਾਹਾਂ ਨੂੰ ਬੇਬੇ ਧਰਮ ਕੌਰ ਦਾ ਵਿਚਕਾਰ ਨਾ ਹੋਣਾ ਖਟਕਿਆ ਸੀ ਤੇ ਖਾਸ ਕਰਕੇ ਫਾਤਮਾ ਬੀਬੀ ਤੇ ਦਰੋਪਤੀ ਤੋਂ ਬਿਨਾਂ ਜਿਵੇਂ ਜਲੂਸ ਵਿਚ ਰੂਹ ਹੀ ਨਹੀਂ ਸੀ ਪੈਦਾ ਹੋਈ।

ਅਸੀਂ ਗਲੀ ਦੇ ਅਖੀਰ ਅਤੇ ਮੁਖ ਬਾਜ਼ਾਰ ਦੇ ਆਰੰਭਕ ਦੁਆਰ 'ਤੇ ਅੱਪੜ ਗਏ ਸਾਂ। ਇਹ ਅਜੇਹੀ ਥਾਂ ਸੀ ਜਿਥੇ ਮਿਉਂਸਪੈਲਟੀ ਦੇ ਸਫ਼ਾਈ ਸੇਵਕ ਰੇੜ੍ਹੀਆਂ ਉਲਟਾ ਕੇ ਜਾਇਆ ਕਰਦੇ ਸਨ। ਇਹ ਗਲੀ ਇਥੇ ਚੌੜੀ ਵੀ ਸ਼ਾਇਦ ਇਸੇ ਕਰਕੇ ਸੀ ਤਾਂ ਜੋ ਸ਼ਹਿਰ ਦੇ ਗੰਦ ਨੂੰ ਇਥੇ ਢੇਰ ਲੱਗਣ ਦੀ ਆਗਿਆ ਮਿਲ ਸਕੇ। ਇਥੇ ਇਕ ਹੋਰ ਗਲੀ ਵੀ ਮਿਲਦੀ ਸੀ ਜਿਧਰੋਂ ਬੇਬੇ ਧਰਮ ਕੌਰ, ਫਾਤਮਾ ਬੀਬੀ, ਦਰੋਪਤੀ ਤੇ ਧਾਗਾ ਫੈਕਟਰੀ ਦੀਆਂ ਦਰਜਨ ਕੁ ਕੁੜੀਆਂ ਆ ਪਰਗਟ ਹੋਈਆਂ ਸਨ।

ਜਦੋਂ ਅਸੀਂ ਅੱਗੇ ਅੱਗੇ ਵਧਦੇ ਜਾ ਰਹੇ ਸਾਂ ਤਾਂ ਬੇਬੇ ਧਰਮ ਕੌਰ ਨੇ ਸਭ ਨੂੰ ਭਾਵਕ ਕਰ ਦਿੱਤਾ ਸੀ। ਉਹ ਜਲੂਸ ਦੇ ਅੱਗੇ ਖੜ੍ਹੀ ਹੋ ਗਈ ਸੀ। ਅਸੀਂ ਵੀ ਉਸ ਨੂੰ ਵੇਖ ਕੇ ਰੁਕ ਗਏ ਸਾਂ। ਉਸਨੇ ਕੁੜੀਆਂ ਤੋਂ ਸੱਜਰੇ ਫੁੱਲਾਂ ਦੇ ਹਾਰ ਫੜ ਕੇ ਸਾਡੇ (ਜੋ ਜਲੂਸ ਦੀ ਅਗਵਾਈ ਕਰ ਰਹੇ ਸਨ) ਗਲਾਂ ਵਿਚ ਪਾ ਦਿੱਤੇ ਸਨ। ਉਸਦੀਆਂ ਗੱਲ੍ਹਾਂ 'ਤੇ ਹੰਝੂ ਵਹਿ ਤੁਰੇ ਸਨ ਤੇ ਉਸਦੇ ਠੋਡੀ 'ਤੇ ਬੁੱਲ੍ਹ ਕੰਬ ਰਹੇ ਸਨ।

"ਤੁਸੀਂ ਇੰਨਾ ਜਲਦੀ ਇਨ੍ਹਾਂ ਅੱਖਾਂ ਵਿਚ ਛਲਕਦੀ ਕਹਾਣੀ ਨੂੰ ਪੜ੍ਹ ਨਹੀਂ ਸਕਦੇ, ਇਸ ਵਾਸਤੇ ਬਹੁਤ ਜਿਗਰੇ ਅਤੇ ਸਮੇਂ ਦੀ ਲੋੜ ਹੈ।" ਇਹ ਸ਼ਬਦ ਪਤਾ ਨਹੀਂ ਕਿਸਨੇ ਆਖੇ ਸਨ, ਪਰ ਇਨ੍ਹਾਂ ਸ਼ਬਦਾਂ ਦਾ ਸ਼ੋਰ ਮੈਂ ਸੁਣਿਆ ਜ਼ਰੂਰ ਸੀ। ਇਹ ਸੱਚ ਸੀ ਕਿ ਉਸਦੀਆਂ ਅੱਖਾਂ ਵਿਚ ਛਲਕਦੀ ਕਹਾਣੀ ਨੂੰ ਇੰਨਾ ਜਲਦੀ ਕੋਈ ਵੀ ਨਹੀਂ ਸੀ ਪੜ੍ਹ

ਸਕਦਾ। ਸਭ ਨੇ ਜੋ ਵੇਖਿਆ ਸੀ, ਉਹ ਇਹੀ ਸੀ ਕਿ ਉਸਦੀਆਂ ਗੱਲ੍ਹਾਂ 'ਤੇ ਕੋਸੇ ਤੇ ਖਾਰੇ ਹੰਝੂ ਲਟਕੇ ਹੋਏ ਸਨ ਤੇ ਸ਼ਾਇਦ ਕਈਆਂ ਨੇ ਆਪਣੇ ਗਲਾਂ ਦੁਆਲੇ ਬੇਬੇ ਦੇ ਹੱਥਾਂ ਦੀ ਛੁਹ ਵੀ ਅਨੁਭਵ ਕੀਤੀ ਸੀ। ਉਹ ਪਿੱਛੇ ਹਟ ਗਈ ਸੀ ਤੇ ਡੁੱਬ-ਡੁਬਾਈਆਂ ਨਜ਼ਰਾਂ ਨਾਲ ਸਾਡੇ ਵੱਲ ਵੇਖਦੀ ਰਹੀ ਸੀ। ਫਾਤਮਾ ਬੀਬੀ, ਜਿਸਦੇ ਗੋਰੇ ਚਿਹਰੇ ਵਿਚ ਲਾਲੀ ਦੀ ਕੁਦਰਤੀ ਭਾਹ ਸੀ ਤੇ ਕਣਕਵੰਨੇ ਰੰਗ ਵਾਲੀ ਦਰੋਪਤੀ ਉਸਦੇ ਸੱਜੇ ਖੱਬੇ ਸੱਜਰੇ ਫੁੱਲਾਂ ਦੇ ਹਾਰ ਲਈ ਖੜ੍ਹੀਆਂ ਸਨ। ਬੇਬੇ ਧਰਮ ਕੌਰ ਦੁਹਾਂ ਬੁੱਕਾਂ ਨਾਲ ਫੁੱਲ-ਪੱਤੀਆਂ ਮੁਜ਼ਾਹਰਾਕਾਰੀਆਂ ਉੱਤੇ ਵਰਸਾਉਣ ਲੱਗ ਪਈ ਸੀ।

"ਬੇਬੇ ਭਾਵਕ ਹੋ ਗਈ ਹੈ।" ਕਿਸੇ ਨੇ ਪਿਛੋਂ ਕਿਹਾ।

"ਉਹ ਭਾਵਕ ਹੋਏ ਬਿਨਾਂ ਰਹਿ ਵੀ ਨਹੀਂ ਸਕਦੀ, ਸਾਥੀ, ਨਾਲੇ ਇਹੋ ਜੇਹੇ ਮੌਕੇ 'ਤੇ ਭਾਵਕ ਹੋਣਾ ਵੀ ਚਾਹੀਦਾ ਹੈ।..." ਦੂਜੇ ਦੀ ਗੱਲ ਚੱਲ ਰਹੀ ਸੀ। ਮੈਂ ਉਸਨੂੰ ਨਵਾਂ ਮੋੜ ਦਿੰਦਿਆਂ ਕਿਹਾ, "ਜੇ ਕਰ ਇਸ ਭਾਵਕਤਾ ਵਿਚ ਨੇਕੀ, ਹੱਕ-ਸੱਚ ਤੇ ਇਨਸਾਫ਼ ਦੀ ਭਾਵਨਾ ਰਲੀ ਹੋਵੇ।"

"ਖੂਬ !" ਪਰਮੇਸ਼ਰ ਸਿੰਘ, ਜਿਸ ਨੇ ਪੀਲੀ ਫਿਫਟੀ ਦੇ ਉਤੋਂ ਕਾਲੀ ਪਗੜੀ ਚੁਣ ਚੁਣ ਕੇ ਬੰਨ੍ਹੀ ਹੋਈ ਸੀ, ਨੇ ਵੀ ਭਾਵਕਤਾ ਵੱਸ, ਮੁੱਕੀ ਹਵਾ ਵਿਚ ਉਲਾਰਦਿਆਂ ਕਿਹਾ ਸੀ। ਮੈਂ ਹੁਣ ਉਸਦੀ ਕੰਘੇ ਨਾਲ ਵਾਹੀ ਭਰਵੀਂ ਤੇ ਸੁਹਣੀ ਦਾਹੜੀ ਵੱਲ ਵੇਖਿਆ। ਉਹ ਕਿਸੇ ਬਰਾਬਰ ਤੁਰ ਰਹੇ ਸਾਥੀ ਨੂੰ ਸੰਬੋਧਨ ਕਰਕੇ ਕਹਿ ਰਿਹਾ ਸੀ : "ਸਾਥੀ ! ਤੈਨੂੰ ਪਤੈ ਇਸ ਘਟਨਾ ਦਾ ਰਾਜ਼ ਕੀ ਹੈ ?"

"ਸਿੰਘ ਸਾਹਿਬ ! ਇਹ ਗੱਲਾਂ ਫੇਰ ਕਰਾਂਗੇ। ਮੈਂ ਆਪਣੀ ਫਰ ਦੀ ਟੋਪੀ ਲਾਹ ਕੇ ਹੱਥ ਵਿਚ ਫੜ ਕੇ ਹਵਾ ਵਿਚ ਲਹਿਰਾਈ : "ਹਿੰਦੂ, ਮੁਸਲਿਮ, ਸਿੱਖ, ਇਸਾਈ।" ਸਾਰਿਆਂ ਨੇ ਇਕ ਸੁਰ ਹੋ ਕੇ ਜਵਾਬ ਦਿਤਾ : "ਅਸੀਂ ਹਾਂ ਸਾਰੇ ਭਾਈ ਭਾਈ।"

ਜਲੂਸ ਅੱਗੇ ਤੁਰ ਪਿਆ। ਬੀਬੀ ਫਾਤਮਾ ਅਤੇ ਦਰੋਪਤੀ ਨੇ ਸਾਡੇ ਵਾਲਾ ਬੈਨਰ ਫੜ ਲਿਆ। ਉਨ੍ਹਾਂ ਦੇ ਮਗਰ ਹੋਰ ਬੀਬੀਆਂ ਅਤੇ ਉਨ੍ਹਾਂ ਤੋਂ ਮਗਰ ਅਸੀਂ। ਬੇਬੇ ਧਰਮ ਕੌਰ ਇਕ ਪਾਸੇ ਤੁਰ ਰਹੀ ਸੀ।

o

ਉਹ ਦਰਮਿਆਨੇ ਜੇਹੇ ਸਰੀਰ ਤੇ ਕੱਦ ਵਾਲੀ ਪੰਜਾਹ ਪਚਵੰਜਾ ਨੂੰ ਢੁੱਕੀ ਹੋਈ ਔਰਤ ਸੀ; ਪਰ ਡੀਲ-ਡੌਲ ਅਤੇ ਰੰਗ ਰੂਪ ਪੱਖੋਂ ਉਹ ਅਜੇ ਚਾਲੀਆਂ ਕੁ ਦੀ ਲਗਦੀ ਸੀ। ਉਸਦੇ ਸਿਰ ਵਿਚ ਹਾਲੇ ਕੋਈ ਬਹੁਤੇ ਧੌਲੇ ਨਹੀਂ ਸਨ ਆਏ। ਉਸ ਦੇ ਰੰਗ ਵਿਚ ਅਜੇ ਵੀ ਗੁਲਾਬੀ ਭਾਹ ਕਾਇਮ ਸੀ ਤੇ ਪਤਲੇ ਬੁਲ੍ਹਾਂ ਵਿਚ ਅਜੇ ਵੀ ਗੁਲਾਬੀ ਫੁੱਲਾਂ ਜਿਹੀ ਰੰਗਤ 'ਤੇ ਮਹਿਕ ਸੀ। ਉਸ ਬਾਰੇ ਬਹੁਤੇ ਲੋਕਾਂ ਨੂੰ ਏਦੂੰ ਵੱਧ ਕੁਝ ਵੀ ਪਤਾ ਨਹੀਂ ਸੀ ਕਿ ਉਹ ਇਸੇ ਸ਼ਹਿਰ ਦੀ ਇਕ ਸੁੰਨੀ ਜੇਹੀ ਨੁੱਕਰ ਵਿਚ ਰਹਿੰਦੀ ਹੈ ਤੇ ਉਸਦੇ ਜਾਣੂ-ਪਛਾਣੂ ਅਤੇ ਗਲੀ ਮੁਹੱਲੇ ਦੇ ਤੀਵੀਂਆਂ-ਮਰਦ ਉਸਨੂੰ ਬੇਬੇ ਕਹਿ ਕੇ ਬਲਾਉਂਦੇ ਸਨ। ਜਿਸ ਬੱਚੇ ਦੀ ਜ਼ਬਾਨ 'ਤੇ ਪੰਜਾਬੀ ਮਾਂ ਬੋਲੀ ਦਾ ਪਹਿਲਾ ਸ਼ਬਦ ਥਰਕਿਆ ਹੋਵੇਗਾ, ਉਸਨੇ ਵੀ ਉਸਨੂੰ ਬੇਬੇ ਕਹਿਕੇ ਬੁਲਾਇਆ ਹੋਵੇਗਾ। ਉਹ ਪਰਮੇਸ਼ਰ ਸਿੰਘ, ਫਾਤਮਾ ਬੀਬੀ, ਦਰੋਪਤੀ, ਰਾਮ ਚੰਦ ਤੇ ਅੱਲਾ ਦੀਨ ਸਭ ਦੀ ਬੇਬੇ ਸੀ।

ਉਹ ਰੋਜ਼ ਸਵੇਰੇ ਉਠਦੀ ਸੀ ਤੇ ਆਪਣੇ ਬੇਟੇ ਬੇਟੀਆਂ ਨੂੰ ਜਗਾਉਂਦੀ ਸੀ। ਉਹ ਸਾਰਿਆਂ ਨੂੰ ਗੁਰਦੁਆਰੇ, ਮੰਦਰ, ਮਸੀਤੇ ਤੇ ਸਾਂਈਂ ਦੀ ਦਰਗਾਹ ਵੱਲ ਤੋਰਦੀ ਸੀ। ਗੁਰਦੁਆਰਿਓਂ ਆਇਆ ਭੋਗ, ਮੰਦਰੋਂ ਆਈਆਂ ਖਿੱਲਾਂ ਤੇ ਦਰਗਾਹ ਤੋਂ ਆਏ ਪਤਾਸ਼ੇ ਉਹ ਆਪਣੇ ਹੱਥੀਂ ਸਭ ਨੂੰ ਵਰਤਾਉਂਦੀ ਸੀ। ਕਈ ਵਾਰ ਆਪ ਵੀ ਉਨ੍ਹਾਂ ਨਾਲ ਚਲੀ ਜਾਂਦੀ ਸੀ।

ਜਲੂਸ ਅੱਗੇ ਅੱਗੇ ਤੁਰਿਆ ਜਾਂਦਾ ਸੀ। ਸਵਾ ਕੁ ਸੌ ਲੋਕਾਂ ਦਾ ਇਕ ਨਿੱਕਾ ਜੇਹਾ ਕਾਫ਼ਲਾ-ਗਲੀਆਂ-ਬਾਜ਼ਾਰਾਂ ਵਿਚੋਂ ਦੀ ਨ੍ਹਾਰੇ ਮਾਰਦਾ। ਬੇਬੇ ਹੁਣ ਵੀ ਇਕ ਪਾਸੇ ਤੁਰ ਰਹੀ ਸੀ। ਗਾਤਰੇ ਪਾਈ ਕਿਰਪਾਨ ਉਸਦੇ ਆਪਣੇ ਹੀ ਹੱਥ ਨਾਲ ਕਦੇ ਕਦਾਈਂ ਅੱਗੇ ਪਿਛੇ ਝੂਲ ਜਾਂਦੀ ਸੀ। ਕਦੇ ਕਦਾਈਂ ਉਹ ਕਿਸੇ ਅਨੋਖੇ ਜੇਹੇ ਰੰਗ ਵਿਚ ਆ ਜਾਂਦੀ—ਕਦੀ ਵਿਸਮਾਦ ਵਿਚ ਆ ਕੇ ਅੱਖਾਂ ਮੀਟ ਲੈਂਦੀ। ਬੂਹਿਆਂ, ਅੱਗੇ ਜਾਂ ਕੋਠਿਆਂ ਦੀ ਛੱਤਾਂ 'ਤੇ ਖੜ੍ਹੇ ਲੋਕਾਂ ਨੂੰ ਉਹ ਇਕੋ ਵਾਰ ਹੱਥ ਜੋੜ ਕੇ ਫਤਿਹ ਬੁਲਾਉਂਦੀ, ਨਮਸਕਾਰ ਕਰਦੀ ਸਿਜਦਾ ਕਰਦੀ ਤੇ ਅਸਮਾਨ ਵੱਲ ਹੱਥ ਫੈਲਾ ਕੇ ਦੁਆ ਕਰਦੀ। ਬੇਬੇ ਦੀ ਇਸ ਵਿਉਂਤ-ਬੰਦੀ ਦਾ ਕੇਵਲ ਉਸੇ ਨੂੰ ਹੀ ਪਤਾ ਸੀ।

ਪੀਲੇ, ਲਾਲ ਤੇ ਹਰੇ ਝੰਡਿਆਂ ਵਾਲਾ ਇਹ ਛੋਟਾ ਜਿਹਾ ਜਲੂਸ ਅੱਗੇ ਤੁਰਦਾ ਜਾ ਰਿਹਾ ਸੀ।

"ਹੁਣ ਤਾਂ ਖੁਸ਼ ਏਂ ਅੱਲਾ ਦੀਨ ?" ਰਾਮ ਚੰਦ ਨੇ ਖੁਸ਼ੀ ਅਤੇ ਮਾਣ ਵਿਚ ਵਰਾਛਾਂ ਫੈਲਾਉਂਦਿਆਂ ਮੇਰੇ ਵੱਲ ਵੇਖ ਕੇ ਕਿਹਾ।

"ਹੁਣ ਤਾਂ ਇਉਂ ਜਾਪਦਾ ਹੈ ਜਿਵੇਂ ਸਾਡੀ ਗਿਣਤੀ ਦਸ ਗੁਣਾ ਹੋ ਗਈ ਹੈ।" ਮੈਂ ਸੱਚੇ ਦਿਲੋਂ ਆਪਣੇ ਅੰਦਰਲੇ ਭਾਵ ਪਰਗਟ ਕੀਤੇ ਸਨ।

ਅੱਗੇ ਅੱਗੇ ਜਾ ਰਹੇ ਸਪੀਕਰ 'ਚੋਂ ਆਵਾਜ਼ ਆ ਰਹੀ ਸੀ : "ਸਾਰੇ ਸ਼ਹਿਰ ਨਿਵਾਸੀਆਂ ਅਤੇ ਸੜਕ 'ਤੇ ਖੜੋਤੇ ਸਭ ਭੈਣ-ਭਰਾਵਾਂ ਤੇ ਬਜ਼ੁਰਗਾਂ ਨੂੰ ਬੇਨਤੀ ਹੈ ਕਿ ਉਹ ਇਸ ਸਾਂਝੇ ਜਲੂਸ ਦੀ ਰੌਣਕ ਵਧਾਉਣ ਲਈ ਜਲੂਸ ਵਿਚ ਸ਼ਾਮਲ ਹੋ ਜਾਣ ਤਾਂ ਜੋ ਅਸੀਂ ਇਕ ਸੁਰ ਹੋ ਕੇ ਦੱਸ ਸਕੀਏ ਕਿ ਸਾਡੀ ਫਿਰਕੂ ਸਦਭਾਵਨਾ ਤੇ ਏਕਤਾ ਨੂੰ ਕੋਈ ਖੋਹ ਨਹੀਂ ਸਕਦਾ।"

ਪਰ ਲੋਕ ਸਨ, ਤਮਾਸ਼ਬੀਨਾਂ ਦੀ ਤਰ੍ਹਾਂ ਮੂੰਹ ਚੁੱਕ ਚੁੱਕ ਵੇਖੀ ਜਾ ਰਹੇ ਸਨ। ਕੁੱਝ ਲੋਕ ਸਾਡੇ ਮਗਰ ਵੀ ਤੁਰੇ ਸਨ ਪਰ ਜਲੂਸ ਤੋਂ ਕਾਫ਼ੀ ਪਿਛੇ ਰਹਿ ਕੇ ਚੱਲ ਰਹੇ ਸਨ; ਜਿਵੇਂ ਕਿਤੇ ਨੇੜੇ ਆਉਣ ਨਾਲ ਉਨ੍ਹਾਂ ਨੂੰ ਕੋਈ ਛੂਤ ਦਾ ਰੋਗ ਚਿੰਬੜਨ ਦਾ ਡਰ ਹੋਵੇ ਜਾਂ ਕਿਸੇ ਅੱਤਵਾਦੀ ਤਾਕਤ ਤੋਂ ਤਰਹੇ ਹੋਏ ਉਸਦੀਆਂ ਨਜ਼ਰਾਂ ਵਿਚ ਨਾ ਚੜ੍ਹਨਾ ਚਾਹੁੰਦੇ ਹੋਣ।

ਫਾਤਮਾ ਤੇ ਦਰੋਪਦੀ ਸਾਡੀ ਸਭਾ ਵਾਲਾ ਬੈਨਰ ਉਚਾ ਚੁੱਕੀ ਸਭ ਤੋਂ ਅੱਗੇ ਜਾ ਰਹੀਆਂ ਸਨ। ਬੇਬੇ ਧਰਮ ਕੌਰ ਦੇ ਜੀਅ ਵਿਚ ਪਤਾ ਨਹੀਂ ਕੀ ਆਇਆ ਉਸਨੇ ਮੇਰੇ ਕੋਲੋਂ ਸਾਡੇ ਦੀਨ ਦਾ ਹਰਾ ਝੰਡਾ ਫੜ ਲਿਆ।

"ਤੁਸੀਂ ਕੇਸਰੀ ਝੰਡਾ ਫੜੋ ਮਾਂ ਜੀ।" ਮੈਂ ਅਰਜ਼ ਕੀਤੀ।

"ਰੰਗਾਂ ਵਿਚ ਕੀ ਪਿਆ ਹੈ ਅੱਲਾ ਦੀਨ ਪੁੱਤਰ।" ਬੇਬੇ ਨੇ ਗਾਤਰਾ ਠੀਕ ਕਰਕੇ

ਝੰਡਾ ਮੇਰੇ ਕੋਲੋਂ ਛੁੜਾ ਲਿਆ—"ਕੇਸਰੀ ਝੰਡਾ ਤੇਰੇ ਹੱਥਾਂ ਵਿਚ ਸੁਹਣਾ ਲੱਗੇਗਾ।" ਇਸ ਤਰ੍ਹਾਂ ਝੰਡੇ ਤਬਦੀਲ ਕਰਨ ਨਾਲ ਮੇਰੇ ਅੰਦਰ ਜਜ਼ਬਾਤਾਂ ਦਾ ਇਕ ਹੜ੍ਹ ਹੀ ਆ ਗਿਆ ਸੀ। ਖੁਸ਼ੀ ਦੇ ਮਾਰੇ ਮੇਰੀਆਂ ਅੱਖਾਂ ਵਿਚ ਅੱਥਰੂ ਆ ਟੱਪਕੇ ਸਨ ਜਦੋਂ ਬੇਬੇ ਦੇ ਕਹਿਣ 'ਤੇ ਪ੍ਰਮੇਸ਼ਰ ਸਿੰਘ ਨੇ ਕੇਸਰੀ ਝੰਡਾ ਮੈਨੂੰ ਦੇ ਦਿੱਤਾ। ਮੈਂ ਫਰ ਵਾਲੀ ਟੋਪੀ ਸਿਰ 'ਤੇ ਰੱਖੀ ਤੇ ਕੇਸਰੀ ਨਿਸ਼ਾਨ ਨੂੰ ਮੱਥੇ ਨਾਲ ਲਾ ਲਿਆ। ਪ੍ਰਮੇਸ਼ਰ ਸਿੰਘ ਨੇ ਬੇਬੇ ਕੋਲੋਂ ਹਰਾ ਝੰਡਾ ਫੜ ਲਿਆ ਤੇ ਉਸਨੂੰ ਚੁੰਮ ਕੇ ਸਿਜਦਾ ਕੀਤਾ। ਇਕ ਵਾਰ ਫੇਰ ਜਜ਼ਬਿਆਂ ਦੀ ਰੌਅ ਮੇਰੀ ਕੰਗਰੋੜ ਵਿਚੀਂ ਗੁਜ਼ਰ ਗਈ ਜਿਸ ਦੀ ਕੰਬਣੀ ਮੈਂ ਸਿਰ ਤੋਂ ਪੈਰਾਂ ਤੱਕ ਮਹਿਸੂਸ ਕੀਤੀ।

ਮੈਨੂੰ ਤੁਰੇ ਜਾਂਦਿਆਂ ਹੀ ਯਾਦ ਆਇਆ ਜਦੋਂ ਇਕ ਦਿਨ ਬੇਬੇ ਨੇ ਸਾਈਂ ਮੀਆਂ ਮੀਰ ਵਲੋਂ ਹਰਿਮੰਦਰ ਦੀ ਨੀਂਹ ਰੱਖੇ ਜਾਣ ਵਾਲੀ ਸਾਖੀ ਸੁਣਾਈ ਸੀ। ਬੇਬੇ ਦਾ ਸਿੱਖੀ ਇਤਿਹਾਸ ਬਾਰੇ ਹੀ ਕਾਫ਼ੀ ਗਿਆਨ ਨਹੀਂ ਸੀ, ਉਹ ਹੋਰ ਧਰਮਾਂ ਬਾਰੇ ਵੀ ਬਹੁਤ ਕੁੱਝ ਜਾਣਦੀ ਸੀ।

ਬਾਜ਼ਾਰ ਵਿਚੋਂ ਇਕ ਥਾਂ ਤੋਂ ਪੰਜ ਸੱਤ ਕੁ ਜਣੇ ਸਾਡੇ ਨਾਲ ਹੋਰ ਸ਼ਾਮਲ ਹੋ ਗਏ। ਉਸ ਤੋਂ ਅੱਗੇ ਜਾ ਕੇ ਕੁੱਝ ਅਧਿਆਪਕ, ਵਿਦਿਆਰਥੀ ਤੇ ਹੋਰ ਵਰਗਾਂ ਦੇ ਪੰਜਾਹ ਕੁ ਜਣੇ ਸਾਡੇ ਨਾਲ ਰਲ ਗਏ। ਸਾਡੇ ਹੌਸਲੇ ਹੋਰ ਬੁਲੰਦ ਹੋ ਗਏ। ਨਾਰੇ ਹੋਰ ਉਚੀ ਆਵਾਜ਼ ਵਿਚ ਗੂੰਜਣ ਲੱਗੇ : "ਹਿੰਦੂ-ਮੁਸਲਿਮ ਸਿੱਖ-ਇਸਾਈ ਏਕਤਾ : ਜ਼ਿੰਦਾਬਾਦ !" ਅਗੋਂ ਦੋ ਵਾਰ ਜ਼ਿੰਦਾਬਾਦ ! ਜ਼ਿੰਦਾਬਾਦ !! ਦਾ ਜਵਾਬ ਖਾਸ ਕਿਸਮ ਦੀ ਸੰਗੀਤਮਈ ਲੈਅ ਤੇ ਜੋਸ਼ ਉਤਪੰਨ ਕਰ ਗਿਆ।

ਰਸਤੇ ਵਿਚ ਕੀਤੇ ਗਏ ਪੜਾਵਾਂ 'ਤੇ ਕੁੱਝ ਬੁਲਾਰੇ ਬੋਲੇ। ਬੇਬੇ ਨੇ ਵੀ ਸੰਬੋਧਨ ਕੀਤਾ। ਬੇਬੇ ਨੇ ਵੀ ਦੇਸ਼ ਦੀ ਅਖੰਡਤਾ ਤੇ ਫ਼ਿਰਕੂ ਸਦਭਾਵਨਾ ਬਾਰੇ ਭਾਵਪੂਰਤ ਸ਼ਬਦ ਆਖੇ। ਖਾਸ ਕਰਕੇ ਉਦੋਂ ਬਹੁਤ ਲੋਕਾਂ ਦੀਆਂ ਅੱਖਾਂ ਸੇਜਲ ਹੋ ਗਈਆਂ ਜਦੋਂ ਉਸਨੇ ਆਪਣੇ ਪਿੰਡੇ ਨਾਲ, ਸੰਤਾਲੀ ਦੀ ਵੰਡ ਸਮੇਂ ਦੇ ਹੰਢਾਏ ਸਦਮੇ 'ਤੇ ਤਸੀਹਿਆਂ ਦਾ ਸੰਖੇਪ ਜ਼ਿਕਰ ਕੀਤਾ :

"ਤੁਸੀਂ ਉਹ ਸਮਾਂ ਵੇਖਿਆ ਨਹੀਂ ਪੁਤਰੋ ! ਤੁਹਾਡੇ 'ਚੋਂ ਕੁਝ ਵਡੇਰੀ ਉਮਰ ਦੇ ਲੋਕਾਂ ਨੂੰ ਥੋੜਾ ਬਹੁਤ ਯਾਦ ਹੋਵੇਗਾ। ਕਿਵੇਂ ਭਰਾਵਾਂ ਨੇ ਭਰਾਵਾਂ ਦੇ ਖੂਨ ਵਹਾਏ ਤੇ ਆਪਣੀਆਂ ਹੀ ਭੈਣਾਂ ਦੀਆਂ ਇਜ਼ਤਾਂ ਨਾਲ ਖੇਡੇ। ਮੈਂ ਕਹਿਨੀ ਆਂ ਜੇ ਤੁਸੀਂ ਵੇਖ ਲੈਂਦੇ ...ਤੇ ਅੱਜ ਉਹੋ ਜਿਹਾ ਕੁਝ ਹੋ ਜਾਵੇ ਤਾਂ ਤੁਹਾਡੇ ਸਭ ਦੇ ਕਲੇਜੇ ਪਾਟ ਜਾਣਗੇ...ਮੈਨੂੰ ਵਿਸ਼ਵਾਸ ਹੈ...ਮੈਂ ਜਾਣਦੀ ਹਾਂ ਤੁਸੀਂ ਉਹ ਕੁਝ ਨਹੀਂ ਹੋਣ ਦਿਉਗੇ।"

ਜਲੂਸ ਅੱਗੇ ਤੁਰ ਪਿਆ ਸੀ ਨਾਅਰੇ ਗੁੰਜਾਉਂਦਾ। ਮੈਨੂੰ ਤੇ ਰਾਮ ਚੰਦ ਨੂੰ ਬਾਜ਼ਾਰ ਵਿਚਲੇ ਲੋਕਾਂ 'ਤੇ ਗੁੱਸਾ ਆ ਰਿਹਾ ਸੀ : "ਗਿੱਦੜ ਦੀ ਔਲਾਦ ਨੇ ਇਹ ! ਸਮਝੇ ਮੈਂ ਕੀ ਕਿਹਾ ਹੈ ?" ਰਾਮ ਚੰਦ ਤੋਂ ਰਿਹਾ ਨਾ ਗਿਆ। ਮੈਂ ਆਪਣੇ ਬੁੱਲ੍ਹਾਂ ਤੇ ਉਂਗਲ ਰੱਖ ਕੇ 'ਹਿਸ਼ਤ' ਕਹਿਕੇ ਉਸ ਨੂੰ ਚੁਪ ਰਹਿਣ ਦਾ ਇਸ਼ਾਰਾ ਕੀਤਾ ਪਰ ਉਹ ਚੁੱਪ ਹੋਣ ਦੀ ਬਜਾਏ ਆਪਣੇ ਸ਼ਬਦਾਂ ਦੀ ਵਿਆਖਿਆ ਵਿਚ ਪੈ ਗਿਆ : "ਹਾਂ ਬਿੱਲਕੁੱਲ ਗਿੱਦੜ ਦੀ ਔਲਾਦ ਨੇ ਸਾਥੀ। ਕੀ ਤੁਸੀਂ ਸਮਝਦੇ ਹੋ ਕਿ ਇਨ੍ਹਾਂ ਨੂੰ ਇਸ ਵਿਚ ਆਪਣਾ ਹਿਤ ਨਜ਼ਰ ਨਹੀਂ

ਆਉਂਦਾ ?"

"ਨਹੀਂ ! ਸਾਥੀਆ ਨਹੀਂ !! ਭਾਵਕ ਨਾ ਹੋ । ਉਹ ਵੀ ਸਮਾਂ ਆਵੇਗਾ—ਜ਼ਰੂਰ ਆਵੇਗਾ ਜਦੋਂ ਇਹ ਲੋਕ ਵੀ ਆਪਣੇ ਨਾਲ ਤੁਰਨਗੇ ।"

"ਕਦੇ ਵੀ ਨਹੀਂ—ਦੁਨੀਆਂ ਇੱਧਰ ਤੋਂ ਉਧਰ ਹੋ ਜਾਵੇ, ਇਹ ਨਹੀਂ ਤੁਰਨਗੇ ਤੁਹਾਡੇ ਨਾਲ ।"

"ਅਸੀਂ ਆਪਣੇ ਕਿਸੇ ਪਰੋਗਰਾਮ ਨੂੰ ਇਨ੍ਹਾਂ ਦੀ ਸੋਚ ਦਾ ਹਿੱਸਾ ਬਣਾਉਣ ਦੇ ਸਮਰੱਥ ਹੀ ਕਦੋਂ ਹੋਏ ਆਂ । ਇਨ੍ਹਾਂ ਦਾ ਕਸੂਰ ਨਹੀਂ । ਹਾਲੇ ਗਰੀਬ ਲੋਕ ਵੀ ਸਾਡੇ ਨਾਲ ਕਿੰਨਾ ਕੁ ਜੁੜੇ ਨੇ ?"

ਮੇਰਾ ਰੌਂ ਉਦੋਂ ਹੀ ਬਦਲਿਆ ਜਦੋਂ ਅਸੀਂ ਗੁਰੂ ਨਾਨਕ ਧਾਗਾ ਫੈਕਟਰੀ ਦੇ ਗੇਟ ਅੱਗੇ ਪਹੁੰਚ ਗਏ । ਫੈਕਟਰੀ ਦੇ ਕਾਮੇ ਵੀ ਸਾਡੇ ਸੁਆਗਤ ਲਈ ਗੇਟ 'ਤੇ ਆ ਕੇ ਹਿੰਦੂ-ਸਿੱਖ ਏਕਤਾ ਦੇ ਨਾਹ੍ਰੇ ਲਾਉਣ ਲੱਗ ਪਏ । ਫੈਕਟਰੀ ਦਾ ਮੈਨੇਜਰ, ਠੇਕੇਦਾਰ, ਇਥੋਂ ਤੱਕ ਕਿ ਕਾਲੀ ਪੱਗ ਦੇ ਉਪਰਲੇ ਲੜ ਵਿਚ ਲਿਸ਼ਕਵਾਂ ਪੰਨਾ ਵਿਖਾਉਂਦਾ, ਫੈਕਟਰੀ ਦਾ ਮਾਲਕ ਗੁਰਕਿਰਪਾਲ ਸਿੰਘ 'ਅਨੰਦ' ਤਿੰਨ ਚਾਰ ਬੰਦੂਕ ਧਾਰੀਆਂ ਸਮੇਤ ਆ ਧਮਕੇ :

"ਸਾਥੀ ਕਾਮਿਓ ! ਇਹ ਨਾਸਤਕ ਲੋਕ ਨੇ ਜੋ ਦੇਸ ਦਾ ਅਮਨ-ਅਮਾਨ ਵਿਗਾੜ ਰਹੇ ਹਨ"—ਗੁਰਸਿੱਖੀ ਵਿਚ ਸੰਪੂਰਨ ਗੁਰਕਿਰਪਾਲ ਸਿੰਘ 'ਅਨੰਦ' ਕਾਮਿਆਂ ਨੂੰ ਸੰਬੋਧਨ ਕਰਨ ਲੱਗੇ ! "ਤੁਸੀਂ ਵਾਪਸ ਕੰਮ 'ਤੇ ਚਲੇ ਜਾਓ...ਨਹੀਂ ਤਾਂ ਅੱਜ ਦੀ ਤਨਖ਼ਾਹ ਵੀ ਨਹੀਂ ਮਿਲੇਗੀ ਤੇ ਕੰਮ ਤੋਂ ਵੀ ਛੁੱਟੀ ਕਰ ਦਿੱਤੀ ਜਾਵੇਗੀ ।"

ਕਾਮੇ, ਜਿਨ੍ਹਾਂ ਵਿਚ ਹਿੰਦੂ, ਸਿੱਖ ਤੇ ਮੁਸਲਮਾਨ ਵੀ ਸਨ ਇਕ ਸੁਰ ਹੋ ਕੇ ਏਕਤਾ ਦੇ ਨਾਅਰੇ ਗੁੰਜਾਉਣ ਲੱਗੇ । ਬੇਬੇ ਥੋੜੇ ਹੀ ਸਮੇਂ ਵਿਚ ਸਪੀਕਰ ਤੱਕ ਅੱਪੜ ਗਈ । ਉਸਨੇ ਰਿਕਸ਼ੇ ਵਿਚ ਬੈਠੇ ਮੁੰਡੇ ਤੋਂ ਮਾਇਕ ਫੜ ਲਿਆ : "ਤੁਸੀਂ ਤਾਂ ਆਸਤਕ ਲੋਕ ਓ ਨਾ ?" ਬੇਬੇ ਨੇ ਬੋਲਣਾ ਸ਼ੁਰੂ ਕੀਤਾ—"ਜੇ ਤੁਸੀਂ ਆਸਤਕ ਓ ਤਾਂ ਫੜੋ ਆਹ ਕੇਸਰੀ ਨਿਸ਼ਾਨ, ਆਹ ਲਾਲ ਨਿਸ਼ਾਨ ਤੇ ਆਹ ਹਰਾ ਨਿਸ਼ਾਨ ।" ਉਹ ਲਪਕ ਕੇ ਸਾਡੇ ਤਿਹਾਂ ਕੋਲੋਂ ਝੰਡੇ ਫੜ ਕੇ ਉਨ੍ਹਾਂ ਵੱਲ ਵਧੀ—"ਫੜੋ ਆਹ ਝੰਡੇ ! ਕਰੋ ਦਲੇਰੀ !...ਗੱਲੀਂ ਗੱਲੀਂ ਆਸਤਕ ਨਹੀਂ ਬਣਿਆ ਜਾਂਦਾ । 'ਗੁਰਮੁਖੋ !' ਦੋ ਮਿੰਟ ਉਥੇ ਰੁਕਣ ਮਗਰੋਂ ਬੇਬੇ ਪਿਛੇ ਸਾਡੇ ਵੱਲ ਮੁੜ ਆਈ : "ਨਹੀਂ ਤੁਸੀਂ ਇਹ ਨਹੀਂ ਕਰ ਸਕਦੇ । ਤੁਹਾਡੇ ਸੀਨੇ ਵਿਚ ਉਹ ਦਿਲ ਨਹੀਂ ਹੈ ! ਤੁਸੀਂ ਤਾਂ ਬੱਸ ਅੱਗਾਂ ਲਾ ਸਕਦੇ ਹੋ...ਅੱਗਾਂ ਬੁਝਾਉਣ ਦੀ ਤੁਹਾਡੇ ਵਿਚ ਹਿੰਮਤ ਕਿਥੇ, ਜੋ ਦੀਨ ਬੰਧੂ ਬਣ ਸਕੋ—ਤੁਸੀਂ ਲੋਕ ਨਹੀਂ ਬਣ ਸਕਦੇ...ਕਦੇ ਵੀ ਨਹੀਂ ।"

ਬੱਸ ਫੇਰ ਕੀ ਸੀ ?—ਫੁੱਟ ਪਾਊ ਤਾਕਤਾਂ ਵਿਰੋਧੀ ਨਾਹ੍ਰੇ ਲੱਗਣ ਲੱਗੀਆਂ । ਸਾਮਰਾਜੀ ਤਾਕਤਾਂ ਦੀ ਖਿਹ ਉਡਣ ਲੱਗੀ ।

"ਹਿੰਦੂ—ਮੁਸਲਿਮ—ਸਿੱਖ—ਇਸਾਈ !" ਇਕ ਪਾਸਿਓਂ ਨਾਹ੍ਰਾ ਗੂੰਜਿਆ ।

"ਸਾਰੇ ਕਿਰਤੀ ਭਾਈ ! ਭਾਈ !!" ਨਾਹ੍ਰਿਆਂ ਨੇ ਨਿਖੜਵਾਂ ਰੂਪ ਅਖਤਿਆਰ ਕਰ ਲਿਆ ।

ਜਲੂਸ ਅੱਗੇ ਤੁਰਿਆ ਤਾਂ ਸੁਤੇ ਸਿੱਧ ਹੀ ਬੀਬੀਆਂ ਦੇ ਪਿਛੇ ਫੈਕਟਰੀ ਦੇ ਕਾਮੇ ਲੱਗ ਤੁਰੇ। ਇਥੇ ਹੀ ਸਾਨੂੰ ਪਤਾ ਲੱਗਾ ਕਿ ਸਾਰੇ ਕਾਮਿਆਂ ਨੂੰ ਜਲੂਸ ਵਿਚ ਸ਼ਾਮਲ ਕਰਨ ਦਾ ਇਹ ਦਾਅ ਪੇਚ ਸੀ, ਕਿਉਂਕਿ ਬਹੁਤੇ ਕਾਮੇ ਮਾਲਕ ਦੇ ਸਖ਼ਤ ਹੁਕਮ ਤੋਂ ਡਰੇ ਹੋਏ ਸਨ ਤੇ ਛੁੱਟੀ ਕਰਨ ਨੂੰ ਤਿਆਰ ਨਹੀਂ ਸਨ ਹੋਏ। ਲੋਕਾਂ ਦੇ ਜੋਸ਼ ਤੇ ਉਮਾਹ ਨੂੰ ਵੇਖ ਕੇ ਹੁਣ ਤਕਰੀਬਨ ਸਾਰੇ ਹੀ ਬਾਹਰ ਆ ਗਏ ਸਨ।

ਜਲੂਸ ਸੌ ਕੁ ਗਜ਼ ਹੀ ਅੱਗੇ ਗਿਆ ਸੀ ਕਿ ਇਕ ਦਮ ਤਣਾਅ ਵਾਲਾ ਮਾਹੌਲ ਪੈਦਾ ਹੋ ਗਿਆ, ਜਦੋਂ ਲੋਕਾਂ ਨੇ ਵੇਖਿਆ ਕਿ ਅੱਗੋਂ ਪੁਲਸ ਵਾਲਿਆਂ ਨੇ ਰੁਕਾਵਟਾਂ ਖੜ੍ਹੀਆਂ ਕੀਤੀਆਂ ਹੋਈਆਂ ਸਨ।

"ਅੱਗੇ ਖ਼ਤਰਾ ਹੈ—ਅੱਗੇ ਨਾ ਜਾਓ !" ਪੁਲਸ ਅਫ਼ਸਰ ਨੇ ਹੱਥ ਵਿਚਲਾ ਰੂਲ ਘੁਮਾਉਂਦਿਆਂ ਕਿਹਾ।

"ਸਾਨੂੰ ਕੋਈ ਖ਼ਤਰਾ ਨਹੀਂ"—ਮੈਂ ਆਪਣੀ ਫਰ ਵਾਲੀ ਟੋਪੀ ਹਵਾ ਵਿਚ ਲਹਿਰਾਈ—"ਅਸੀਂ ਸਾਰੇ ਧਰਮਾਂ ਦੇ ਲੋਕ ਹਾਂ ਸਾਨੂੰ ਕਿਸੇ ਤੋਂ ਕੀ ਖ਼ਤਰਾ ਹੋ ਸਕਦਾ ਹੈ ? ਸਾਨੂੰ ਪਤਾ ਸੀ ਕਿ ਇਸ ਤੋਂ ਅੱਗੇ ਉਹ 'ਮੰਦਰ' ਤੇ 'ਗੁਰਦੁਆਰਾ' ਨੇ ਜੋ ਇਸ ਨਿੱਕੇ ਜੇਹੇ ਕਸਬੇ ਵਿਚ ਵਿਵਾਦ ਦਾ ਕਾਰਨ ਬਣੇ ਹੋਏ ਸਨ, ਜਿਨ੍ਹਾਂ ਦੀ ਕੰਧ ਸਾਂਝੀ ਸੀ ਤੇ ਦੋਵੇਂ ਹੀ ਇਕ ਦੂਜੇ ਦੀ ਉੱਚੀ ਇਮਾਰਤ ਨੂੰ ਆਪਣੇ ਧਰਮ ਦੀ ਤੌਹੀਨ ਹੋਣ ਦਾ ਢੰਡੋਰਾ ਪਿਟਦੇ ਸਨ।

"ਲੋਗੋਂ ਕੋ ਹੁਕਮ ਦੀਆ ਜਾਤਾ ਹੈ— ਫੌਰਨ ਵਾਪਸ ਚਲੇ ਜਾਓ"— ਪੁਲਸ ਅਧਿਕਾਰੀ ਫੇਰ ਗੜ੍ਹਕਿਆ। ਮੇਰੇ ਨਾਲ ਰਾਮ ਚੰਦ, ਪਰਮੇਸ਼ਰ ਸਿੰਘ ਤੇ ਬੇਬੇ ਅੱਗੇ ਵਧੇ। ਸਾਡੇ ਵੱਲੋਂ ਕੁਝ ਉਜਰ ਕਰਨ ਤੋਂ ਪਹਿਲਾਂ ਹੀ ਬੇਬੇ ਵਗ ਕੇ ਪੁਲਸ ਅਧਿਕਾਰੀ ਕੋਲ ਪਹੁੰਚ ਗਈ : "ਇਸ ਵਿਚ ਹਰਜ ਕੀ ਹੈ ਜਨਾਬ !" ਬੇਬੇ ਨੇ ਅਧਿਕਾਰੀ ਦੀਆਂ ਅੱਖਾਂ ਵਿਚ ਸਿੱਧਾ ਝਾਕਦਿਆਂ ਕਿਹਾ। ਉਸਦੀਆਂ ਅੱਖਾਂ ਵਿਚ ਲੂਹੜੇ ਦਾ ਜਲਾਲ ਟਪਕ ਰਿਹਾ ਸੀ—"ਅਸੀਂ ਧਾਰਮਕ ਏਕਤਾ ਦਾ ਪਰਗਟਾਵਾ ਕਰਨ ਆਏ ਹਾਂ— ਤੁਸੀਂ ਵੇਖ ਹੀ ਰਹੇ ਹੋ।'

"ਨਹੀਂ !" ਅਧਿਕਾਰੀ ਨੇ ਕੜਕ ਕੇ ਕਿਹਾ—"ਵਾਪਸ ਚਲੇ ਜਾਓ, ਇਸ ਕੇ ਆਗੇ ਦਫ਼ਾ ਚੁਤਾਲੀ ਲੱਗੀ ਹੁਈ ਹੈ।"

"ਇਸ ਤਰ੍ਹਾਂ ਦੇ ਇਕੱਠ ਤੇ ਜਲੂਸ ਨਾਸਤਕ ਲੋਕਾਂ ਦੀ ਬੁਰਛਾਗਰਦੀ ਹੈ।" ਘਿਉ ਨਾਲ ਚੋਪੜੀ ਖੁਲ੍ਹੀ ਚਿੱਟੀ ਦਾਹੜੀ ਵਾਲੇ, ਚੂੜੀਦਾਰ ਪੰਜਾਮਾ ਤੇ ਅਚਕਨ ਪਹਿਨੇ 'ਗੁਰਮੁਖ' ਦੀ 'ਮਿੱਠੀ' ਆਵਾਜ਼ ਸੀ।

"ਜਥੇਦਾਰ ਸਾਹਿਬ ! ਇਹ ਕੀ ਕਹਿ ਰਹੇ ਹੋ ?" ਬੇਬੇ ਧਰਮ ਕੌਰ ਦੇ ਨਾਲ ਤਿੰਨ ਚਾਰ ਸਿੱਖ ਮਜ਼ਦੂਰ ਅੱਗੇ ਹੋਏ—ਜਿਨ੍ਹਾਂ ਦੇ ਸਿਰਾਂ 'ਤੇ ਗੁਲਾਈ ਵਿਚ ਚੁਣ ਚੁਣ ਕੇ ਬੰਨ੍ਹੀਆਂ ਕਾਲੀਆਂ ਨੀਲੀਆਂ ਪੱਗਾਂ ਸਨ।

"ਭ੍ਹਾਈ ਤੁਮ ਲੋਕ ਤੋ ਹਮ ਧਰਮ ਵਾਲੇ ਲੋਗੋਂ ਕੇ ਖਿਲਾਫ਼ ਨਫਰਤ ਭੜ੍ਹਕਾ ਰਹੇ ਹੋ—ਯਹ ਤੋ ਏਕ ਦਮ ਪਾਪ ਹੈ।" ਲਾਂਗੜ ਵਾਲੀ ਧੋਤੀ ਪਹਿਨੇ ਮੱਥੇ ਤਿਲਕ ਸਜਾਈ ਪੰਡਤ ਜੀ ਨੇ ਫੁਰਮਾਇਆ। ਪ੍ਰਦਰਸ਼ਨਕਾਰੀ ਜੋਸ਼ ਵਿਚ ਆਏ ਆਪ ਮੁਹਾਰੇ ਹੀ ਨ੍ਹਾਰੇ

ਗੂੰਜਾਉਣ ਲੱਗੇ। ਜੋਸ਼ ਵਿਚ ਮੇਰਾ ਦਿਲ ਤੇਜ਼ ਤੇਜ਼ ਧੜਕ ਰਿਹਾ ਸੀ ਤੇ ਮੈਂ ਅਗੋਂ ਹੋਣ ਵਾਲੀ ਘਟਨਾ ਬਾਰੇ ਕੋਈ ਕਿਆਸ ਵੀ ਨਹੀਂ ਕਰ ਸਕਿਆ ਸਾਂ ਕਿ ਇਕ ਪਾਸੇ ਰੌਲਾ ਗੌਲਾ ਮੱਚ ਪਿਆ। ਰਾਮ ਚੰਦ ਤੇ ਕੁਝ ਚਿੱਟੀਆਂ ਟੋਪੀਆਂ ਵਾਲੇ ਪੰਡਤ ਜੀ ਨਾਲ ਬਹਿਸ ਰਹੇ ਸਨ।

"ਅਹੁ ਗੁੰਡਿਆਂ ਨੇ ਪੁਲਸ ਦੀ ਜੀਪ ਸਾੜ ਦਿੱਤੀ।"

"ਅਹੁ ਕਿਸੇ ਨੇ ਭੀੜ ਵਿਚ ਗਊ ਦੀ ਪੂਛ ਤੇ ਸਿੰਙ ਸੁਟ ਦਿੱਤੇ ਨੇ।"

"ਅਹੁ ਗ੍ਰੰਥ ਸਾਹਿਬ ਦੇ ਪੱਤਰੇ...ਬਾਬੇ ਦੀ ਬਾਣੀ ਦੀ ਘੋਰ ਬੇਅਦਬੀ।"

ਭੀੜ ਵਿਚ ਇਕ ਤਰ੍ਹਾਂ ਨਾਲ ਹੋ ਹੱਲਾ ਮੱਚ ਗਿਆ। ਸਾਡੇ 'ਚ ਬਹੁਤ ਸਾਰੇ ਲੋਕਾਂ ਨੇ ਵੇਖਿਆ 'ਪੰਡਤ ਜੀ' ਤੇ 'ਜਥੇਦਾਰ ਸਾਹਿਬ' ਇਕੋ ਰਸਤੇ ਭੱਜੇ ਜਾ ਰਹੇ ਸਨ। 'ਪੰਡਤ ਜੀ' ਦੀ ਧੋਤੀ ਖੁੱਲ੍ਹ ਗਈ ਸੀ, 'ਜਥੇਦਾਰ' ਦੀ ਪੱਗ ਲੱਥ ਗਈ ਸੀ, ਪਰ ਉਹ ਅਜੇ ਵੀ ਭੱਜੇ ਜਾ ਰਹੇ ਸਨ ਬਗੈਰ ਪਿਛਾਂਹ ਵੇਖੇ।

ਭੀੜ ਵਿਚੋਂ ਆਪ ਮੁਹਾਰੀਆਂ ਆਵਾਜ਼ਾਂ ਆਉਣ ਲੱਗੀਆਂ। ਲਗ਼ਦਾ ਸੀ ਕੋਈ ਸਾਨ੍ਹ ਭੀੜ ਵਿਚ ਆ ਵੜਿਆ ਹੈ। ਲੋਕ ਕਦੀ ਇੱਧਰ ਕਦੀ ਉੱਧਰ ਨੂੰ ਦੌੜ ਰਹੇ ਸਨ। ਅਸੀਂ ਉੱਚੀ ਥਾਂ 'ਤੇ ਖੜੋ ਕੇ ਲੋਕਾਂ ਨੂੰ ਉਪਦੇਸ਼ ਦੇ ਰਹੇ ਸਾਂ : 'ਭਾਰਤ ਦੇ ਅਮਨ ਪਸੰਦ ਜਮਹੂਰੀ ਲੋਕੋ ! ਬਹਿਕਾਵੇ ਵਿਚ ਨਾ ਆਉ—ਦੁਸ਼ਮਣ ਦੀ ਚਾਲ ਸਮਝੋ। ਸਾਡਾ ਜਲੂਸ ਪੁਰਅਮਨ ਹੈ ਤੇ ਅਸੀਂ ਪੁਰਅਮਨ ਰਹਿੰਦਿਆਂ ਫ਼ਿਰਕੂ ਸਦਭਾਵਨਾ ਦਾ ਪਰਗਟਾਵਾ ਕਰਨਾ ਹੈ।'

...ਪਰ ਲੋਕ ਤਾਂ ਜਿਵੇਂ ਧਕ-ਮ-ਧਕਾ ਹੋਈ ਜਾ ਰਹੇ ਸਨ। ਅਗਲੀ ਗਲੀ ਚੋਂ ਕੁਝ ਲੋਕ ਭੀੜ ਵਿਚ ਆ ਵੜੇ ਸਨ ਤੇ ਉਨ੍ਹਾਂ ਦੇ ਆਉਂਦਿਆਂ ਹੀ ਇਹ ਕੁਝ ਹੋਣ ਲੱਗ ਪਿਆ ਸੀ।

ਪੁਲਸ ਨੇ ਬਿਨਾ ਚਿਤਾਵਨੀ ਦਿਤਿਆਂ ਹੰਝੂ ਗੈਸ ਤੇ ਲਾਠੀ ਚਾਰਜ ਸ਼ੁਰੂ ਕਰ ਦਿਤਾ। ਲੋਕ ਕਿਸੇ ਪਾਸੇ ਵੀ ਭਜ ਨਹੀਂ ਸੀ ਸਕਦੇ। ਅਗਲੇ ਪਾਸਿਉਂ ਜਿਵੇਂ ਕੋਈ ਉਨ੍ਹਾਂ ਨੂੰ ਪਿਛਾਂਹ ਵਲ ਧਕ ਰਿਹਾ ਸੀ ਤੇ ਪਿਛਲੇ ਪਾਸਿਉਂ ਸੀ. ਆਰ. ਪੀ. ਦੇ ਬੰਦੇ ਆ ਝਪਟੇ ਸਨ।

o

ਜਦੋਂ ਮੈਨੂੰ ਹੋਸ਼ ਆਈ ਤਾਂ ਮੈਂ ਹਸਪਤਾਲ ਦੇ ਵਾਰਡ ਵਿਚ ਸਾਂ। ਸਿਰ, ਮੂੰਹ, ਬਾਹਾਂ ਪੱਟੀਆਂ ਨਾਲ ਬੰਨ੍ਹੇ ਹੋਏ। ਮੇਰੀ ਸੋਚ ਪਿਛਾਂਹ ਪਰਤੀ ਜਦੋਂ ਬੇਬੇ ਧਰਮ ਕੌਰ, ਫਾਤਮਾ ਬੀਬੀ, ਦਰੋਪਤੀ ਤੇ ਹੋਰ ਬੀਬੀਆਂ ਮਰਦਾਂ ਦੇ ਬਰਾਬਰ ਪੁਲਸ ਦੀਆਂ ਲਾਠੀਆਂ ਬਾਹਾਂ ਤੇ ਰੋਕ ਰਹੀਆਂ ਸਨ। ਫਿਰ ਇਕ ਇਕ ਕਰਕੇ ਸਭ ਜਣੇ ਧਰਤੀ 'ਤੇ ਡਿਗਣੇ ਸ਼ੁਰੂ ਹੋਏ ਸਨ। ਕਈ ਜਣੇ ਭੱਜ ਚਲੇ ਸਨ।

"ਭੱਜੋ ਨਹੀਂ ਪੁਤਰੋ ! ਭੱਜੋ ਨਹੀਂ ਜ਼ੁਲਮ ਦਾ ਟਾਕਰਾ ਕਰੋ। ਇਸ ਦੇ ਪਿੱਛੇ ਜੋ ਹੱਥ ਕੰਮ ਕਰ ਰਿਹਾ ਹੈ ਉਸ ਨੂੰ ਤੋੜਨ ਲਈ ਉਦਮ ਕਰੋ"—ਬੇਬੇ ਨੇ ਕਿਹਾ ਸੀ ਪਰ ਸਿਰ ਵਿਚ ਪਈ ਕਹਿਰ ਦੀ ਪੋਲਰੇ ਵਾਲੀ ਡਾਂਗ ਨਾਲ ਉਹ ਧਰਤੀ 'ਤੇ ਡਿਗ ਪਈ ਸੀ। ਫਿਰ ਲਾਠੀਆਂ ਦੀ ਝੜੀ।

ਬੇਬੇ ਧਰਮ ਕੌਰ ਨੂੰ ਅਸੀਂ ਇਸ ਪ੍ਰੋਗਰਾਮ ਦਾ ਆਗੂ ਮੰਨ ਕੇ ਤੁਰੇ ਸਾਂ ਤੇ ਉਹ ਇਸ ਦੇ ਯੋਗ ਸੀ। ਸਾਨੂੰ ਅਹਿਸਾਸ ਸੀ ਕਿ ਉਸ ਵਿਚ ਸਾਰੇ ਧਰਮਾਂ ਦੇ ਚਿੰਨ੍ਹ ਸਮੋਏ ਹੋਏ ਹਨ। ਸਾਰੇ ਧਰਮਾਂ ਦੇ ਪੁੱਤਰ ਧੀਆਂ ਉਸਦੇ ਪੁੱਤਰ ਧੀਆਂ ਹਨ।

ਜਿਹੜੀ ਗੱਲ ਮੈਂ ਹੁਣ ਤੱਕ ਛੁਪਾ ਕੇ ਰੱਖੀ, ਪਰ ਹੁਣ ਛੁਪਾ ਨਹੀਂ ਸਕਦਾ ਅਤੇ ਜਿਸ ਉਤੇ ਤੁਹਾਨੂੰ ਯਕੀਨ ਕਰਨਾ ਹੀ ਪਵੇਗਾ ਕਿ ਮੈਂ (ਅੱਲਾ ਦੀਨ) ਫਾਤਮਾ ਬੀਬੀ ਤੇ ਪ੍ਰਮੇਸ਼ਰ ਸਿੰਘ ਤੇਹਾਂ ਨੇ ਬੇਬੇ ਧਰਮ ਕੌਰ ਦੀ ਕੁਖੋਂ ਜਨਮ ਲਿਆ ਹੈ ਅਤੇ ਸਾਨੂੰ ਉਸਦੀ ਛਾਤੀ ਦਾ ਸੀਰ ਚੁੰਘਣ ਦਾ ਸੁਭਾਗ ਮਿਲਿਆ ਹੈ।

o

ਬੇਬੇ ਧਰਮ ਕੌਰ ਦੇ ਘਰ ਹੀ ਮੀਟਿੰਗ ਹੋ ਰਹੀ ਸੀ। ਸਾਡੇ ਵਿਆਹ ਕਰਕੇ ਬੇਬੇ ਨੇ ਸਾਨੂੰ ਵਖ ਵਖ ਕਰ ਦਿੱਤਾ ਸੀ ਪਰ ਫਾਤਮਾ ਬੀਬੀ ਅਜੇ ਵੀ ਉਸ ਦੇ ਨਾਲ ਹੀ ਰਹਿ ਰਹੀ ਸੀ। ਸਾਡੀ ਸਭਾ ਦੇ ਕਈ ਨਵੇਂ ਮੈਂਬਰਾਂ ਨੇ ਬੇਬੇ ਦੀ ਹਡ-ਬੀਤੀ ਜਾਣਨ ਲਈ ਜ਼ਿਦ ਕੀਤੀ ਸੀ। ਬੇਬੇ ਇਕ ਦਮ ਗੰਭੀਰ ਹੋ ਗਈ ਸੀ। ਉਹ ਅਸਲੋਂ ਹੀ ਨਹੀਂ ਸੀ ਚਾਹੁੰਦੀ ਕਿ ਉਹ ਆਪਣੀ ਦਾਸਤਾਂ ਦੁਹਰਾਵੇ ਜਿਸ ਨਾਲ ਤਰਸ ਦੀ ਭਾਵਨਾ ਦਾ ਭਰਿਆ ਸਤਿਕਾਰ ਉਸ ਨੂੰ ਮਿਲੇ। ਸਤਿਕਾਰ ਉਸਦਾ ਬਥੇਰਾ ਸੀ ਪਰ ਉਹ ਨਹੀਂ ਸੀ ਚਾਹੁੰਦੀ ਕਿ ਉਸ ਵਿਚ ਕਰੁਣਾ ਨਾਂ ਦੀ ਕੋਈ ਚੀਜ਼ ਦਾਖਲ ਹੋਵੇ।

"ਪਾਕਸਤਾਨ ਬਣਨ ਵੇਲੇ ਮੇਰੇ ਮਾਂ ਬਾਪ ਤੇ ਭਰਾਵਾਂ ਨੂੰ ਧਰਮ ਦੇ ਵੈਰੀਆਂ ਨੇ ਧਰਮ ਦੀ ਹੀ ਆੜ ਵਿਚ ਲਹੂ ਵਿਚ ਡੋਬ ਦਿੱਤਾ ਸੀ"—ਕਹਿੰਦਿਆਂ ਕਹਿੰਦਿਆਂ ਉਸ ਨੇ ਧੌਣ ਹੇਠਾਂ ਸੁੱਟ ਲਈ ਸੀ। ਸ਼ਾਇਦ ਉਹ ਆਪਣਾ ਪੀੜ ਪਰੁੰਨ੍ਹਿਆ ਚਿਹਰਾ ਸਾਡੇ ਸਾਥੀਆਂ ਤੋਂ ਛੁਪਾ ਰਹੀ ਸੀ ਮਤੇ ਕਿਸੇ ਦੀਆਂ ਅੱਖਾਂ ਬੇਮੁਹਾਰੀਆਂ ਹੋ ਜਾਣ। ਉਹ ਇਕੱਲੀ ਬਚ ਰਹੀ ਸੀ—ਸੰਸਾਰ ਭਰ ਦੇ ਤਸੀਹੇ ਭੋਗਣ ਨੂੰ। ਅਸੀਂ ਅਨੁਭਵ ਕਰ ਸਕਦੇ ਸਾਂ ਕਿ ਉਸ ਵੇਲੇ ਉਸਦੇ ਹਿਰਦੇ ਵਿਚ ਕਿੰਨੀ ਕੁ ਪੀੜ ਸੀ।

ਹਿੰਦੂ-ਸਿੱਖ ਭਰਾ, ਜਿਨ੍ਹਾਂ ਨਾਲ ਖੇਡਦੀ ਉਹ ਵੱਡੀ ਹੋਈ ਸੀ, ਉਸ ਪਿੱਛੇ ਲੜਨ ਮਰਨ ਨੂੰ ਤਿਆਰ ਸਨ ਪਰ ਉਸ ਨੂੰ ਮਾਰਨ ਨੂੰ ਕੋਈ ਤਿਆਰ ਨਹੀਂ ਸੀ। ਮਲਿੱਟਰੀ ਵਾਲਿਆਂ ਨੇ ਉਸਨੂੰ ਉਨ੍ਹਾਂ ਤੋਂ ਬਚਾ ਲਿਆ ਤਾਂ ਬਚਿੱਤਰ ਸਿੰਘ ਨਾਂ ਦੇ ਇਕ ਸਿੱਖ ਸਿਪਾਹੀ ਨੇ ਉਸਨੂੰ ਨਿਗਾਹ ਹੇਠ ਕਰ ਲਿਆ। ਆਪਣੇ ਅਫ਼ਸਰ ਰਾਹੀਂ ਉਸਨੇ ਧਰਮ ਕੌਰ (ਉਸ ਵੇਲੇ ਰਹਿਮਤੇ) ਦੀ ਰਾਇ ਜਾਣਨੀ ਚਾਹੀ।

"ਸਾਹਿਬ ! ਮੈਂ ਕੀ ਕਹਿ ਸਕਦੀ ਹਾਂ—ਮੇਰਾ ਹੁਣ ਹੈ ਵੀ ਕੌਣ ? ਆਪ ਹੀ ਤੋਰ ਦਿਉ ਜਿਥੇ ਟੁਕੜ ਮਿਲ ਸਕੇ। ਮੈਂ ਬੇਵਸੀ ਵਿਚ ਹੋਰ ਕੀ ਕਹਿੰਦੀ ?" ਅਫ਼ਸਰ ਨੇ ਬਚਿੱਤਰ ਸਿੰਘ ਤੋਂ ਗੁਟਕੇ 'ਤੇ ਸਹੁੰ ਖਵਾ ਕੇ ਰਹਿਮਤ ਉਸਦੇ ਹਵਾਲੇ ਕਰ ਦਿਤੀ।

"ਮੈਂ ਇਸਨੂੰ ਆਪਣੀ ਜਾਨ ਤੋਂ ਵੱਧ ਸਮਝਾਂਗਾ ਜੀ !" ਬਚਿੱਤਰ ਸਿੰਘ ਨੇ ਛਾਤੀ 'ਤੇ ਹੱਥ ਰੱਖ ਕੇ ਕਿਹਾ ਸੀ। ਫਿਰ ਉਸਨੇ ਰਹਿਮਤੇ ਵੱਲ ਮੂੰਹ ਕੀਤਾ ਸੀ—"ਮੈਂ ਤੇਰੀ ਰਾਖੀ ਕਰੂੰਗਾ ਰਹਿਮਤੇ—ਜੇ ਤੂੰ ਚਾਹੇਂਗੀ ਤਾਂ ਮੈਂ ਤੇਰੇ ਨਾਲ ਵਿਆਹ ਕਰ ਲਊਂ। ਆਪਾਂ ਗੁਰਦੁਆਰੇ ਚੱਲਾਂਗੇ—ਅੰਮ੍ਰਿਤ ਛਕ ਕੇ ਲਾਵਾਂ ਲੈ ਲਵਾਂਗੇ।" ਤੇ ਰਹਿਮਤੇ ਬਚਿੱਤਰ ਸਿੰਘ

ਦੇ ਘਰ ਆ ਗਈ।

ਕਈ ਵਾਰ ਉਸਦਾ ਜੀਅ ਕੀਤਾ ਕਿ ਉਹ ਕੋਠੇ ਚੜ੍ਹ ਕੇ ਸਿਰ ਪਰਨੇ ਢਹਿ ਪਵੇ—ਰੱਸੀ ਗਲ ਵਿਚ ਪਾ ਕੇ ਫਾਹੀ ਲੈ ਲਵੇ ਪਰ ਮੌਤ ਚਾਹੁੰਦੀ ਹੋਈ ਵੀ ਉਹ ਮੌਤ ਤੋਂ ਭੱਜ ਗਈ। ਉਸਨੇ ਹਾਲਾਤ ਨਾਲ ਸਮਝੌਤਾ ਕਰ ਲਿਆ। ਬਚਿੱਤਰ ਸਿੰਘ ਨੇ ਕੀਤੇ ਕੌਲ ਨਿਭਾਏ। ਉਹ ਸਿਦਕਵਾਨ ਬੰਦਾ ਸੀ ਵਿਚਾਰਾ।

ਦੋ ਢਾਈ ਕੁ ਮਹੀਨਿਆਂ ਮਗਰੋਂ ਪਾਕਿਸਤਾਨੋਂ, ਰਹਿਮਤੇ ਦੇ ਮਾਮੇ ਨੇ ਉਸਦੀ ਪੈਰਵੀ ਕਰ ਲਈ। ਉਹ ਧਾੜਵੀਆਂ ਤੋਂ ਕਿਸੇ ਤਰ੍ਹਾਂ ਬਚ ਗਿਆ ਸੀ। ਉਸਦਾ ਦਿਲ ਡੋਬੇ ਸੋਕੇ ਹੁੰਦਾ ਜਦੋਂ ਆਂਢ ਗੁਆਂਢ ਅਤੇ ਲਾਗਲੇ ਪਿੰਡਾਂ 'ਚੋਂ ਮੁਸਲਮਾਨ ਕੁੜੀਆਂ ਨੂੰ ਮਿਲਟਰੀ ਵਾਲੇ ਪਾਕਸਤਾਨ ਲਿਜਾ ਰਹੇ ਸਨ। ਉਹ ਹੁਣ ਦੂਜੀ ਵਾਰ ਬਚਿੱਤਰ ਸਿੰਘ ਦਾ ਦਸੌਂਟਾ ਸਹਿਣ ਨੂੰ ਤਿਆਰ ਨਹੀਂ ਸੀ ਪਰ ਉਸ ਨੂੰ ਉਸ ਕਲਹਿਣੀ ਘੜੀ ਦੇ ਪੇਸ਼ ਪੈਣਾ ਹੀ ਪਿਆ।

ਉਨ੍ਹਾਂ ਦੇ ਬੂਹੇ ਅੱਗੇ ਵੀ ਫੌਜੀ ਟਰੱਕ ਆ ਰੁਕਿਆ। ਦਗੜ ਦਗੜ ਕਰਦੇ ਕੁਝ ਫੌਜੀ ਤੇ ਪੁਲਸੀਏ ਉਸਦੀ ਫੋਟੋ ਲਹਿਰਾਉਂਦੇ ਅੰਦਰ ਆਏ।

"ਇਹ ਹੈ ਜਨਾਬ ਬੀਬੀ ਰਹਿਮਤੇ।" ਇਕ ਮੁਸਲਮਾਨ ਸਪਾਹਟੇ ਨੇ ਅਫਸਰ ਨੂੰ ਬੇਨਤੀ ਕੀਤੀ।

"ਨਹੀਂ।" ਉਸ ਦੇ ਅੰਦਰੋਂ ਚੀਕ ਨਿਕਲੀ—"ਮੈਂ ਧਰਮ ਕੌਰ ਹਾਂ ਰਹਿਮਤੇ ਤਾਂ ਕਿਦਣ ਦੀ ਮਰ ਚੁੱਕੀ ਹੈ।"

"ਧਰਮ ਕੌਰ ਹੁਣ ਪਾਕਸਤਾਨ ਨਹੀਂ ਜਾਏਗੀ।" ਬਚਿੱਤਰ ਸਿੰਘ ਨੇ ਉਸਦਾ ਗੁੱਟ ਇੰਨਾ ਕਸ ਕੇ ਫੜਿਆ ਹੋਇਆ ਸੀ ਕਿ ਉਹ ਦਰਦ ਕਰਨ ਲੱਗ ਪਿਆ ਸੀ ਪਰ ਇਸ ਦਰਦ ਵਿਚੋਂ ਵੀ ਉਸਨੂੰ ਡਾਢੀ ਤਸੱਲੀ ਤੇ ਧੀਰਜ ਮਿਲੀ ਸੀ।

ਪੁਲਸੀਏ ਜ਼ਬਰਦਸਤੀ ਉਸਨੂੰ ਟਰੱਕ ਵਿਚ ਲੱਦਣ ਲੱਗੇ—"ਛੱਡ ਦਿਉ ਮੈਨੂੰ ਜ਼ਾਲਮੋ!" ਉਸਨੇ ਉੱਚੀ ਚੀਕ ਕੇ ਕਿਹਾ—"ਕਿਉਂ ਮੇਰੀ ਕਬਰ ਦੀ ਮਿੱਟੀ ਪੁਟਦੇ ਓ—ਜਿਥੇ ਮੈਂ ਹਾਂ ਉਥੇ ਮੈਨੂੰ ਰਹਿ ਲੈਣ ਦਿਓ ਪਾਪੀਓ...ਵੇ ਪਾਪੀਓ।" ਆਸ ਪਾਸ ਇਕ ਤਰ੍ਹਾਂ ਨਾਲ ਸਨਾਟਾ ਛਾ ਗਿਆ। ਇਕ ਪਾਸਿਓਂ ਬਚਿੱਤਰ ਸਿੰਘ ਤੇ ਦੂਜੇ ਪਾਸਿਓਂ ਸਪਾਹਟੇ ਉਸਨੂੰ ਧੂਹ ਰਹੇ ਸਨ—ਉਸੇ ਧਰਤੀ ਵਾਂਗ ਜਿਸ ਨੂੰ ਕੁੱਝ ਹੀ ਮਹੀਨੇ ਪਹਿਲਾਂ ਉਸਦੇ ਹੀ ਪੁੱਤਰਾਂ ਨੇ ਨੋਚਿਆ ਸੀ। ਤਿੰਨ ਚਾਰ ਜਣਿਆਂ ਨੇ ਬਚਿੱਤਰ ਸਿੰਘ ਨੂੰ ਉਸ ਨਾਲੋਂ ਤੋੜ ਕੇ ਪਰ੍ਹੇ ਸੁੱਟ ਦਿੱਤਾ। ਰਹਿਮਤੇ ਵੀ ਸਮਝ ਗਈ ਕਿ ਹੁਣ ਉਸ ਦੀ ਕੋਈ ਪੇਸ਼ ਨਹੀਂ ਚਲੇਗੀ।

"ਅੱਛਾ ਮੈਨੂੰ ਛੱਡ ਦਿਉ—ਮੈਂ ਆਪੇ ਚੜ੍ਹ ਜਾਵਾਂਗੀ।" ਰਹਿਮਤੇ ਜੋ ਧਰਮ ਕੌਰ ਤੋਂ ਫੇਰ ਰਹਿਮਤੇ ਬਣਨ ਲੱਗੀ ਸੀ, ਨਿਢਾਲ ਹੋ ਗਈ। ਸਿਪਾਹੀਆਂ ਨੇ ਉਸਨੂੰ ਛੱਡ ਦਿੱਤਾ—"ਅੱਛਾ! ਇਕ ਪਲ ਠਹਿਰੋ ਮੈਂ ਇਹਦੇ ਨਾਲ ਗੱਲ ਕਰ ਲਵਾਂ।" ਉਹ ਬਚਿੱਤਰ ਸਿੰਘ ਨੂੰ ਇਕ ਪਾਸੇ ਲੈ ਗਈ।

"ਦੇਖ ਰੱਬ ਦਿਆ ਬੰਦਿਆ।" ਉਸਨੇ ਛਮ ਛਮ ਨੀਰ ਬਹਾਉਂਦਿਆਂ ਬੜੀ ਹੀ ਆਜਜ਼ੀ ਨਾਲ ਕਹਿਣਾ ਸ਼ੁਰੂ ਕੀਤਾ। ਹੁਣ ਮੇਰਾ ਕੋਈ ਉਜਰ ਨਹੀਂ ਚਲਦਾ...ਮੈਨੂੰ ਮੁਆਫ ਕਰ ਦੇਈਂ...ਜੇ ਮੈਂ ਜੀਉਂਦੀ ਰਹੀ ਤਾਂ..." ਉਸਨੇ ਪਿਛਾਂਹ ਪਰਤ ਕੇ ਵੇਖਿਆ

ਮਤੇ ਕੋਈ ਸਿਪਾਹੀ ਉਸ ਦੇ ਸਿਰ 'ਤੇ ਹੀ ਨਾ ਖੜ੍ਹਾ ਹੋਵੇ। "ਮੈਂ ਹਰ ਹਾਲਤ ਵਿਚ ਮਹੀਨਾ ਨਹੀਂ ਪਾਉਂਦੀ ਤੇਰੇ ਕੋਲ ਆ ਜਾਉਂ।" ਬਚਿੱਤਰ ਸਿੰਘ ਨੇ ਉਸ ਵਲ ਬੇਯਕੀਨੀ ਨਾਲ ਵੇਖਿਆ ਪਰ ਸਬਰ ਦਾ ਘੁੱਟ ਭਰ ਕੇ ਰਹਿ ਗਿਆ।

ਬੱਸ ਫੇਰ ਉਸਨੂੰ ਪਾਕਸਤਾਨ ਲੈ ਗਏ। ਰਸਤੇ ਵਿਚ ਉਸਦੀ ਜ਼ਬਰਦਸਤੀ ਕਰ-ਪਾਨ ਖੋਹ ਲਈ ਗਈ। ਪਾਕਸਤਾਨ ਜਾ ਕੇ ਉਸਨੂੰ ਸ਼ਰ੍ਹਾ ਵਿਚ ਰਹਿਣ ਦਾ ਆਦੇਸ਼ ਦਿਤਾ ਗਿਆ। ਨਵਾਂ ਬੁਰਕਾ ਉਸ ਦੇ ਅੱਗੇ ਲਿਆ ਰੱਖਿਆ।

"ਮੈਂ ਇਕ ਵਾਰ ਗੁਰੂ ਦੀ ਸਿੰਘਣੀ ਸੱਜ ਗਈ ਹਾਂ—ਮੇਰੇ ਭਾਣੇ ਸਾਰੇ ਧਰਮ ਬਰਾਬਰ ਹਨ—ਮੈਂ ਹੁਣ ਆਪਣਾ ਧਰਮ ਤਬਦੀਲ ਨਹੀਂ ਕਰ ਸਕਦੀ।" ਪਰ ਉਸਦੀ ਸੁਣਨ ਵਾਲਾ ਉਧਰ ਕੌਣ ਸੀ। ਉਸਨੇ ਬਥੇਰੀ ਹਾਲ ਪਾਹਰਿਆ ਕੀਤੀ। ਮੁਲਾਣਿਆਂ ਨੇ ਉਸ 'ਤੇ ਸਖ਼ਤ ਪਹਿਰਾ ਬਿਠਾ ਦਿੱਤਾ। ਮਹੀਨਾ ਵੀ ਨਾ ਪੈਣ ਦਿੱਤਾ ਕਿ ਉਸਦਾ ਜ਼ਬਰ-ਦਸਤੀ ਇਕ ਮੁਲਾਣੇ ਨਾਲ ਨਿਕਾਹ ਕਰ ਦਿੱਤਾ ਗਿਆ।

'ਮੈਨੂੰ ਆਪਣਾ ਆਪ ਪੰਜਾਬ ਦੀ ਧਰਤੀ ਵਰਗਾ ਹੀ ਲਗਦਾ ਸੀ ਜਿਸ ਦੇ ਦੋ ਟੁਕੜੇ ਹੋ ਗਏ ਸਨ" —ਬੇਬੇ ਧਰਮ ਕੌਰ ਆਪਣੀ ਵਿਥਿਆ ਦਸਦਿਆਂ ਪਤਾ ਨਹੀਂ ਕਿਵੇਂ ਹੌਂਝੂ ਡਕ ਬੈਠੀ ਸੀ। —ਇਕ ਟੁਕੜਾ ਇਧਰ ਰਹਿ ਗਿਆ ਸੀ ਤੇ ਦੂਜੇ ਨੂੰ ਮੁਲਾਣੇ ਨੋਚੀ ਜਾ ਰਹੇ ਸਨ।" ਸੁਣਨ ਵਾਲਿਆਂ ਦੀਆਂ ਅੱਖਾਂ ਚੋਂ ਜ਼ਾਰ ਜ਼ਾਰ ਅੱਥਰੂ ਬਹਿ ਰਹੇ ਸਨ। ਉਧਰ ਜਾਣ ਤੋਂ ਸਤਵੇਂ ਮਹੀਨੇ ਉਸਨੇ ਇਕ ਬੱਚੇ ਨੂੰ ਜਨਮ ਦਿੱਤਾ। ਉਸ ਦਾ ਦਿਲ ਖਿੜ ਗਿਆ। ਮੁੱਲਾਂ ਦੇ ਬਿਸਤਰੇ ਵਿਚ ਪਈ ਵੀ ਉਹ ਆਤਮਕ ਤੌਰ ਤੇ ਬਚਿੱਤਰ ਸਿੰਘ ਦੇ ਬਿਸਤਰੇ ਦੀ ਯਾਦ ਕਰ ਲੈਂਦੀ ਸੀ ਪਰ ਹੁਣ ਬਚਿੱਤਰ ਸਿੰਘ ਦੀ ਔਲਾਦ ਨੂੰ ਆਪਣੇ ਬਰਾਬਰ ਪਿਆਂ ਵੇਖ ਕੇ ਉਸ ਨੂੰ ਸਾਰੇ ਤਸੀਹਿਆਂ ਦਾ ਸੰਤਾਪ ਭੁੱਲ ਗਿਆ। ਉਸਨੇ ਮਨ ਹੀ ਮਨ ਵਿਚ ਬੱਚੇ ਦਾ ਨਾਂ ਪਰਮੇਸ਼ਰ ਸਿੰਘ ਰੱਖ ਦਿੱਤਾ। ਮੁਲਾਣੇ ਕਹਿਣ ਬੱਚੇ ਦੀ ਸੁੰਨਤ ਕਰਨੀ ਹੈ ਤੇ ਸ਼ਰ੍ਹਾ ਮੁਤਾਬਕ ਮੁਸਲਮਾਨੀ ਨਾਂ ਰੱਖਣਾ ਹੈ ਪਰ ਰਹਿਮਤੇ ਬਚਿੱਤਰ ਸਿੰਘ ਦੀ ਇਮਾਨਤ ਵਿਚ ਖਿਆਨਤ ਨਹੀਂ ਸੀ ਕਰਨਾ ਚਾਹੁੰਦੀ। ਉਹ ਦੰਦਾਂ 'ਚ ਜੀਭ ਲੈ ਕੇ ਦਿਨ ਕਟਦੀ ਰਹੀ ਤੇ ਅਜੇਹੇ ਮੌਕੇ ਦੀ ਭਾਲ ਵਿਚ ਸੰਕਟ ਭੋਗਦੀ ਰਹੀ ਜਦੋਂ ਉਹ ਉਨ੍ਹਾਂ ਨੂੰ ਚਕਮਾ ਦੇ ਕੇ ਬਚਿੱਤਰ ਸਿੰਘ ਦੀ ਇਮਾਨਤ ਉਸਦੀ ਝੋਲੀ ਵਿਚ ਲਿਆ ਰੱਖੇ ਤੇ ਆਖੇ "ਦੇਖ ਰੱਬ ਦਿਆ ਬੰਦਿਆ ਮੇਰੇ ਗੁਨਾਹ ਮੁਆਫ ਕਰ ਦੇਈਂ। ਮਾੜੇ ਕਰਮਾਂ ਨੂੰ ਮੈਂ ਔਰਤ ਦੇ ਜਾਮੇ ਵਿਚ ਹਾਂ—ਮੇਰਾ ਕਸੂਰ ਕੋਈ ਨਹੀਂ। ਤੇਰੀ ਇੱਜ਼ਤ ਨੂੰ ਮੈਂ ਬਚਾ ਨਹੀਂ ਸਕੀ ਪਰ ਮੈਂ ਤੇਰੀ ਇਮਾਨਤ ਨੂੰ ਤੱਤੀ 'ਵਾ ਨਹੀਂ ਲੱਗਣ ਦਿੱਤੀ ਤੇ ਮੁੱਲਾਂ ਦਾ ਮੂੰਹ ਅਪਣੇ ਮੂੰਹ ਦੇ ਨੇੜੇ ਨਹੀਂ ਹੋਣ ਦਿੱਤਾ।"

ਇਕ ਦਿਨ ਉਹ ਬੱਚੇ ਦੀ ਸੁਨਤ ਕਰਨ ਤੇ ਭੂਲ ਗਏ। ਰੋਂਦੀ ਕੁਰਲਾਉਂਦੀ ਦੀ ਉਸਦੀ ਕਿਸੇ ਨੇ ਪਰਵਾਹ ਨਾ ਕੀਤੀ। ਉਸਨੇ ਆਖਰੀ ਹਥਿਆਰ ਵਜੋਂ ਅੰਤ ਧਮਕੀ ਦੇਣੀ ਹੀ ਠੀਕ ਸਮਝੀ! "ਜੇ ਤੁਸੀਂ ਆਪਣੀ ਮਨ ਆਈ ਕੀਤੀ ਤਾਂ ਸਵੇਰ ਨੂੰ ਤੁਸੀਂ ਮੇਰੀ ਇਥੋਂ ਲਾਸ਼ ਚੁਕੋਗੇ—ਸੁਣਿਆ। ਨਹੀਂ ਤਾ ਇਸਨੂੰ ਰੱਬ ਦੇ ਰਹਿਮ 'ਤੇ ਰਹਿਣ ਦਿਓ।" ਉਸਦੀ ਧਮਕੀ ਦੀ ਜਿੱਤ ਹੋਈ।

"ਬੱਸ ਫੇਰ ਕੀ ਸੀ ? ਉਨ੍ਹਾਂ ਭਾਣੇ ਤਾਂ ਹੁਣ ਮੈਂ ਆਪਣੀ ਕਿਸਮਤ ਨਾਲ ਸਮਝੌਤਾ ਕਰ ਲਿਆ ਸੀ ।" ਬੇਬੇ ਧਰਮ ਕੌਰ ਦਸਦੀ ਗਈ ਸੀ ।

ਫਿਰ ਇਕ ਰਾਤ ਉਹ ਮੌਕਾ ਤਾੜ ਕੇ ਭੱਜ ਨਿਕਲੀ । ਉਸ ਨੇ ਸਾਰੇ ਰਾਹ ਰਸਤੇ ਤਿਆਗ ਦਿੱਤੇ । ਖੇਤਾਂ ਤੇ ਵਾਹਣਾਂ ਵਿਚੋਂ ਦੀ ਹੁੰਦੀ ਉਹ ਪਰਮੇਸ਼ਰ ਸਿੰਘ ਨੂੰ ਛਾਤੀ ਨਾਲ ਘੁੱਟੀ ਸਰਹੱਦ 'ਤੇ ਅਪੜ ਗਈ ਤਾਂ ਕਾਲੀ ਸ਼ੂਕਦੀ ਰਾਤ ਅੱਧੀ ਇੱਧਰ ਸੀ ਤੇ ਅੱਧੀ ਉਧਰ । ਸਰਹੱਦੀ ਚੌਕੀ 'ਤੇ ਗਸ਼ਤ ਕਰਦਾ ਸੰਤਰੀ ਸਾਫ ਦਿਸਦਾ ਸੀ । ਡਰ, ਹੌਸਲੇ, ਹਿੰਮਤ ਅਤੇ ਜਿੱਤ ਦੀ ਖੁਸ਼ੀ ਨਾਲ ਉਸਦਾ ਦਿਲ ਤੇਜ਼ ਤੇਜ਼ ਧੜਕ ਰਿਹਾ ਸੀ । ਇਲਾਕੇ ਦਾ ਭੇਤ ਹੋਣ ਕਰਕੇ ਉਹ ਸਮਝ ਗਈ ਸੀ ਕਿ ਫਿਰੋਜ਼ਪੁਰ ਇਥੋਂ ਨਜ਼ਦੀਕ ਹੀ ਸੀ। ਪੰਜਾਬ ਦੀ ਹੱਦ ਵਿਚ ਆ ਕੇ ਉਸਨੇ ਇਕ ਰੁੱਖ ਦੀ ਓਟ ਲੈ ਲਈ । ਉਸ ਨੇ ਪਿਛਾਂਹ ਪਰਤ ਕੇ ਵੇਖਿਆ ਸਰਹੱਦੀ ਚੌਕੀ ਦਾ ਮੱਧਮ ਜਿਹਾ ਚਾਨਣ ਹੀ ਦਿਸਦਾ ਸੀ । ਦਰਖ਼ਤ ਦੇ ਮੁੱਢ ਨਾਲ ਢੋ ਲਾ ਕੇ ਉਹ ਬੈਠਣ ਲੱਗੀ ਉਹ ਧੜੱਮ ਕਰਕੇ ਡਿੱਗ ਪਈ । ਉਸਦੇ ਹੋਸ਼ ਹਵਾਸ ਕਾਇਮ ਸਨ ਪਰ ਉਸਦੇ ਸਰੀਰ 'ਚ ਫੱਕਾ ਨਹੀਂ ਸੀ । ਥੱਕ ਟੁੱਟ ਕੇ ਉਹ ਚੂਰ ਚੂਰ ਹੋ ਗਈ ਸੀ ।

"ਆਹ ਵੇਖ ਪਰਮੇਸ਼ਰ ਦੇ ਬਾਪੂ ! ਮੈਂ ਤੇਰੀ ਇਮਾਨਤ ਸਹੀ ਸਲਾਮਤ ਮੋੜ ਲਿਆਈ ਹਾਂ ।" ਉਸ ਨੇ ਰਤਾ ਕਰਾਰ ਫੜਦਿਆਂ ਬਚਿੱਤਰ ਸਿੰਘ ਦੀ ਹੋਂਦ ਆਪਣੇ ਨੇੜੇ ਅਨੁਭਵ ਕੀਤੀ ।

ਪਲ ਭਰ ਮਗਰੋਂ ਉਸਦਾ ਜੀਅ ਕੱਚਾ ਹੋਣ ਲੱਗ ਪਿਆ । ਜ਼ੋਰ ਦੀ ਉਲਟੀ ਆਈ ਤੇ ਉਸਨੂੰ ਲੱਗਿਆ ਜਿਵੇਂ ਉਸਦੀਆਂ ਆਂਦਰਾਂ ਹੀ ਬਾਹਰ ਨੂੰ ਆ ਰਹੀਆਂ ਹੋਣ । ਉਸਦੀ ਚੇਤਨਾ ਪੂਰਾ ਪੂਰਾ ਕੰਮ ਕਰਦੀ ਸੀ ਤੇ ਉਸ ਨੇ ਦਿਨ ਗਿਣ ਕੇ ਹਿਸਾਬ ਲਾਇਆ ਕਿ ਉਹ ਕੁਝ ਹੋ ਗਿਆ ਸੀ ਜੋ ਉਹ ਨਹੀਂ ਸੀ ਚਾਹੁੰਦੀ । ਇਸ ਅਣਚਾਹੇ ਬੀਜ ਨੂੰ ਉਸਨੇ ਇਕ ਮੁੱਠ ਵਿਚ ਘੁੱਟ ਲਿਆ ਜਿਵੇਂ ਹੁਣੇ ਹੀ ਮਸਲ ਕੇ ਤਬਾਹ ਕਰ ਦੇਵੇਗੀ । ਕਾਸ਼ ! ਕਿ ਉਸ ਕੋਲ ਉਸ ਦੀ ਕਿਰਪਾਨ ਹੁੰਦੀ ਉਹ ਐਨ ਪੇਡੂ ਤੋਂ ਉਪਰ ਖੁਭੋ ਕੇ ..."ਨਹੀਂ ਨਹੀਂ... ਪਰਮੇਸ਼ਰ ਸਿੰਘ ਨੂੰ ਉਸਦੇ ਬਾਪ ਦੇ ਹਵਾਲੇ ਕਰਨਾ ਜ਼ਰੂਰੀ ਹੈ ।" ਉਸਨੇ ਕੌੜਾ ਘੁੱਟ ਭਰ ਲਿਆ ।

ਵਾਰ ਵਾਰ ਉਸਦੇ ਅੰਦਰੋਂ ਵਰੋਲੇ ਜੇਡੀ ਲਾਟ ਨਿਕਲਦੀ ਸੀ ਪਰ ਇਕੋ ਖਾਹਸ਼ ਦੇ ਬਲ ਨਾਲ ਉਸ ਉਤੇ ਸਬਰ ਦਾ ਪਾਣੀ ਛਿੜਕ ਦਿੱਤਾ ਜਾਂਦਾ ਸੀ ।

ਤੇ ਫੇਰ ਜਿਨ੍ਹੀਂ ਹਾਲੀਂ ਉਹ ਬਚਿੱਤਰ ਸਿੰਘ ਦੇ ਘਰ ਤੱਕ ਅੱਪੜੀ ਉਹ ਹੋਰ ਵੀ ਕਥਨੋਂ ਬਾਹਰੇ ਹਨ । ਉਸਨੂੰ ਏਸੇ ਗੱਲ ਦੀ ਤਸੱਲੀ ਸੀ ਕਿ ਉਨ੍ਹਾਂ ਦੀ ਟੁੱਟੀ ਗੰਢੀ ਜਾਏਗੀ ।

ਬਚਿੱਤਰ ਸਿੰਘ ਉਸਨੂੰ ਅਤੇ ਆਪਣੇ ਬੱਚੇ ਨੂੰ ਆਪਣੇ ਘਰ ਵਿਚ ਵੇਖ ਕੇ ਗੱਦ ਗੱਦ ਹੋ ਉਠਿਆ । ਘੰਟਾ ਭਰ ਉਸਨੇ ਧਰਮ ਕੌਰ ਤੇ ਪੁੱਤਰ ਨੂੰ ਬੁੱਕਲ 'ਚੋਂ ਨਾ ਕੱਢਿਆ । ਪਰ ਜਦੋਂ ਧਰਮ ਕੌਰ ਨੇ ਆਪਣੇ ਪੈਰ ਭਾਰੇ ਹੋਣ ਬਾਰੇ ਪੱਕ ਕਰ ਦਿੱਤਾ ਤਾਂ ਉਹੀ ਬਚਿੱਤਰ ਸਿੰਘ ਬੁੜ੍ਹਕ ਕੇ ਪੁਆਂਦਾਂ 'ਤੇ ਜਾ ਪਿਆ ਅਤੇ ਧਰਮ ਕੌਰ ਨੂੰ ਪਈ ਛੱਡ ਕੇ ਖੜ੍ਹਾ ਹੋ ਗਿਆ "ਇਸ ਦਾ ਮਤਲਬ ਤੂੰ ਮੁਸਲੇ ਦਾ ਤੁਖਮ ਵੀ ਢਿੱਡ 'ਚ ਲਈ ਫਿਰਦੀ ਏਂ ।'

ਬਚਿੱਤਰ ਸਿੰਘ ਦੀਆਂ ਨਫਰਤ ਤੇ ਕ੍ਰੋਧ ਨਾਲ ਨਾਸਾਂ ਫਰਕਣ ਲੱਗੀਆਂ ।

"ਮੈਂ ਕਿਹਾ" ਬੇਬੇ ਧਰਮ ਕੌਰ ਦੇ ਸ਼ਬਦ ਕਿਸੇ ਨੂੰ ਵੀ ਭੁੱਲੇ ਨਹੀਂ ਹੋਣੇ—"ਵੇਖ ਰੱਬ ਦਿਆ ਬੰਦਿਆ । ਤੇਰੀ ਤੇ ਤੇਰੀ ਸੰਤਾਨ ਦੀ ਖਾਤਰ ਮੈਂ ਕੀ ਕੀ ਜਰ ਚੁੱਕੀ ਹਾਂ । ਤੂੰ ਵੇਖ ਮੈਂ ਕਿੰਨੇ ਪੱਥਰ ਸੀਨੇ 'ਤੇ ਰੱਖੇ ਨੇ—ਤੂੰ ਮੇਰੀ ਖਾਤਰ ਇਕੋ ਪੱਥਰ ਸੀਨੇ 'ਤੇ ਰਖ ਲੈ । ...ਨਹੀਂ ਅਹਿਨਾਂ ਹੱਥਾਂ ਨਾਲ ਆਪ ਮੇਰਾ ਗਲ ਘੁੱਟ ਦਿਹ ।"

ਉਹ ਚੁੱਪ ਕਰ ਰਿਹਾ । ਬੇਬੇ ਧਰਮ ਕੌਰ ਨੇ ਉਸ ਦੀ ਚੁੱਪ ਦਾ ਅਨੁਮਾਨ ਲਾਉਂ-ਦਿਆਂ ਫੇਰ ਕਿਹਾ—"ਅੱਛਾ ! ਜੇ ਤੂੰ ਮੇਰੇ ਗੁਨਾਹ ਮੁਆਫ ਨਹੀਂ ਕਰ ਸਕਦਾ ਤਾਂ ਮੈਨੂੰ ਇਕ ਪਾਸੇ ਕੋਠੜਾ ਤਾਂ ਦੇ ਛੱਡ—ਮੈਂ ਆਪੇ ਮੰਗ ਪਿੰਨ੍ਹ ਕੇ ਜੂਨ ਗੁਜ਼ਾਰਾ ਕਰ ਲਊਂ ।"

ਉਸਦੇ ਮਨ ਪਿਰਸ ਪੈ ਗਈ । ਬਚਿੱਤਰ ਸਿੰਘ ਨੇ ਅੱਧਾ ਘਰ ਉਸਨੂੰ ਦੇ ਦਿੱਤਾ ਤੇ ਵਿਚਕਾਰ ਉਚੀ ਉਚੀ ਕੰਧ ਕਰਵਾ ਦਿੱਤੀ । ਹਾੜੀ ਸੌਣੀ ਉਹ ਉਸ ਨੂੰ ਖਾਣ ਜੋਗੇ ਦਾਣੇ ਵੀ ਦੇ ਦਿੰਦਾ । ਪੈਨਸ਼ਨ 'ਚੋਂ ਦਸ ਛਿਲੜ ਖਰਚਣ ਨੂੰ ਦੇ ਛੱਡਦਾ ।

ਬਚਿੱਤਰ ਸਿੰਘ ਭਾਵੇਂ ਸੀਨੇ 'ਤੇ ਪੱਥਰ ਨਾ ਰੱਖ ਸਕਿਆ—ਉਹ ਜਿਹੋ ਜਿਹੀਆਂ ਸਮਾਜਕ ਹਾਲਤਾਂ ਵਿਚ ਰਹਿੰਦਾ ਸੀ—ਇਉਂ ਕਰ ਵੀ ਨਹੀਂ ਸੀ ਸਕਦਾ ਤਾਂ ਵੀ ਉਸ ਨੇ ਧਰਮ ਕੌਰ ਦੇ ਜਣੇਪੇ ਵਾਰੀ ਉਸਦੀ ਪੁਜ ਕੇ ਮੱਦਦ ਕੀਤੀ । ਬੇਬੇ ਨੇ ਦੋ ਜੌੜੇ ਬੱਚਿਆਂ ਨੂੰ ਜਨਮ ਦਿਤਾ । ਬਚਿੱਤਰ ਸਿੰਘ ਆਖੇ ਸਿੱਖੀ ਰਹੁ ਰੀਤ ਮੁਤਾਬਕ ਉਨ੍ਹਾਂ ਬੱਚਿਆਂ ਨੂੰ ਅੰਮ੍ਰਿਤ ਛਕਾਇਆ ਜਾਵੇ ਪਰ ਧਰਮ ਕੌਰ ਕਹੇ ਇਉਂ ਕਰਕੇ ਕਿਸੇ ਦਾ ਧਰਮ ਨਹੀਂ ਬਦਲਿਆ ਜਾ ਸਕਦਾ—ਧਰਮ ਥੋਪਿਆ ਜਾ ਸਕਦਾ ਹੈ । ਉਹ ਚਾਹੁੰਦੀ ਸੀ ਕਿ ਉਹਨਾਂ ਦੇ ਮੁਸਲਮਾਨੀ ਨਾਂ ਰੱਖੇ—ਵੱਡੇ ਹੋ ਕੇ ਭਾਵੇਂ ਉਹ ਕੁਝ ਵੀ ਬਣ ਜਾਣ ।

ਬੱਸ ਉਸੇ ਸਾਲ ਬਚਿੱਤਰ ਸਿੰਘ ਨੂ ਮਿਆਦੀ ਬੁਖਾਰ ਨੇ ਘੇਰ ਲਿਆ । ਧਰਮ ਕੌਰ ਨੇ ਉਸਦੀ ਸੇਵਾ ਵਾਲੀ ਕੋਈ ਕਸਰ ਨਾ ਛੱਡੀ । ਉਨ੍ਹਾਂ ਦਿਨਾਂ ਵਿਚ ਤਾਂ ਇਸ ਬੁਖਾਰ ਨੂੰ ਲੰਮੀ ਜਹਿਮਤ ਕਹਿਕੇ ਸਵਿਕਾਰ ਕਰ ਲਿਆ ਜਾਂਦਾ ਸੀ । ਉਹੜ ਪੁਹੜ ਕੋਈ ਹੈ ਨਹੀਂ ਸੀ...ਤੇ ਬਚਿੱਤਰ ਸਿੰਘ ਇਸ ਸੰਸਾਰ ਤੋਂ ਵਿਦਾ ਹੋ ਗਿਆ ।

o

ਬੇਬੇ ਸ਼ਰੀਕੇ ਕਬੀਲੇ ਵਿਚ ਪੂਰੀ ਉਤਰੀ । ਰਿਸ਼ਤੇਦਾਰੀਆਂ ਨਾਲ ਉਸਨੇ ਪੂਰੀ ਨਿਭਾਈ । ਉਸਦੀ ਸੂਝ ਸਿਆਣਪ ਅਤੇ ਵਰਤ ਵਰਤਾਅ ਸਭ ਨੂੰ ਮੂਹ ਲੈਂਦਾ ਪਰ ਉਹ ਆਪਣੇ ਸਿੱਖੀ ਭਾਈਚਾਰੇ ਦੀ ਉਹ ਇਕ ਖਾਹਿਸ਼ ਪੂਰੀ ਨਾ ਕਰ ਸਕੀ । ਉਹ ਅੱਲਾ ਦੀਨ ਤੇ ਫਾਤਮਾ ਬੀਬੀ ਨੂੰ ਅੰਮ੍ਰਿਤ ਛਕਾ ਕੇ ਸਿੱਖੀ ਜਾਮੇ ਵਿਚ ਲਿਆਉਣ ਨੂੰ ਤਿਆਰ ਨਾ ਹੋਈ । ਜਿਸ ਕਰਕੇ ਸ਼ਰੀਕੇ ਕਬੀਲੇ ਤੇ ਅੰਗਾਂ ਸਾਕਾਂ ਵਲੋਂ ਭਾਂਡਾ ਛੇਕਣ ਕਰਕੇ ਉਸਨੂੰ ਰਾਮਪੁਰ ਮੰਡੀ ਦੇ ਇਸ ਕਸਬੇ ਵਿਚ ਆਉਣ ਲਈ ਮਜਬੂਰ ਹੋਣਾ ਪਿਆ । ਉਹ ਇਕਦਮ ਗੰਭੀਰ ਰਹਿਣ ਲਗ ਪਈ ਸੀ ।

ਉਸਦੇ ਕੰਮ ਕਾਜ ਅਤੇ ਸ਼ਹਿਰ ਦੇ ਲੋਕਾਂ ਨਾਲ ਮਿਲਣ ਦੇ ਢੰਗ ਨੇ ਲੋਕਾਂ ਦੇ ਦਿਲ ਵਿਚ ਉਸ ਦੀ ਥਾਂ ਬਣਾ ਦਿੱਤੀ ਸੀ ਅਤੇ ਉਹ ਅਜਿਹੇ ਹਾਲਾਤ ਪੈਦਾ ਕਰਨ ਲਈ ਵੀ ਜਤਨਸ਼ੀਲ ਸੀ, ਜਿਨ੍ਹਾਂ ਵਿਚ ਲੋਕ ਆਪਣੇ ਬਾਰੇ ਸੋਚਣ ਦੀ ਥਾਂ ਸਮੂਹ ਲਈ ਵੀ ਸੋਚਣ

ਲੱਗ ਪੈਣ । ਉਸਦੇ ਪੁਤਰਾਂ ਨੇ ਉਸਦੀ ਬੜੀ ਸਹਾਇਤਾ ਕੀਤੀ ਸੀ ਅਤੇ ਅੱਜ ਅਸੀਂ ਉਸ ਦੀ ਬਦੌਲਤ ਹਸਪਤਾਲ ਦੇ ਵਾਰਡ ਵਿਚ ਸਾਂ । ਸਾਡੇ ਕਈ ਸਾਥੀ ਗੰਭੀਰ ਰੂਪ ਵਿਚ ਜ਼ਖਮੀ ਹੋ ਗਏ ਸਨ ।

'ਬੇਬੇ ਕਿਵੇਂ ਹੈ ? ' ਜਦ ਅਸੀਂ ਡੁਬਡਬਾਈਆਂ ਨਜ਼ਰਾਂ, ਮਿਲਣ ਆਏ ਆਪਣੇ ਕਿਸੇ ਸਾਥੀ 'ਤੇ ਸੁੱਟ ਕੇ ਪੁਛਦੇ ਸਾਂ ਤਾਂ ਘੜਿਆ ਘੜਾਇਆ ਉਤਰ ਮਿਲਦਾ ਸੀ, "ਸਭ ਕੁਝ ਠੀਕ ਠਾਕ ਹੈ ।"

ਪਰ ਤੀਜੇ ਦਿਨ ਸਭ ਕੁਝ ਠੀਕ ਠਾਕ ਨਾ ਰਿਹਾ । ਸਾਡੀ ਸੇਵਾ ਵਿਚ ਲੱਗੇ ਸਾਡੇ ਸਾਥੀ ਜਿਨ੍ਹਾਂ ਨੂੰ ਹਸਪਤਾਲ ਅਤੇ ਪੁਲਸ ਦੇ ਅਧਿਕਾਰੀਆਂ ਨੇ ਸਾਡੇ ਕੋਲ ਰਹਿਣ ਦੀ ਅਗਿਆ ਦੇ ਦਿੱਤੀ ਸੀ, ਘਬਰਾਏ ਘਬਰਾਏ ਫਿਰ ਰਹੇ ਹਨ । ਸਾਡੇ ਪੁਛਣ ਤੇ ਉਹ ਕੁਝ ਵੀ ਨਹੀਂ ਸਨ ਦਸਦੇ । ਪਰ ਉਹਨਾਂ ਦੇ ਸੁਤੇ ਚਿਹਰੇ ਸਭ ਕੁਝ ਬੋਲ ਰਹੇ ਸਨ ।

"ਸਾਥੀ ! ਅਸਲ ਗੱਲ ਕਿਉਂ ਨਹੀਂ ਦਸਦੇ ?" ਦੂਜੇ ਵਾਰਡ ਚੋਂ ਕਾਹਲੀ ਕਾਹਲੀ ਆਏ ਤੇ ਰਾਮ ਚੰਦ ਦੇ ਕੰਨਾਂ ਵਿਚ ਕੁਝ ਕਹਿ ਕੇ ਮੁੜ ਰਹੇ ਨੱਥੂ ਰਾਮ, ਫੈਕਟਰੀ ਕਾਮੇ ਤੋਂ ਮੈਂ ਪੁਛ ਹੀ ਲਿਆ । ਉਹ ਸਹਿਜੇ ਜਿਹੇ ਆਪਣੀ ਬਾਂਹ ਛਡਾਉਣ ਦਾ ਜਤਨ ਕਰ ਰਿਹਾ ਸੀ ਪਰ ਜਦ ਉਸਨੇ ਮੇਰੇ ਨਾਲ ਅੱਖਾਂ ਮਿਲਾਈਆ ਤਾਂ ਉਨ੍ਹਾਂ ਵਿਚ ਬਰਫ ਬਣੇ ਹੰਝੂ ਮੈਂ ਵੇਖ ਗਿਆ ।

"ਬੇਬੇ ਕਿਵੇਂ ਹੈ ? ਨੱਥੂ ਰਾਮ ?" ਮੈਂ ਉਸਨੂੰ ਝੰਜੋੜ ਕੇ ਕਿਹਾ, "ਤੂੰ ਮੈਨੂੰ ਦਸਦਾ ਕਿਉਂ ਨਹੀਂ ।" ਦੂਜੇ ਹਥ ਨਾਲ ਉਸਨੇ ਮੇਰਾ ਹੱਥ ਤੋੜ ਕੇ ਮੇਰੀ ਛਾਤੀ 'ਤੇ ਰਖ ਦਿਤਾ, "ਅੱਲਾ ਦੀਨ ਸਭ ਕੁਝ ਠੀਕ ਹੈ ।"

ਉਸਦਾ ਇਸ ਤਰ੍ਹਾਂ ਕਹਿਕੇ ਜਾਣਾ ਹੀ ਦਸਦਾ ਸੀ ਕਿ ਸਭ ਕੁਝ ਠੀਕ ਨਹੀਂ ਹੈ ।

ਨਾਲ ਦੇ ਵਾਰਡ 'ਚੋਂ ਲੋਹੇ ਦੇ ਪਲੰਘ ਦੇ ਪਹੀਆਂ ਦੀ ਆਵਾਜ਼ ਸੁਣਾਈ ਦੇ ਰਹੀ ਸੀ । ਉਸੇ ਵੇਲੇ ਬਾਹਰੋਂ "ਬੇਬੇ ਧਰਮ ਕੌਰ ! ਜ਼ਿੰਦਾਬਾਦ !" ਦਾ ਨਾਰ੍ਹਾ ਗੂੰਜਿਆ । ਮੇਰਾ ਕਾਲਜਾ ਨਿੱਕਲ ਗਿਆ। ਮੈਂ ਉਠਣ ਦਾ ਜਤਨ ਕੀਤਾ ਪਰ ਸਿਰ ਨੂੰ ਚੱਕਰ ਆਉਣ ਕਰਕੇ ਫਿਰ ਬਿਸਤਰੇ 'ਤੇ ਢਹਿ ਪਿਆ ।

ਬੇਬੇ ਸ਼ਹੀਦ ਹੋ ਗਈ ਹੈ । ਮੈਂ ਸੋਚਿਆ ਜੋ ਥੋੜੇ ਹੀ ਚਿਰ ਵਿਚ ਸਚ ਹੋ ਨਿਬੜਿਆ । ਬੇਬੇ ਕਹਿੰਦੀ ਹੁੰਦੀ ਸੀ ਉਸ ਦੀ ਕਹਾਣੀ ਲਿਖੀ ਜਾਣ ਵਾਲੀ ਹੈ । ਉਸ ਦੀ ਹੱਡ ਬੀਤੀ ਦਾ ਨਾਵਲ ਬਣ ਸਕਦਾ ਹੈ ।

"ਉਸਦੀ ਕਹਾਣੀ ਕੌਣ ਲਿਖੇਗਾ ?" ਮੇਰੇ ਬੁਲ੍ਹ ਦੰਦਾਂ ਵਿਚ ਨਪੀੜੇ ਹੋਏ ਸਨ । ਹੇਠਲਾ ਬੁਲ੍ਹ ਦਰਦ ਕਰਨ ਲੱਗ ਪਿਆ ਸੀ ਤੇ ਮੇਰੀ ਜੀਭ ਨੇ ਖ਼ੂਨ ਦੇ ਖਾਰੇ ਸਵਾਦ ਦਾ ਵੀ ਅਨੁਭਵ ਕੀਤਾ ਸੀ ਪਰ ਮੇਰਾ ਹੇਠਲਾ ਬੁਲ੍ਹ ਅਜੇ ਵੀ ਦੰਦਾਂ ਵਿਚ ਨਪੀੜਿਆ ਹੋਇਆ ਸੀ । "ਹੈ ਕੋਈ ਕਲਮ ਵਾਲਾ ਉਸ ਦੀ ਕਹਾਣੀ ਲਿਖਣ ਵਾਲਾ ?"

"ਅੱਲਾ ਦੀਨ ! ਤੈਥੋਂ ਬਿਨਾਂ ਉਸ ਦੀ ਕਹਾਣੀ ਕੋਈ ਨਹੀਂ ਲਿਖੇਗਾ । ਤੈਥੋਂ ਬਿਨਾਂ ਕੋਈ ਨਹੀਂ...ਕੋਈ ਨਹੀਂ ।" ਮੇਰੀਆਂ ਅੱਖਾਂ 'ਚੋਂ ਕੋਸੇ ਕੋਸੇ ਅੱਥਰੂ ਵਹਿ ਤੁਰੇ । ਸੱਜੇ ਹਥ ਦੀ ਮੁਠ ਕਸ ਕੇ ਮੀਟੀ ਗਈ । o

[ਸਰਕਾਰੀ ਹਾਈ ਸਕੂਲ ਭੁੱਚੋ ਕਲਾਂ, ਜ਼ਿਲਾ ਬਠਿੰਡਾ]

ਮਨਜੀਤ ਕਾਦਰ

## ਦੋ ਗ਼ਜ਼ਲਾਂ

1 ਏਸ ਦੀ ਹੈ ਕੁੱਖ ਅੰਦਰ ਨ੍ਹੇਰ ਵੀ,
ਕਰ ਰਹੀ ਹੈ ਰੋਸ਼ਨੀ ਵੱਲ–ਫੇਰ ਵੀ।
ਹਰ ਦਿਸ਼ਾ ਨੂੰ ਜਿਸ ਲਹੂ ਥੀਂ ਰੰਗਿਆ,
ਇਸ ਤਰ੍ਹਾਂ ਦੀ ਆਈ ਇਕ ਸਵੇਰ ਵੀ।
ਮੌਸਮਾਂ ਦੀ ਦੇਣ, ਇਸਨੂੰ ਆਖਦੈਂ,
ਮਨ 'ਚ ਤੇਰੇ ਭੈਅ ਤੇ ਹਨੇਰ ਵੀ।
ਕੰਡਿਆਂ ਦੀ ਚੋਭ ਤੋਂ ਵੀ ਡਰ ਰਿਹੈਂ !
ਲੋਚਦਾ ਏਂ ਖਾਣ ਨੂੰ ਕੁਝ ਬੇਰ ਵੀ।
ਭੜਕਿਆ ਤਾਂ, ਵਾਂਗ ਲਾਵੇ ਫੈਲਿਆ,
ਬਹਿ ਗਿਆ ਫਿਰ, ਰਾਖ ਦਾ ਹੋ ਢੇਰ ਵੀ।
ਰੋਸ਼ਨੀ ਦੀ ਓਢ ਵਿੱਚ ਜੁ ਹੋ ਰਿਹਾ,
ਪਾਪ ਹੋ ਕੇ, ਪਾਪ ਨਈਂ ਇਹ ਫੇਰ ਵੀ।
ਹਲਫ ਲੈ ਕੇ ਆਪ, ਰੰਗੇ ਗਿੱਦੜਾਂ,
ਸਾਜਣੇ, ਕੁਝ ਕਾਗਜ਼ਾਂ ਦੇ ਸ਼ੇਰ ਵੀ।

2 ਕੋਈ ਸਾਜ਼ਿੰਦਾ ਸਾਜ਼ ਉਠਾਵੇ।
ਔਰੰਗਜ਼ੇਬ ਨੂੰ ਕੀਕਣ ਭਾਵੇ।
ਕਲਮਾ-ਕਾਜ਼ੀ, ਛੁਰੀ ਕਸਾਈ,
ਪਏ ਉਡੀਕਣ ਬੱਕਰਾ ਆਵੇ।
ਨਿੱਤ ਹੀ ਸ਼ਹਿਰ ਦਾ ਮੁਕਤੀਦਾਤਾ,
ਕੁਝ ਕੁ ਪੰਛੀ ਪਿੰਜਰੇ ਪਾਵੇ।
ਮੁੱਠੀ ਵਿਚ ਹਵਾ ਨੂੰ ਘੁੱਟੇ,
ਚਾਹੇ ਤਾਂ ਤੂਫਾਨ ਝੁਲਾਵੇ।
ਹੀਰ ਦਾ ਮੋਹ, ਨਾ ਨਾਥ 'ਤੇ ਨਿਹਚਾ,
ਫਿਰ ਵੀ ਜੋਗੀ ਟਿੱਲੇ ਜਾਵੇ।
ਆਪਣੀ ਠੰਢ 'ਚ ਸੜਦਾ ਇਕ ਪਲ,
ਆਪਣੀ ਧੁੱਪ 'ਚ ਡਰਦਾ ਜਾਵੇ।
"ਮੈਂ ਪਾਪੀ ਤੂੰ ਬਖ਼ਸ਼ਣ-ਹਾਰਾ,"
ਕਾਤਿਲ ਉੱਚੀ ਉੱਚੀ ਗਾਵੇ।
ਹੁਣ ਤਾਂ ਰਾਤਾਂ ਨੂੰ ਸੁਫਨਾ ਵੀ,
ਕਾਤਿਲ ਬਣ ਬਣ ਸੌਂਹੇਂ ਆਵੇ।

[ਪਿੰਡ ਆਲੇਵਾਲੀ, ਡਾ: ਬਾੜਾ ਸਿੱਧ ਪੁਰ, ਤਸੀਲ ਨਕੋਦਰ, ਜ਼ਿਲਾ ਜਲੰਧਰ]

ਗੁਰਦਿਆਲ ਦਲਾਲ

# ਕਹਾਣੀ ਜ਼ਰੂਰ ਪੂਰੀ ਹੋਵੇਗੀ

ਸਾਰੀ ਨਹੀਂ ਤਾਂ ਮੇਰੀ ਤਿੰਨ-ਚੌਥਾਈ ਰਾਤ ਤਾਂ ਉਸ ਕਹਾਣੀ ਦੇ ਪਲਾਟ ਬਾਰੇ ਸੋਚਦਿਆਂ ਲੰਘ ਹੀ ਗਈ ਹੋਵੇਗੀ। ਕਹਾਣੀ ਬਾਰੇ ਸਭ ਕੁਝ ਬੜਾ ਸਾਫ਼ ਤੇ ਸਪਸ਼ਟ ਹੋ ਚੁੱਕਾ ਸੀ। ਹੁਣ ਤਾਂ ਕਹਾਣੀ ਦੇ ਪਾਤਰ ਮੇਰੇ ਸਿਰਹਾਣੇ ਖੜ੍ਹੇ ਮੈਨੂੰ ਹੁੱਝਾਂ ਮਾਰ ਰਹੇ ਸਨ :

"ਉੱਠ ! ਕਾਗਜ਼ ਤੇ ਪੈਨ ਚੁੱਕ ਕੇ ਬੈਠ ਜਾ। ਅਸੀਂ ਤੇਰੇ ਸਾਮ੍ਹਣੇ ਪੂਰੀ ਕਹਾਣੀ ਫੇਰ ਸਟੇਜ ਕਰਾਂਗੇ। ਬੱਸ ਤੂੰ ਲਿਖਦਾ ਜਾਵੀਂ।" ਪਰ ਮੈਂ ਉਠਣਾ ਨਹੀਂ ਸਾਂ ਚਾਹੁੰਦਾ। ਆਪਣੀ ਪਤਨੀ ਸੁੰਮੀਂ ਦੇ ਸਰੀਰ ਦੇ ਨਿੱਘ ਵਿਚ ਮਸਤ ਲੇਟਿਆ ਪਿਆ ਸਾਂ। ਕਹਾਣੀ ਦੀ ਨਾਇਕਾ ਦੀਆਂ ਅੱਖਾਂ ਵਿਚ ਰੋਹ ਵੇਖ ਕੇ ਮੈਂ ਸੁੰਮੀ ਨੂੰ ਆਪਣੇ ਨਾਲ ਹੋਰ ਘੁੱਟ ਲਿਆ ਤੇ ਉਸ ਦੀਆਂ ਛਾਤੀਆਂ ਵਿਚ ਮੂੰਹ ਛੁਪਾ ਦਿੱਤਾ। ਪਰ ਨਾਇਕਾ ਫਿਰ ਵੀ ਦਿਸਦੀ ਰਹੀ :

"ਤੂੰ ਇਹ ਕਹਾਣੀਆਂ ਲਿਖਣ ਦਾ ਧੰਦਾ ਸ਼ੁਰੂ ਹੀ ਕਿਉਂ ਕੀਤਾ ? ਸਾਨੂੰ ਜਵਾਬ ਦੇਹ। ਅਸੀਂ ਹੋਰ ਕਿਸੇ ਕੋਲ ਚਲੇ ਜਾਂਦੇ ਹਾਂ। ਤੂੰ ਇੰਜ ਲਟਕ ਕੇ ਕਿਉਂ ਮਰ ਰਿਹਾ ਏਂ ? ਇਸ ਨਾਲੋਂ ਤਾਂ ਚੰਗਾ ਏ ਸਕੂਲ ਖੋਹਲ ਲੈ। ਸੁੰਮੀਂ ਪੜ੍ਹੀ-ਲਿਖੀ ਏ। ਤੂੰ ਪੜ੍ਹਿਆ-ਲਿਖਿਆ ਏਂ। ਮਿਹਨਤ ਕਰੋ, ਪੈਸੇ ਕਮਾਉ ਤੇ ਐਸ਼ ਕਰੋ। ਜੇ ਤੂੰ ਪੈਸੇ ਵੀ ਨਹੀਂ ਕਮਾ ਸਕਦਾ ਤੇ ਕਹਾਣੀ ਵੀ ਨਹੀਂ ਲਿਖ ਸਕਦਾ ਤਾਂ ਲਾਅਣਤ ਏ ਤੇਰੀ ਇਹੋ-ਜਿਹੀ ਜ਼ਿੰਦਗੀ 'ਤੇ।"

"ਹਾਂ, ਲਾਅਣਤ ਤਾਂ ਹੈ ਹੀ।" ਮੈਂ ਬੁੜਬੁੜਾਉਂਦਾ ਹਾਂ ਤੇ ਉੱਠ ਕੇ ਬੈਠ ਜਾਂਦਾ ਹਾਂ।

"ਕਿਉਂ ਕੀ ਗੱਲ ?" ਸੁੰਮੀਂ ਦੀ ਨੀਂਦ ਟੁੱਟਦੀ ਹੈ।

"ਲਿਖਣ ਬੈਠਣਾ ਏਂ। ਇਕ ਕੱਪ ਚਾਹ ਦਾ ਬਣਾ ਕੇ ਲਿਆ।"

"ਨੀਂਦ ਬੜੀ ਆ ਰਹੀ ਏ। ਸਵੈਟਰ ਪੂਰਾ ਕਰਕੇ ਗਿਆਰਾਂ ਵਜੇ ਸੁੱਤੀ ਹਾਂ। ਅੱਜ ਦੇਣਾ ਸੀ। ਪੈ ਜਾਓ। ਕੱਲ੍ਹ ਐਤਵਾਰ ਹੀ ਏ। ਕੱਲ੍ਹ ਨੂੰ ਲਿਖ ਲਇਉ।" ਉਹ ਪਾਸਾ ਪਰਤ ਕੇ ਮੇਰੇ ਵੱਲ ਪਿੱਠ ਕਰ ਲੈਂਦੀ ਹੈ।

ਮੈਂ ਚੁੱਪ ਹੋ ਜਾਂਦਾ ਹਾਂ। ਮੈਂ ਉਸ ਨੂੰ ਇਹ ਗੱਲ ਬਹੁਤ ਵਾਰੀ ਸਮਝਾ ਚੁੱਕਾ ਹਾਂ ਕਿ ਕਹਾਣੀ ਕੋਈ ਪੋਲਟਰੀ-ਫਾਰਮ ਦੀ ਮੁਰਗੀ ਨਹੀਂ ਕਿ ਜਦੋਂ ਮਰਜ਼ੀ ਫੜਕੇ ਗਰਦਣ ਮਰੋੜ ਲਵੋ। ਇਹ ਤਾਂ ਉਸ ਜੰਗਲੀ ਸ਼ਿਕਾਰ ਵਾਂਗ ਏ ਜਿਸ ਨੂੰ ਮਾਰਨ ਲਈ ਪਹਿਲਾਂ ਘੰਟਿਆਂ-ਬੱਧੀ ਸ਼ਹਿ ਲਾ ਕੇ ਬਹਿਣਾ ਪੈਂਦਾ ਹੈ ਜਾਂ ਜਿਸ ਦੇ ਪਿੱਛੇ ਮੀਲਾਂ ਤੱਕ ਨੱਠ-ਭੱਜ ਕਰਨੀ ਪੈਂਦੀ ਹੈ ਅਤੇ ਮੌਕਾ ਆਉਣ 'ਤੇ ਇਕ ਪਲ ਵੀ ਨਹੀਂ ਖੁੰਝਾਉਣਾ ਚਾਹੀਦਾ। ਜੇ ਸੁੰਮੀਂ ਹਿਸਾਬ ਜਾਂ ਸਾਇੰਸ ਦੀ ਵਿਦਿਆਰਥਣ ਰਹੀ ਹੁੰਦੀ ਜਾਂ ਫਿਰ ਇੱਕ ਦੇਸੀ-ਅਨਪੜ੍ਹ ਔਰਤ ਹੀ ਹੁੰਦੀ ਤਾਂ ਮੈਂ ਉਸ ਨੂੰ ਇਹ ਗੱਲ ਕਦੀ ਨਾ ਕਹਿੰਦਾ ਪਰ ਉਹ ਤਾਂ ਆਪ ਸਾਹਿਤ ਦੀ

ਐਮ. ਏ. ਹੋਣ ਦੇ ਨਾਲ-ਨਾਲ ਵਿਆਹ ਤੋਂ ਪਹਿਲਾਂ ਕਵਿਤਾਵਾਂ ਵੀ ਲਿਖਦੀ ਰਹੀ ਹੈ। ਇਹ ਵੱਖਰੀ ਗੱਲ ਹੈ ਕਿ ਨੌਕਰੀ ਨਾ ਮਿਲਣ ਕਰਕੇ ਉਸ ਦਾ ਇਹ ਸ਼ੌਕ (ਉਹ ਲਿਖਣ ਨੂੰ ਸ਼ੌਕ ਹੀ ਕਿਹਾ ਕਰਦੀ ਹੈ) ਹੌਲੀ-ਹੌਲੀ ਮੁਰਝਾਉਂਦਾ ਅੰਤ ਸੁੱਕ ਕੇ ਖ਼ਤਮ ਹੋ ਚੁੱਕਾ ਹੈ ਤੇ ਹੁਣ ਉਹ ਘਰੇਲੂ ਕੰਮਾਂ ਤੱਕ ਹੀ ਸੁੰਗੜ ਗਈ ਹੈ। ਗੁੱਸਾ ਇਸ ਗੱਲੋਂ ਆਉਂਦਾ ਹੈ ਕਿ ਜਾਣਦੇ-ਬੁੱਝਦੇ ਹੋਏ ਵੀ ਨਾ-ਸਮਝਣ ਦਾ ਬਹਾਨਾ ਕਰੀ ਜਾਣਾ ਢੀਠਤਾ ਦੀ ਹੱਦ ਹੀ ਤਾਂ ਹੈ। ਮੈਨੂੰ ਚੁੱਪ ਵੇਖ ਕੇ ਉਹ ਫਿਰ ਮੇਰੇ ਵੱਲ ਕਰਵਟ ਲੈਂਦੀ ਹੈ ਤੇ ਬੋਲਦੀ ਹੈ :

"ਬੈਠੇ ਹੀ ਹੋ ! ਉੱਠਾਂ ?"

"ਕਾਹਨੂੰ...ਪਈ ਰਹਿ।" ਮੈਂ ਵਿਅੰਗ ਦਾ ਤੀਰ ਸੁੱਟਦਾ ਹਾਂ। ਉਹ ਉੱਠ ਕੇ ਰਸੋਈ ਵਿਚ ਚਲੀ ਜਾਂਦੀ ਹੈ। ਮੈਂ ਗੁਸਲਖ਼ਾਨੇ ਵਿਚ ਜਾ ਵੜਦਾ ਹਾਂ।

"ਘਰ ਦਾ ਸਾਰਾ ਭਾਰ ਔਰਤ ਦੇ ਮੋਢਿਆਂ 'ਤੇ ਹੁੰਦਾ ਹੈ। ਮਰਦ ਨੂੰ ਉਸ ਕੋਲੋਂ ਉੱਨਾ ਕੁ ਪਿਆਰ ਮਿਲਦਾ ਹੈ, ਜਿੰਨਾ ਕੁ ਉਹ ਉਸਦਾ ਭਾਰ ਵੰਡਾਉਂਦਾ ਹੈ।" ਮੇਰੇ ਇਕ ਲੇਖਕ ਦੋਸਤ ਦਾ ਕਥਨ ਮੈਨੂੰ ਯਾਦ ਆਉਂਦਾ ਹੈ।

"ਪਰ ਚਾਹ ਬਣਾਉਣ ਵਿਚ ਉਸ ਉਤੇ ਕਿਹੜਾ ਪਹਾੜ ਆ ਡਿਗਿਆ ? ਇਹ ਤਾਂ ਉਸ ਦਾ ਫਰਜ਼ ਹੀ ਹੈ ਨਾ ? ਨਾਲੇ, ਲੇਖਕ ਅਤੇ ਆਮ ਆਦਮੀ ਵਿਚ ਕੀ ਕੋਈ ਫ਼ਰਕ ਹੀ ਨਹੀਂ ?" ਮੈਂ ਆਪਣੇ ਦੋਸਤ ਦੇ ਫ਼ਜ਼ੂਲ ਜਿਹੇ ਕਥਨ ਨੂੰ ਰੱਦ ਕਰ ਦਿੰਦਾ ਹਾਂ। ਮੈਂ ਇਨ੍ਹਾਂ ਗੱਲਾਂ ਨੂੰ ਮਨ ਵਿਚੋਂ ਕੱਢ ਕੇ ਮੁੜ ਕਹਾਣੀ ਦੇ ਪਲਾਟ ਵੱਲ ਆਉਂਦਾ ਹਾਂ। ਸਰੀਰ ਸੰਬੰਧੀ ਰੋਜ਼ ਦੇ ਕੰਮਾਂ ਨੂੰ ਨਿਪਟਾਉਂਦਿਆਂ, ਬਰਾਬਰ ਕਹਾਣੀ ਦੇ ਪਲਾਟ ਵਿਚੀਂ ਵਿਚਰ ਰਿਹਾ ਹਾਂ। ਸਭ ਕੁਝ ਬੜਾ ਸਪਸ਼ਟ ਸਾਮ੍ਹਣੇ ਪਿਆ ਹੈ। ਲਗਦਾ ਹੈ, ਕਹਾਣੀ ਸ਼ਾਮ ਤੱਕ ਜ਼ਰੂਰ ਪੂਰੀ ਕਰ ਲਵਾਂਗਾ। ਪਰ ਕਹਾਣੀ ਵਿਚਲਾ ਸਭ ਕੁਝ ਬੜਾ ਗੰਭੀਰ ਤੇ ਦੁੱਖਾਂ ਭਰਿਆ ਹੈ ਪਰ ਮੈਨੂੰ ਕਹਾਣੀ ਪੂਰੀ ਹੋ ਜਾਣ ਦੀ ਆਸ ਨਾਲ ਬੜੀ ਖ਼ੁਸ਼ੀ ਹੁੰਦੀ ਹੈ।

ਚਾਹ ਪੀਂਦਿਆਂ ਪਤਨੀ ਨੂੰ ਕਹਿੰਦਾ ਹਾਂ, "ਸੁੰਮੀਂ ਅੱਜ ਇੱਕ ਗੱਲ ਦਾ ਧਿਆਨ ਰੱਖੀਂ, ਕਿ ਮੇਰੇ ਕਮਰੇ ਵਿਚ ਕੋਈ ਨਾ ਆਵੇ। ਮੇਰੀ ਛੁੱਟੀ ਲਿਖਕੇ ਦਫ਼ਤਰ ਭੇਜ ਦੇਵੀਂ।"

ਉਹ ਚੁੱਪ-ਚਾਪ ਸਾਰੀ ਗੱਲ ਸੁਣਦੀ ਹੈ। ਮੇਰੇ ਵੱਲ ਵੇਖਦੀ ਨਹੀਂ। ਬੋਲਦੀ ਨਹੀਂ। ਮੇਰੇ ਦਿਮਾਗ ਵਿਚ ਗੁੱਸਾ ਜਿਹਾ ਭਰਦਾ ਹੈ ਕਿ ਉਸ ਨੂੰ ਕਹਾਂ, "ਤੇਰਾ ਜੀਭ ਹਿਲਾਉਂਦੀ ਦਾ ਪਟਰੋਲ ਮਚਦਾ ਏ ? ਮੇਰੇ ਨਾਲ ਗੱਲ ਕਰਨ ਦਾ ਜ਼ਰਾ ਜਿੰਨਾ ਵੀ ਸਲੀਕਾ ਨਹੀਂ ਆਇਆ ਹੁਣ ਤੱਕ। ਘੱਟੋ-ਘੱਟ ਬੰਦਾ ਜਵਾਬ ਵਿਚ ਹੁੰਗਾਰਾ ਤਾਂ ਭਰ ਹੀ ਸਕਦਾ ਹੈ।" ਪਰ ਮੈਂ ਆਪਣਾ ਮੂਡ ਖਰਾਬ ਕਰਨ ਦੇ ਮੂਡ ਵਿਚ ਨਹੀਂ ਹਾਂ। ਜੇ ਕੁਝ ਕਿਹਾ ਤਾਂ ਉਸ ਨੇ ਇਕ ਦਮ ਬਿਫ਼ਰ ਜਾਣਾ ਹੈ :

"ਤੁਹਾਡੀਆਂ ਕਹਾਣੀਆਂ ਨੇ ਸਾਨੂੰ ਰੋਟੀ ਨਹੀਂ ਦੇ ਦੇਣੀ। ਸਾਰੀਆਂ ਕੈਜ਼ੂਅਲ ਛੁੱਟੀਆਂ ਤੁਹਾਡੀਆਂ ਕਹਾਣੀਆਂ ਖਾ ਗਈਆਂ। ਹਰ ਮਹੀਨੇ ਚਾਰ-ਪੰਜ ਛੁੱਟੀਆਂ ਵਿਦਾਊਟ ਪੇ ਤੁਸੀਂ ਲੈਂਦੇ ਹੋ। ਕਦੀ ਤਨਖ਼ਾਹ ਘਰ ਪੂਰੀ ਨਹੀਂ ਆਈ। ਜੇ ਮੈਂ ਵੀ ਸਵੈਟਰ-ਕੋਟੀਆਂ ਬੁਣਨ ਦਾ ਧੰਦਾ ਛੱਡ ਕੇ ਬਹਿ ਜਾਵਾਂ, ਫੇਰ ਪਤਾ ਲੱਗੇ ਤੁਹਾਨੂੰ ਕਿ ਭੁੱਖ ਕੀ ਭਾਅ ਵਿਕਦੀ ਏ।"

ਫਿਰ ਐਥੇ ਹੀ ਬੱਸ ਨਹੀਂ ਹੋਣੀ। ਉਹ ਮਿਸਿਜ਼ ਵਰਮਾ ਦੇ ਪਤੀ ਦੀ ਉਸਤਤ ਕਰੇਗੀ, ਜਿਸਨੇ ਮੇਰੇ ਬਰਾਬਰ ਦੀ ਨੌਕਰੀ ਵਿਚੋਂ ਦੋ-ਲੱਖ ਦੀ ਕੋਠੀ ਤੇ ਐਸ਼-ਇਸ਼ਰਤ ਦਾ ਹਰ ਸਮਾਨ ਕੱਢਿਆ ਹੈ। ਉਹ ਬੜੇ ਦੁਖੀ ਦਿਲ ਨਾਲ ਮੇਰੀ ਬੈਂਕ ਦੀ ਪਾਸ-ਬੁੱਕ ਦਾ ਜ਼ਿਕਰ ਛੇੜੇਗੀ ਜਿਸਦੀ ਸੂਈ ਪਿਛਲੇ ਪੰਦਰਾਂ ਸਾਲ ਤੋਂ ਅਠਤਾਲੀ ਰੁਪਏ ਤੋਂ ਲੈ ਕੇ ਅਠਾਰਾਂ ਸੌ ਸਤਾਹਟ ਦੇ ਵਿਚਾਲੇ-ਵਿਚਾਲੇ ਘੁੰਮਦੀ ਰਹੀ ਹੈ ਅਤੇ ਜਿਸ ਵਿਚ ਅੱਜ ਕੱਲ੍ਹ ਚਾਰ ਸੌ ਸਤਾਸੀ ਰੁਪਏ ਪੈਂਹਟ ਪੈਸੇ ਹਨ। ਉਹ ਸੋਫ਼ੇ ਦੇ ਟੁੱਟੇ ਸਪਰਿੰਗਾਂ, ਗੁਸਲਖਾਨੇ ਦੀ ਚੋਂਦੀ ਟੈਂਕੀ ਜਾਂ ਰਜ਼ਾਈਆਂ ਵਿਚਲੀ ਘੱਟ ਰੂੰ ਦੀ ਕਥਾ ਵੀ ਛੇੜ ਸਕਦੀ ਹੈ। ਘਰ ਵਿਚ ਤਾਂ ਅਜਿਹੀਆਂ ਸੈਂਕੜੇ ਹੀ ਗੱਲਾਂ ਹਨ, ਜਿਨ੍ਹਾਂ ਦਾ ਜ਼ਿਕਰ ਕਰਕੇ ਉਹ ਮੈਨੂੰ ਨਿਰੁੱਤਰ ਕਰ ਸਕਦੀ ਹੈ। ਤੇ ਉਸ ਦੀਆਂ ਅਜਿਹੀਆਂ ਗੱਲਾਂ ਨੇ ਮੇਰੇ ਦਿਮਾਗ 'ਤੇ ਬੜਾ ਮਾਰੂ ਅਸਰ ਕਰਨਾ ਹੈ। ਇਕ ਬੋਝ ਜਿਹਾ ਲੱਦਿਆ ਜਾਣਾ ਹੈ ਦਿਮਾਗ 'ਤੇ। ਜਿਸ ਨੇ ਕਹਾਣੀ ਦੇ ਪਲਾਟ ਨੂੰ ਧੂਅ ਬਾਹਰ ਕੱਢ ਦੇਣਾ ਹੈ। ਮੈਂ ਸੁਖਾਵਾਂ ਤੇ ਖੁਸ਼ ਮਾਹੌਲ ਚਾਹੁੰਦਾ ਹਾਂ ਲਿਖਣ ਲਈ। ਮੇਰੇ ਪਾਤਰ ਜਿੰਨੀਆਂ ਵੱਧ ਮੁਸੀਬਤਾਂ ਵਿਚ ਘਿਰੇ ਹੋਣਗੇ, ਜਿੰਨੇ ਵੱਧ ਪਰੇਸ਼ਾਨ ਹੋਣਗੇ, ਮੈਂ ਉਨ੍ਹਾਂ ਬਾਰੇ ਓਨਾ ਵਧੀਆ ਲਿਖ ਸਕਦਾ ਹਾਂ। ਪਰ ਜੇ ਮੈਂ ਆਪ ਕਿਸੇ ਘਰੇਲੂ ਪਰੇਸ਼ਾਨੀ ਵਿਚ ਹੋਵਾਂਗਾ ਤਾਂ ਮੈਂ ਇੱਕ ਅੱਖਰ ਵੀ ਨਹੀਂ ਲਿਖ ਸਕਦਾ। ਇਸੇ ਲਈ ਹੁਣ ਚੁੱਪ ਕਰ ਗਿਆ ਹਾਂ। ਮੈਨੂੰ ਪਤਾ ਹੈ, ਸੁੰਮੀਂ ਨੇ ਛੁੱਟੀ ਲਿਖਕੇ ਅਰਜ਼ੀ ਵੀ ਪੁਚਾ ਦੇਣੀ ਹੈ। ਮਿਲਣ ਆਏ ਕਿਸੇ ਬੰਦੇ ਨੂੰ ਚਾਹ ਪਿਲਾ ਕੇ 'ਘਰ ਨਹੀਂ ਹੈਗੇ' ਆਖ ਵਾਪਸ ਵੀ ਮੋੜ ਦੇਣਾ ਹੈ। ਫਿਰ ਫਾਲਤੂ ਝਗੜਾ ਕਰਨ ਦਾ ਭਲਾ ਕੀ ਫਾਇਦਾ ? ਲੜਾਈ ਦਾ ਕੀ ਹੈ। ਜਦੋਂ ਮਰਜ਼ੀ ਕਰ ਲਵੋ, ਜਦੋਂ ਮਰਜ਼ੀ ਟਾਲ ਦਿਉ। ਜਿਵੇਂ ਹੁਣ ਸੁੰਮੀਂ ਰਜ਼ਾਈ ਵਿਚ ਮੂੰਹ ਸਿਰ ਲਪੇਟ ਕੇ ਪੈ ਗਈ ਹੈ। ਜਦੋਂ ਮੇਰੇ ਨਾਲ ਪਈ ਸੀ ਤਾਂ ਰਾਤ ਭਰ ਨੰਗੇ ਮੂੰਹ ਲੇਟੀ ਰਹੀ ਸੀ। ਕੁਝ ਗੱਲ ਤਾਂ ਹੈ ਨਾ ਵਿਚੋਂ ? ਜਿਸ ਕਰਕੇ ਇਹ ਫਰਕ ਪੈ ਗਿਆ ਹੈ ! ਐਨਾ ਕਹਿਣ ਦੀ ਲੋੜ ਹੈ ਕਿ ਹੁਣ ਕੀ ਸੱਪ ਸੁੰਘ ਗਿਆ ? ਬੱਸ ਲੜਾਈ ਛਿੜ ਜਾਵੇਗੀ। ਇਕੱਲੀ ਪੜ੍ਹਾਈ ਨਹੀਂ, ਬੰਦੇ ਨੂੰ ਨਿੱਕੀਆਂ-ਨਿੱਕੀਆਂ ਗੱਲਾਂ ਵੀ ਤਾਂ ਸਿੱਖਣੀਆਂ ਚਾਹੀਦੀਆਂ ਹਨ। ਤੇ ਇਹ ਗੱਲਾਂ ਸਿਖਾਉਣ ਦੇ ਇਰਾਦੇ ਨਾਲ ਮੇਰਾ ਉਸ ਨਾਲ ਸੈਂਕੜੇ ਵਾਰੀ ਯੁੱਧ ਹੋਇਆ ਹੈ ਅਤੇ ਮੇਰੀਆਂ ਕਈ ਅਣਲਿਖੀਆਂ ਕਹਾਣੀਆਂ ਦੇ ਪਾਤਰ ਮੇਰੇ ਨਾਲ ਰੁੱਸੇ ਹਨ ਜਿਨ੍ਹਾਂ ਨੂੰ ਮੈਂ ਮੁੜ ਕਦੀ ਮਨਾ ਨਹੀਂ ਸਕਿਆ ਹਾਂ। ਸੋਚੋ, ਹੁਣ ਉਸ ਨੇ ਚਾਹ ਬਣਾਈ ਸੀ, ਕੇਵਲ ਇਕ ਕੱਪ। ਜੇ ਦੋ ਕੱਪ ਬਣਾ ਕੇ ਆਪ ਵੀ ਮੇਰੇ ਨਾਲ ਬੈਠ ਪੀ ਲੈਂਦੀ ਤਾਂ ਕਿੰਨੀ ਵਧੀਆ ਗੱਲ ਹੋਣੀ ਸੀ। ਮੈਂ ਉਸ ਨੂੰ ਇਹ ਗੱਲ ਸਮਝਾਉਣੀ ਚਾਹਾਂ ਤਾਂ ਬਿਨਾਂ-ਸ਼ੱਕ ਉਹ ਚਾਰੇ ਪੈਰ ਚੱਕ ਕੇ ਪਵੇਗੀ ਤੇ ਯੁੱਧ ਛਿੜ ਜਾਵੇਗਾ। ਖੈਰ, ਇਸ ਵੇਲੇ ਜਦੋਂ ਮੈਂ ਇਕ ਸੋਚੀ ਸਮਝੀ ਕਹਾਣੀ ਲਿਖਣ ਦੇ ਮੂਡ ਵਿਚ ਹਾਂ। ਮੈਨੂੰ ਇਹ ਸਭ ਗੱਲਾਂ ਆਪਣੇ ਦਿਮਾਗ ਵਿਚੋਂ ਕੱਢ ਦੇਣੀਆਂ ਚਾਹੀਦੀਆਂ ਹਨ।

ਮੈਂ ਡਰਾਇੰਗ ਰੂਮ ਵਿਚ ਜਾਕੇ ਕੁੰਡੀ ਬੰਦ ਕਰ ਲੈਂਦਾ ਹਾਂ ਅਤੇ ਨਿਸਚਿੰਤ ਹੋ ਕੇ ਲਿਖਣ ਬੈਠ ਜਾਂਦਾ ਹਾਂ। ਕਹਾਣੀ ਸ਼ੁਰੂ ਕਰਨ ਲਈ ਦਿਮਾਗ ਨੂੰ ਬਹੁਤਾ ਸੰਘਰਸ਼ ਨਹੀਂ ਕਰਨਾ ਪੈਂਦਾ। ਵਿਚਾਰ ਐਨੇ ਸਾਫ ਅਤੇ ਤੇਜ਼ੀ ਨਾਲ ਪਹਿਲਾਂ ਕਦੀ ਨਹੀਂ ਆਏ

ਜਿਵੇਂ ਮੁਰਗਾਬੀਆਂ ਦੀਆਂ ਡਾਰਾਂ ਦੀਆਂ ਡਾਰਾਂ ਪਾਣੀ ਤੇ ਉਤਰ ਰਹੀਆਂ ਹੋਣ। ਸ਼ਾਇਦ ਅਜਿਹਾ ਕਹਾਣੀ ਦੇ ਇੱਕ ਸੱਚੀ ਘਟਨਾ 'ਤੇ ਅਧਾਰਿਤ ਹੋਣ ਕਰਕੇ ਹੈ। ਤਦੇ ਤਾਂ ਕਹਾਣੀ ਦੇ ਪਾਤਰ ਮੇਰੀਆਂ ਅੱਖਾਂ ਅੱਗੇ ਬੋਲਦੇ ਘੁੰਮ ਰਹੇ ਹਨ ਤੇ ਮੈਂ ਉਵੇਂ ਲਿਖੀ ਜਾ ਰਿਹਾ ਹਾਂ ਜਿਵੇਂ ਵੇਖਦਾ ਹਾਂ, ਜਿਵੇਂ ਸੁਣਦਾ ਹਾਂ। ਪੈੱਨ ਬੜੀ ਤੇਜ਼ੀ ਨਾਲ ਕਾਗਜ਼ਾਂ 'ਤੇ ਚਲ ਰਿਹਾ ਹੈ। ਫਿਰ ਭੀ ਮੈਂ ਬੜਾ ਸੋਚ ਸਮਝ ਕੇ ਹੌਲੀ ਹੌਲੀ ਲਿਖਣ ਦੀ ਕੋਸ਼ਿਸ਼ ਕਰ ਰਿਹਾ ਹਾਂ। ਜਦੋਂ ਚੀਚੀ ਅਤੇ ਨਾਲ ਦੀ ਉਂਗਲੀ ਥਕਾਵਟ ਨਾਲ ਦਰਦ ਕਰਨ ਲਗਦੀ ਹੈ ਮੈਂ ਉਠ ਕੇ ਕਮਰੇ ਵਿਚ ਟਹਿਲਣ ਲੱਗ ਪੈਂਦਾ ਹਾਂ ਅਤੇ ਉਂਗਲਾਂ ਮੜਿਕਦਾ ਹਾਂ ਤੇ ਫਿਰ ਲਿਖਣ ਲਈ ਬੈਠ ਜਾਂਦਾ ਹਾਂ। ਬੱਸ ਦੋ-ਚਾਰ ਸਫੇ ਹੋਰ ਤੇ ਕਹਾਣੀ ਨੂੰ ਮੈਂ ਸਿਖਰ ਤੇ ਲੈ ਜਾ ਕੇ ਛਡ ਦੇਣਾ ਹੈ।

"ਡੈਡੀ ਜੀ ਰੋਟੀ ਲਿਆਈਏ ?'' ਦਰਵਾਜ਼ੇ ਦੀ ਝੀਥ ਵਿਚ ਦੀ ਮੇਰੀ ਬੱਚੀ ਰੋਸ਼ੀ ਪੁਛਦੀ ਹੈ।

ਘੜੀ ਵੇਖਦਾ ਹਾਂ। ਨੌਂ ਵਜ ਗਏ ਹਨ। ਸਾਢੇ ਪੰਜ ਘੰਟੇ ਜਿਵੇਂ ਦਸ ਮਿੰਟਾਂ ਵਿਚ ਲੰਘ ਗਏ ਹੋਣ। ਕਹਾਣੀ ਲਿਖਦਿਆਂ ਲੇਖਕ ਨੂੰ ਖੁਭਣਾ ਵੀ ਤਾਂ ਇਸੇ ਤਰ੍ਹਾਂ ਚਾਹੀਦਾ ਹੈ ਕਿ ਉਸ ਨੂੰ ਕੁਝ ਹੋਰ ਨਾ ਦਿਸੇ, ਕਹਾਣੀ ਦਾ ਪਾਤਰ ਦਿਸੇ। ਕੁਝ ਹੋਰ ਨਾ ਸੁਣੇ, ਕਹਾਣੀ ਦੇ ਪਾਤਰ ਦੇ ਬੋਲ ਸੁਣਨ। ਜਾਂ ਕਹਿ ਲਉ ਚਿੜੀ ਨਾ ਦਿਸੇ, ਚਿੜੀ ਦੀ ਅੱਖ ਦਿਸੇ।

"ਨਹੀਂ, ਅਜੇ ਨਹੀਂ।" ਰੋਟੀ ਤੋਂ ਜਵਾਬ ਦੇ ਕੇ ਮੈਂ ਲਿਖਦਾ ਰਹਿੰਦਾ ਹਾਂ। ਹੁਣ ਜਦੋਂ ਮੈਂ ਆਪਣੇ ਇਕ ਪਾਤਰ ਨੂੰ ਬੇਰੁਜ਼ਗਾਰੀ ਕਾਰਨ ਭੁਖ ਦੇ ਪੰਜਿਆਂ ਵਿਚ ਜਕੜਿਆ, ਤੜਫਦਾ, ਦਰ-ਦਰ ਠੋਕਰਾਂ ਖਾਂਦਾ ਹੋਇਆ ਚਿਤਰ ਰਿਹਾ ਹਾਂ ਤਾਂ ਮੈਨੂੰ ਆਪ ਨੂੰ ਭਾਵੇਂ ਕੋਈ ਭੁਖ ਨਹੀਂ ਪਰ ਮੈਂ ਆਪਣੇ ਪਾਤਰ ਦੀ ਭੁਖ ਨੂੰ ਬੜੀ ਸ਼ਿੱਦਤ ਨਾਲ ਮਹਿਸੂਸ ਕਰ ਰਿਹਾ ਹਾਂ। ਮੈਂ ਆਪਣੀ ਕਲਪਨਾ ਤੇ ਖੁਸ਼ ਹੁੰਦਾ ਹਾਂ। ਜਿਸ ਲੇਖਕ ਕੋਲ ਕਲਪਨਾ ਦਾ ਜਾਦੂ ਨਹੀਂ, ਉਹ ਭਲਾ ਕਾਹਦਾ ਲੇਖਕ ਹੋਇਆ ? ਕੁਝ ਚਿਰ ਮਗਰੋਂ ਦਰਵਾਜ਼ਾ ਖੜਕਦਾ ਹੈ। ਖੋਲ੍ਹਦਾ ਹਾਂ ਤਾਂ ਪਤਨੀ ਇਕ ਪਲੇਟ ਵਿਚ ਪਰੌਂਠੇ, ਦਹੀਂ ਦੀ ਕੌਲੀ ਤੇ ਚਾਹ ਦਾ ਗਿਲਾਸ ਚੁਕੀ ਖੜ੍ਹੀ ਹੈ। ਇਹ ਸਭ ਕੁਝ ਮੇਜ਼ 'ਤੇ ਟਿਕਾਉਂਦੀ ਆਖਦੀ ਹੈ :

"ਟਾਈਮ ਨਾਲ ਖਾਣ ਪੀਣ ਕਰ ਲਿਆ ਕਰੋ। ਸੇਹਤ ਤੋਂ ਬੜੀ ਕੋਈ ਸ਼ੈ ਨਹੀਂ ਦੁਨੀਆ ਵਿਚ...ਇਕ ਦੋ ਪਰੌਂਠੇ ਖਾ ਲਓ ਗਰਮ-ਗਰਮ।'

ਜੀਅ ਕਰਦਾ ਹੈ ਕਿ ਉਸ ਨੂੰ ਆਖਾਂ ਕਿ ਮੈਂ ਪਹਿਲਾਂ ਪਸ਼ਤੋ ਵਿਚ ਜਵਾਬ ਦਿਤਾ ਸੀ ? ਜਿਹੜਾ ਉਸ ਦੀ ਅਕਲ ਵਿਚ ਨਹੀਂ ਪਿਆ। ਪਰ ਚੁਪ ਰਹਿੰਦਾ ਹਾਂ। ਉਹ ਜਾਣ ਲਗੀ ਕਹਿੰਦੀ ਹੈ :

"ਅੱਜ ਤਾਂ ਘਰੇ ਰਹਿਣਾ ਏਂ ਸਾਰਾ ਦਿਨ। ਇਕ ਦੋ ਕੰਮ ਹੀ ਕਰ ਦਿਉ।"

ਗੁਸੇ ਨਾਲ ਦਿਮਾਗ ਗੁਬਾਰੇ ਵਾਂਗ ਫੈਲਦਾ ਹੈ। ਜੇ ਮੈਂ ਕਹਾਣੀ ਨਾ ਲਿਖ ਰਿਹਾ ਹੁੰਦਾ ਤਾਂ ਜ਼ਰੂਰ ਆਖ ਦਿੰਦਾ, "ਜਿਸ ਦਿਨ ਮੈਂ ਘਰ ਨਹੀਂ ਹੁੰਦਾ, ਤਾਂ ਫਿਰ ਸਾਰੇ ਕੰਮ ਕੌਣ ਕਰਦਾ ਹੈ ?" ਪਰ ਮੈਂ ਮਾਹੌਲ ਨੂੰ ਹਰ ਕੀਮਤ ਉਤੇ ਸ਼ਾਂਤ ਬਣਾਈ ਰਖਣ ਦਾ ਦ੍ਰਿੜ ਇਰਾਦਾ ਕਰੀ ਬੈਠਾ ਹਾਂ। ਹੌਲੀ ਦੇਣੇ ਪੁਛਦਾ ਹਾਂ, "ਕੀ ?"

"ਡੀਪੂ 'ਤੇ ਅੱਜ ਮਿੱਟੀ ਦਾ ਤੇਲ ਮਿਲਣਾ ਏਂ। ਦੋ ਪੀਪੀਆਂ ਲਿਆ ਦਿਉ ਤੇ ਆਟਾ ਪਿਸਾ ਦਿਉ।" ਬਿਨਾਂ ਉਤਰ ਉਡੀਕਿਆਂ ਉਹ ਬਾਹਰ ਚਲੀ ਜਾਂਦੀ ਹੈ। ਮੈਨੂੰ ਲਗਦਾ ਹੈ ਜਿਵੇਂ ਉਹ ਮੇਰੇ ਉੱਤੇ ਰੇਤ ਦਾ ਭਰਿਆ ਟਰੱਕ ਢੇਰੀ ਕਰ ਗਈ ਹੋਵੇ।

ਸੁੰਮੀਂ ਨੂੰ ਮੈਂ ਇਹ ਗੱਲ ਬਹੁਤ ਵਾਰੀ ਸਮਝਾਉਣ ਦੀ ਕੋਸ਼ਿਸ਼ ਕੀਤੀ ਹੈ ਕਿ ਘੱਟੋ-ਘੱਟ ਜਦੋਂ ਮੈਂ ਲਿਖ ਰਿਹਾ ਹੋਵਾਂ ਤਾਂ ਮੈਨੂੰ ਕੋਈ ਕੰਮ ਕਰਨ ਲਈ ਹੁਕਮ ਨਾ ਕਰਿਆ ਕਰੇ। ਪਰ ਉਹ ਸ਼ਾਇਦ ਜਾਣ-ਬੁੱਝ ਕੇ ਮੈਨੂੰ ਡਿਸਟਰਬ ਕਰਨਾ ਚਾਹੁੰਦੀ ਹੈ। ਉਹ ਮੇਰਾ ਅੰਦਰਲਾ ਲੇਖਕ ਮਾਰ ਦੇਣ 'ਤੇ ਤੁਲੀ ਹੋਈ ਹੈ। ਜੇ ਮੈਂ ਕਦੀ ਬੜਾ ਗੰਭੀਰ ਹੋ ਕੇ ਉਸ ਨੂੰ ਕਿਹਾ ਹੈ:

"ਸੁੰਮੀਂ ਲਿਖਣਾ ਕੋਈ ਸ਼ੌਕ ਨਹੀਂ ਕਿ ਮੈਂ ਰਾਤਾਂ ਝਾਗਦਾ ਫਿਰਦਾ ਹਾਂ। ਮੇਰਾ ਖ਼ੂਨ ਰਿੱਝਦਾ ਹੈ ਤਾਂ ਮੈਂ ਪੈਨ ਚੁੱਕ ਕੇ ਬਹਿੰਦਾ ਹਾਂ। ਇਹ ਲੇਖਕ ਦੀ ਮਜਬੂਰੀ ਹੈ। ਇਕ ਨਾ ਟਾਲੀ ਜਾ ਸਕਣ ਵਾਲੀ ਮਜਬੂਰੀ। ਆਮ ਆਦਮੀ ਅਤੇ ਲੇਖਕ ਵਿੱਚ ਫਰਕ ਇਹੋ ਹੈ ਕਿ ਆਮ ਆਦਮੀ ਨਿੱਜੀ ਸੁਆਰਥਾਂ ਲਈ ਕੰਮ ਕਰਦਾ ਹੈ ਤੇ ਲੇਖਕ ਪਰਸੁਆਰਥ ਲਈ...।"

ਤਾਂ ਉਹ ਹੱਸ ਕੇ ਕਿਹਾ ਕਰਦੀ ਹੈ, "ਤਾਂ ਫਿਰ ਤੁਹਾਡੇ ਪਰਸੁਆਰਥ ਵਿੱਚ ਮੈਂ ਨਹੀਂ ਆਉਂਦੀ? ਬੱਚੇ ਨਹੀਂ ਆਉਂਦੇ?"

ਸਮਝਾ ਲਉ ਉਸ ਨੂੰ। ਉਹ ਕਦੀ ਵੀ ਨਹੀਂ ਸਮਝ ਸਕਦੀ ਇਸ ਗੱਲ ਨੂੰ। ਹੁਣ ਉਹ ਘਰ ਦੇ ਕੰਮ ਗਿਣਾ ਕੇ ਬਾਹਰ ਨਿਕਲ ਗਈ ਹੈ। ਪਰ ਉਸ ਨੇ ਇਹ ਗੱਲ ਬਿਲਕੁਲ ਨਹੀਂ ਵਿਚਾਰੀ ਕਿ ਡੀਪੂ ਉੱਤੇ ਤਾਂ ਰੇਲ-ਗੱਡੀ ਜਿੰਨੀ ਲੰਬੀ ਲਾਈਨ ਲੱਗੇਗੀ। ਫਿਰ ਇਹ ਲਾਈਨ ਕੀੜੀ ਦੀ ਤੋਰੇ ਤੁਰੇਗੀ। ਤੁਸੀਂ ਹਿਸਾਬ ਲਾਉ, ਇਕ ਕੀੜੀ ਨੂੰ ਗਾਰਡ ਦੇ ਡੱਬੇ ਤੋਂ ਲੈਕੇ ਇੰਜਣ ਤੱਕ ਜਾਣ ਲਈ ਕਿੰਨਾ ਵਕਤ ਲੱਗੇਗਾ? ਤੇ ਉੱਪਰੋਂ ਲੋਕ ਇੰਨੇ ਕੁਪੱਤੇ ਕਿ ਮੂੰਹ ਹਨੇਰੇ ਹੀ ਲਾਈਨ ਵਿੱਚ ਸਜਣਾ ਸ਼ੁਰੂ ਕਰ ਦਿੰਦੇ ਹਨ ਜਿਵੇਂ ਇਨ੍ਹਾਂ ਨੂੰ ਘਰਾਂ ਵਿੱਚ ਕੋਈ ਕੰਮ ਹੀ ਨਹੀਂ ਹੁੰਦਾ। ਮੈਂ ਭਲਾ ਆਪਣੇ ਕੀਮਤੀ ਸਮੇਂ ਵਿੱਚੋਂ ਐਨਾ ਸਮਾਂ ਕਿਵੇਂ ਕੱਢ ਸਕਦਾ ਹਾਂ? ਸੁੰਮੀਂ ਜੇ ਆਪਣੀ ਇਹ ਘਟੀਆ ਆਦਤ ਛੱਡ ਦਿੰਦੀ ਤਾਂ ਹੁਣ ਨੂੰ ਮੈਂ ਕਈ ਕਿਤਾਬਾਂ ਲਿਖ ਮਾਰਨੀਆਂ ਸਨ। ਜਿਹੜੇ ਪਿੱਛੋਂ ਲਿਖਣ ਲੱਗੇ ਸਨ ਉਹ ਕਦੋਂ ਦੇ ਅੱਗੇ ਲੰਘ ਗਏ ਹਨ। ਜੇ ਉਹ ਮੇਰੇ ਲਿਖਣ ਵਿੱਚ ਥੋੜ੍ਹਾ-ਬਹੁਤ ਵੀ ਯੋਗਦਾਨ ਪਾਉਂਦੀ ਤਾਂ ਮੈਂ ਆਪਣੀ ਇਕ-ਅੱਧ ਕਿਤਾਬ ਉਸ ਨੂੰ ਜ਼ਰੂਰ ਸਮਰਪਿਤ ਕਰ ਦੇਣੀ ਸੀ। ਪਿਛਲੀ ਵਾਰੀ ਜਦੋਂ ਮੈਂ ਆਪਣੀ ਕਿਤਾਬ ਛਪਵਾਉਣ ਲਈ ਉਸ ਦੇ ਕੰਨਾਂ ਦੀਆਂ ਵਾਲੀਆਂ ਵੇਚੀਆਂ ਸਨ, ਉਸ ਮਗਰੋਂ ਉਹ ਕਿਤਾਬ ਛਪਵਾਉਣ ਨੂੰ ਵੀ ਖ਼ਬਤ ਅਤੇ ਬਕਵਾਸ ਕਹਿਣ ਲੱਗ ਪਈ ਹੈ। ਉਹ ਇਸ ਗੱਲ ਨੂੰ ਸਮਝ ਹੀ ਨਹੀਂ ਸਕਦੀ ਕਿ ਸੋਨਾ ਕਿਤਾਬ ਦੇ ਮੁਕਾਬਲੇ ਵਿੱਚ ਕਿੰਨੀ ਫ਼ਜ਼ੂਲ ਅਤੇ ਨਿਗੂਣੀ ਚੀਜ਼ ਹੈ। ਪਤਾ ਨਹੀਂ ਕਿਉਂ ਹੁਣ ਸੁੰਮੀਂ ਦੀ ਲਿਖਾਈ ਵੀ ਐਨੀ ਸੁੰਦਰ ਨਹੀਂ ਰਹੀ। ਸ਼ੁਰੂ-ਸ਼ੁਰੂ ਦੇ ਦਿਨਾਂ ਵਿੱਚ ਜਦੋਂ ਉਹ ਮੇਰੀਆਂ ਕਹਾਣੀਆਂ ਦੀ ਨਕਲ ਉਤਾਰਿਆ ਕਰਦੀ ਸੀ ਤਾਂ ਇਉਂ ਲੱਗਿਆ ਕਰਦਾ ਸੀ ਜਿਵੇਂ ਕਾਗਜ਼ਾਂ 'ਤੇ ਅੱਖਰ ਨਾ ਹੋਣ ਕੂੰਜਾਂ ਦੀਆਂ ਡਾਰਾਂ

ਉਡੀਆਂ ਜਾ ਰਹੀਆਂ ਹੋਣ। ਪਰ ਹੁਣ...ਹੁਣ ਤਾਂ ਗੱਲ ਨਾ ਹੀ ਕਰੀਏ ਤਾਂ ਭਲਾ। ਉਹ ਮੇਰੇ ਲਿਖਣ ਨੂੰ, ਜਿਸ ਨੂੰ ਮੈਂ ਆਪਣੀ ਜ਼ਿੰਦਗੀ ਦਾ ਮਿਸ਼ਨ ਸਮਝੀ ਬੈਠਾ ਹਾਂ, ਗੰਭੀਰਤਾ ਨਾਲ ਨਹੀਂ ਲੈਂਦੀ। ਮੈਨੂੰ ਬੜਾ ਗੁੱਸਾ ਚੜ੍ਹਦਾ ਹੈ ਉਸ ਉੱਤੇ। ਸ਼ਹਿਰ ਵਿੱਚ ਯੂ. ਪੀ, ਬਿਹਾਰ ਤੋਂ ਆਏ ਭਈਆਂ ਦੀ ਹੇੜ੍ਹ ਫਿਰਦੀ ਹੈ। ਕੇਵਲ ਰੋਟੀ 'ਤੇ ਦਿਹਾੜੀ ਕਰਨ ਨੂੰ ਤਿਆਰ ਨੇ ਇਹ ਲੋਕ। ਕਿਸੇ ਨੂੰ ਵੀ ਇਕ ਰੁਪਿਆ ਦੇ ਕੇ ਆਟਾ ਪਿਸਵਾ ਸਕਦੀ ਹੈ, ਤੇਲ ਮੰਗਵਾ ਸਕਦੀ ਹੈ ਜਾਂ...ਕੰਜੂਸ ਹੈ ਕੰਜੂਸ ਇਕ-ਦਮ। ਜੇ ਮੈਂ ਉਸ ਨੂੰ ਇਕ ਰੁਪਿਆ ਤੇ ਆਪਣੀ ਇਕ ਕਹਾਣੀ ਫੜਾ ਕੇ ਆਖਾਂ :

"ਲੈ ਇਨ੍ਹਾਂ ਵਿਚੋਂ ਇਕ ਨੂੰ ਫਾੜ ਦੇ।" ਤਾਂ ਮੇਰਾ ਪੂਰਾ ਵਿਸ਼ਵਾਸ਼ ਹੈ ਕਿ ਉਹ ਮੇਰੀ ਕਹਾਣੀ ਫਾੜ ਕੇ ਰੁਪਿਆ ਜੇਬ ਵਿਚ ਪਾ ਲਵੇਗੀ। ਫਿਰ ਲੇਖਕ ਲਈ ਇਹੋ ਜਿਹੀ ਪਤਨੀ ਬਕਵਾਸ ਹੀ ਹੋਈ ਨਾ ?

ਅਚਾਨਕ ਰੋਟੀ ਵੱਲ ਧਿਆਨ ਚਲਾ ਜਾਂਦਾ ਹੈ। ਵੱਡੀਆਂ-ਵੱਡੀਆਂ ਬੁਰਕੀਆਂ ਤੋੜ ਕੇ ਰੋਟੀਆਂ ਨਿਘਾਰ ਲੈਂਦਾ ਹਾਂ ਤੇ ਠੰਡੀ ਹੋਈ ਚਾਹ ਇੱਕੋ ਸਾਹੇ ਪੀ ਜਾਂਦਾ ਹਾਂ। ਸਾਰੀਆਂ ਗੱਲਾਂ ਲਾਂਭੇ ਕਰ ਦਿਮਾਗ ਫਿਰ ਕਹਾਣੀ ਵੱਲ ਲਿਆਉਣ ਦੀ ਕੋਸ਼ਿਸ਼ ਕਰਦਾ ਹਾਂ। ਕਾਫੀ ਦੇਰ ਉਂਜ ਹੀ ਬੈਠਾ ਸੋਚੀ ਜਾਂਦਾ ਹਾਂ। ਕੀ ਹੋ ਗਿਆ ਹੈ ਇਹ ? ਡੀਪੂ ਅੱਗੇ ਲੱਗੀ ਲਾਈਨ, ਆਟੇ ਵਾਲੀ ਚੱਕੀ ਦੇ ਇੰਜਣ ਦਾ ਸ਼ੋਰ ਮੇਰੇ ਦਿਮਾਗ ਵਿਚ ਆ ਵੜੇ ਹਨ। ਖਿੱਚ-ਧੂਅ...ਧੱਕਾ-ਮੁੱਕੀ...ਖੜਕਦੀਆਂ ਪੀਪੀਆਂ ਦੀ ਆਵਾਜ਼...ਬੁੱਢੀਆਂ ਦੀ ਲੜਾਈ... ਗਾਲੀ ਗਲੋਚ...ਟੁੱਟੇ ਹੋਏ ਲੱਕ...ਅੰਦਰ ਧਸੀਆਂ ਅੱਖਾਂ। ਮੇਰੀ ਲਿਖੀ ਜਾ ਰਹੀ ਕਹਾਣੀ ਦੇ ਪਾਤਰ ਕਿੱਧਰ ਦੌੜ ਗਏ ਹਨ ? ਮੈਂ ਅੱਖਾਂ ਮੀਚ ਕੇ ਵੇਖਦਾ ਹਾਂ। ਕੋਈ ਵੀ ਤਾਂ ਨੇੜੇ ਤੇੜੇ ਨਹੀਂ ਦਿਸ ਰਿਹਾ। ਪੰਜ-ਮਿੰਟ, ਦਸ ਮਿੰਟ, ਅੱਧਾ ਘੰਟਾ, ਪੂਰਾ ਘੰਟਾ, ਦੋ ਘੰਟੇ। ਮੇਰਾ ਦਿਮਾਗ ਉਬਲਣ ਲਗਦਾ ਹੈ। ਪੈੱਨ ਅਤੇ ਪੈਡ ਨੂੰ ਮੇਜ਼ ਤੇ ਪਟਕਾ ਮਾਰਦਾ ਹਾਂ ਤੇ ਬਾਹਾਂ ਹਿਲਾਉਂਦਾ ਕਮਰੇ ਵਿਚ ਘੁੰਮਣ ਲੱਗ ਪੈਂਦਾ ਹਾਂ।

"ਬੇਵਕੂਫ ਔਰਤ।" ਬੜੀ ਉੱਚੀ ਸਾਰੀ ਕਿਹਾ ਜਾਂਦਾ ਹੈ। ਗੁੱਸੇ ਦੇ ਚੰਗਿਆੜੇ ਫੁੱਟਦੇ ਹਨ ਤੇ ਗੁਸਲਖ਼ਾਨੇ ਵਿਚ ਕੱਪੜਿਆਂ ਦੇ ਢੇਰ ਅੱਗੇ ਬੈਠੀ ਸੁੰਮੀਂ ਕੋਲ ਪਹੁੰਚ ਜਾਂਦਾ ਹਾਂ।

"ਤੈਨੂੰ ਮੈਂ ਕਿੰਨੀ ਵੇਰ ਇਹ ਗੱਲ ਸਮਝਾਈ ਏ...।"

"ਮੈਨੂੰ ਤੁਹਾਡੀ ਕੋਈ ਗੱਲ ਸਮਝ ਨਹੀਂ ਆਉਂਦੀ। ਇਹ ਮੇਰੀ ਮਾੜੀ ਕਿਸਮਤ ਏ।" ਉਹ ਖੇਸਾਂ ਉਤੇ ਮੋਗਰੀ ਦੀ ਥਪ-ਥਪ ਹੋਰ ਤੇਜ਼ ਕਰ ਦਿੰਦੀ ਹੈ।

"ਤੂੰ ਕਦੀ ਮੇਰੀ ਪੂਰੀ ਗੱਲ ਕਿਉਂ ਨਹੀਂ ਸੁਣਦੀ ?" ਮੇਰੀ ਆਵਾਜ਼ ਵਿਚ ਅੱਗ ਹੈ।

"ਅਸੀਂ ਆਟਾ ਵੀ ਪਿਸਾ ਲਵਾਂਗੇ। ਤੇਲ ਵੀ ਲੈ ਆਵਾਂਗੇ। ਹੋਰ ਤੁਸੀਂ ਕੀ ਕਹਿਣਾ ਹੈ ? ਲਿਖਦੇ ਰਹੋ ਲੋਕਾਂ ਦੇ ਦੁੱਖ। ਕਰਦੇ ਰਹੋ ਪਰਸੁਆਰਥ। ਜਿਹੜੇ ਪਹਾੜ ਢਾਉਣੇ ਨੇ ਢਾਉਂਦੇ ਜਾਉ। ਆਪਣੇ ਹੱਕਾਂ ਲਈ ਲੋਕਾਂ ਨੂੰ ਜਾਗਰਤ ਕਰਦੇ ਜਾਉ... ਪਰ...ਪਰ।" ਅੱਗ ਦਾ ਉੱਤਰ ਅੱਗ ਵਿਚ ਮਿਲਦਾ ਹੈ।

ਅੰਦਰ ਕੰਧ ਨਾਲ ਢੋਅ ਲਾਈ ਬੈਠੀ ਮੇਰੀ ਬੇਟੀ ਰੋਸ਼ੀ ਵੱਲ ਮੇਰਾ ਧਿਆਨ ਚਲਾ

ਜਾਂਦਾ ਹੈ। ਉਸ ਅੱਗੇ ਕਿਤਾਬ ਖੁੱਲ੍ਹੀ ਪਈ ਹੈ ਪਰ ਉਸ ਦੀਆਂ ਅੱਖਾਂ ਵਿਚੋਂ ਪਰਲ-ਪਰਲ ਹੰਝੂ ਡਿਗ ਰਹੇ ਹਨ।

"ਰੋਜ਼ੀ ਕੀ ਗੱਲ ਬੇਟੇ ? ਤੂੰ ਰੋ ਕਿਉਂ ਰਹੀ ਏਂ ?" ਮੈਨੂੰ ਪਤਾ ਹੈ, ਰੋਜ਼ੀ ਕਿਉਂ ਰੋ ਰਹੀ ਹੈ। ਪਰ ਮੈਂ ਫਿਰ ਵੀ ਪੁਛਦਾ ਹਾਂ। ਕੇਵਲ ਪੁਛਣ ਲਈ ਪੁਛਦਾ ਹਾਂ। ਸਦਾ ਵਾਂਗ ਉਹ ਨਾ ਹੀ ਸਿਰ ਚੁਕਦੀ ਹੈ ਤੇ ਨਾ ਹੀ ਬੋਲਦੀ ਹੈ। ਮੈਂ ਚੁਪ-ਚਾਪ ਪਲੰਘ 'ਤੇ ਜਾ ਲੇਟਦਾ ਹਾਂ। ਛੱਤ ਵੱਲ ਮੂੰਹ ਚੁਕ ਕੇ। ਦੋਨਾਂ ਹੱਥਾਂ ਵਿਚ ਸਿਰ ਘੁਟ ਕੇ। ਰੋਜ਼ੀ ਨੂੰ ਸਾਹਿਤਕਾਰ ਬਣਾਉਣ ਦਾ ਮੇਰਾ ਸੁਪਨਾ ਮੈਨੂੰ ਹਾਸੋਹੀਣਾ ਲਗਦਾ ਹੈ।

ਮੇਰੇ ਲਈ ਇਹ ਕੋਈ ਨਵੀਂ ਗੱਲ ਨਹੀਂ। ਇੰਜ ਤਾਂ ਅਕਸਰ ਹੁੰਦਾ ਹੀ ਰਹਿੰਦਾ ਹੈ ਤੇ ਅਜਿਹਾ ਹੋਣ ਮਗਰੋਂ ਮੈਂ ਕਦੀ ਇਕ ਅੱਖਰ ਵੀ ਨਹੀਂ ਲਿਖ ਸਕਿਆ ਹਾਂ। ਲੱਖ ਕੋਸ਼ਿਸ਼ ਕਰਨ ਦੇ ਬਾਵਜੂਦ ਨਹੀਂ ਲਿਖ ਸਕਿਆ ਹਾਂ।

"ਅੱਜ ਦੀ ਛੁਟੀ ਵੀ ਖੂਹ-ਖਾਤੇ ਪਈ।" ਮੈਂ ਬੁੜਬੁੜਾਉਂਦਾ ਹਾਂ ਤੇ ਉੱਠ ਕੇ ਕੱਪੜੇ ਪਾਉਣ ਲਗਦਾ ਹਾਂ। ਸਾਈਕਲ ਚੁਕ ਚੁਪਚਾਪ ਘਰੋਂ ਨਿਕਲ ਜਾਂਦਾ ਹਾਂ। ਪਹਿਲਾਂ ਵੀ ਜਦੋਂ ਕਦੀ ਮੈਂ ਅਜਿਹੀ ਸਥਿਤੀ ਵਿਚ ਘਰੋਂ ਨਿਕਲਿਆ ਹਾਂ ਤਾਂ ਮੇਰਾ ਸਾਈਕਲ ਮਾਡਲ ਟਾਊਨ ਵੱਲ ਨੂੰ ਹੀ ਮੁੜਦਾ ਹੈ। ਦਰਅਸਲ ਉਥੇ ਕਾਲਿਜ ਸਮੇਂ ਦੀ ਮੇਰੀ ਮਹਿਬੂਬ ਸਿੰਧਣ ਕੁੜੀ ਹੀਰੋ ਹਿੰਗੋਰਾਣੀ ਰਹਿੰਦੀ ਹੈ। ਕੁੜੀ ਨਾ ਕਹੀਏ ਹੁਣ ਤਾਂ ਉਹ ਅਧਖੜ ਉਮਰ ਦੀ ਤੀਵੀਂ ਬਣ ਗਈ ਹੈ ਤੇ ਮੁੰਡਾ ਤਾਂ ਹੁਣ ਮੈਂ ਵੀ ਨਹੀਂ ਰਿਹਾ। ਮੇਰੀ ਵੀ ਅੱਧੀ ਤੋਂ ਵੱਧ ਦਾੜ੍ਹੀ ਧੌਲਿਆਂ ਨਾਲ ਭਰ ਗਈ ਹੈ। ਉਦੋਂ ਦੀ ਗੱਲ ਹੋਰ ਹੈ, ਜਦੋਂ ਅਸੀਂ ਕਾਲਿਜ ਵਿਚ ਪੜ੍ਹਿਆ ਕਰਦੇ ਸਾਂ। ਅਸੀਂ ਤਾਂ ਉਦੋਂ ਉਡਣ ਵਾਲੇ ਸੁਹਣੇ ਪੰਛੀ ਹੁੰਦੇ ਸਾਂ। ਪਤਾ ਨਹੀਂ ਸੀ ਫਿਕਰ ਕੀ ਹੁੰਦੇ ਹਨ ? ਘਰ ਕੀ ਹੁੰਦੇ ਹਨ ? ਲੋਕ ਕੀ ਹੁੰਦੇ ਹਨ ? ਤੇ ਲੋਕਾਂ ਦੇ ਦੁਖ ਕੀ ਹੁੰਦੇ ਹਨ ? ਬੱਸ, ਗੱਲਾਂ ਕਰਨਾ, ਗੁਟਕਣਾ ਤੇ ਉਡ ਜਾਣਾ ਕਾਲਿਜ ਦੇ ਲਾਅਨ ਵਿਚ ਬਹਿ ਕੇ, ਅੱਧਾ ਲੇਟਕੇ, ਮੂੰਹ ਵਿਚ ਕੋਈ ਘਾਹ ਦਾ ਤਿਣਕਾ ਚਿੱਥਦਿਆਂ ਗੱਪਾਂ ਮਾਰਨੀਆਂ ਤੇ ਹੀਰੋ ਦਾ ਗੱਲ-ਗੱਲ 'ਤੇ ਜ਼ੋਰ-ਜ਼ੋਰ ਨਾਲ ਹਸਣਾ ਤੇ ਮੈਨੂੰ ਧੱਫਾ ਮਾਰ ਕੇ ਕਹਿਣਾ :

"ਅਰੇ ਭਾਈ ਸਾਹਬ, ਤੁਸੀਂ ਬਹੁਤ ਸ਼ਰਾਰਤੀ ਹੋ।"

ਜਿੱਥੋਂ ਤੱਕ ਪਿਆਰ ਦੀ ਗਲ ਕਹਿਣ ਦਾ ਸੰਬੰਧ ਹੈ। ਕਾਲਿਜ ਦੇ ਪਹਿਲੇ ਚਾਰ ਮਹੀਨੇ ਤਾਂ ਕੁਝ ਕਹਿਣ ਦਾ ਹੌਸਲਾ ਹੀ ਨਹੀਂ ਸਾਂ ਕਰ ਸਕਿਆ। ਇਨ੍ਹਾਂ ਚਾਰ ਮਹੀਨਿਆਂ ਵਿੱਚ ਮੈਂ ਉਸ ਨੂੰ ਕਾਲਿਜ ਵਿੱਚ ਉੱਗੇ ਸਾਰੇ ਫੁੱਲਾਂ ਦੇ ਨਾਂ ਚੇਤੇ ਕਰਵਾ ਦਿੱਤੇ ਸਨ। ਫਿਰ ਇਕ ਦਿਨ ਹੌਸਲਾ ਕਰ ਕੇ ਮੈਂ ਉਸ ਨੂੰ ਕਿਹਾ ਸੀ :

"ਅਜੇ ਇਕ ਫੁੱਲ ਹੋਰ ਹੈ ਜਿਹੜਾ ਸਾਰਿਆਂ ਤੋਂ ਖੂਬਸੂਰਤ ਹੈ। ਜਿਸ ਵਿੱਚੋਂ ਲੋਹੜੇ ਦੀ ਸੁਗੰਧੀ ਹੀ ਨਹੀਂ ਆਉਂਦੀ ਸਗੋਂ ਨਸ਼ਾ ਵੀ ਚੜ੍ਹਦਾ ਹੈ ਤੇ ਮਨ ਨੂੰ ਖੇੜਾ ਜਿਹਾ ਲੱਗ ਜਾਂਦਾ ਹੈ ਸੁੰਘਕੇ...।"

"ਉਹ ਕਿਹੜਾ ਫੁਲ ਏ ਭਾਈ ਸਾਹਬ ?"

"ਉਹ ਇਨ੍ਹਾਂ ਸਾਰੇ ਫੁਲਾਂ ਦੇ ਮਿਲਣ ਨਾਲ ਬਣਿਆਂ ਏ।"

"ਪਤਾ ਤਾਂ ਲੱਗੇ...ਬੜੀ ਅਜੀਬ ਗੱਲ ਏ।"

"ਉਹ ਤੂੰ ਏਂ ਤੂੰ...ਮਿਸ ਹੀਰੋ ਹਿੰਗੋਰਾਣੀ।" ਕੰਬਦੇ ਬੁਲ੍ਹਾਂ ਨਾਲ ਮੈਂ ਕਿਹਾ ਤਾਂ ਉਹ ਦੋਨਾਂ ਹੱਥਾਂ ਨਾਲ ਮੈਨੂੰ ਧੱਫਾ ਮਾਰ ਕੇ ਬੋਲੀ ਸੀ :

"ਅਰੇ ਭਾਈ ਸਾਹਬ, ਤੁਸੀਂ ਬਹੁਤ ਸ਼ਰਾਰਤੀ ਹੋ।" ਉਹ ਹੱਸੀ ਸੀ ਖਿੜ-ਖਿੜਾ ਕੇ...ਇੰਜ ਤਾਂ ਕਦੀ ਕੋਈ ਫੁਲ ਵੀ ਨਹੀਂ ਖਿੜਿਆ ਹੋਣਾ।

ਉਹ ਰਾਤ ਜ਼ਿੰਦਗੀ ਦੀ ਪਹਿਲੀ ਰਾਤ ਸੀ ਜਦੋਂ ਮੈਨੂੰ ਰਾਤ ਭਰ ਨੀਂਦ ਨਾ ਆਈ। ਪਤਾ ਨਹੀਂ ਸਾਰੀ ਰਾਤ ਕਿਹੋ ਜਿਹੇ ਝੱਲੜ ਕਿਸਮ ਦੇ ਮਨਸੂਬੇ ਬਣਾਉਂਦਾ ਰਿਹਾ ਸਾਂ। ਅਗਲੇ ਦਿਨ ਕਾਲਿਜ ਪਹੁੰਚਦਿਆਂ ਹੀ ਮੈਂ ਹੀਰੋ ਨੂੰ ਜਾ ਮਿਲਿਆ ਤੇ ਕਿਹਾ :

"ਹੀਰੋ, ਇੱਕ ਗੱਲ ਕਹਾਂ, ਗੁੱਸਾ ਤਾਂ ਨਹੀਂ ਕਰੇਂਗੀ ?"

"ਕਹੋ, ਗੁਸਾ ਕਿਉਂ ਕਰਾਂਗੀ ਭਲਾ ਭਾਈ ਸਾਹਬ ?"

"ਮੈਨੂੰ ਰਾਤ ਬਿਲਕੁਲ ਨੀਂਦ ਨਹੀਂ ਆਈ।" ਮੈਂ ਤੜਫ ਕੇ ਕਿਹਾ।

"ਦਿਨ ਵਿੱਚ ਸੁਤੇ ਹੋਵੋਂਗੇ।" ਉਹ ਸਿਰ ਨੂੰ ਟੇਢਾ ਕਰ ਕੇ ਮੇਰੇ ਵੱਲ ਵੇਖਦੀ ਬੋਲੀ ਸੀ।

"ਨਹੀਂ ਹੀਰੋ...ਤੂੰ ਮੈਨੂੰ ਮਜ਼ਾਕ ਨਾ ਕਰ...ਮੇਰੀ ਜ਼ਿੰਦਗੀ ਮੌਤ ਦਾ ਸਵਾਲ ਏ ਇਹ...।"

"ਜੇ ਗੰਭੀਰ ਗੱਲ ਏ ਤਾਂ ਡਾਕਟਰ ਨੂੰ ਦਿਖਾਉ ਭਾਈ ਸਾਹਬ।"

"ਤੂੰ ਮੇਰਾ ਮਜ਼ਾਕ ਨਾ ਉਡਾ ਹੀਰੋ। ਦਰਅਸਲ ਮੈਂ ਤੈਨੂੰ ਬਹੁਤ ਪਿਆਰ ਕਰਦਾ ਹਾਂ।"

"ਅਰੇ ਭਾਈ ਸਾਹਬ ਫੇਰ ਮੈਂ ਕੀ ਕਰਾਂ ?" ਉਹ ਖਿੜਖਿੜਾ ਕੇ ਹੱਸ ਪਈ ਸੀ। ਜਦੋਂ ਤੱਕ ਉਹ ਹੱਸਣੋਂ ਹਟੀ, ਕਾਲਿਜ ਦੀਆਂ ਤਿੰਨ-ਚਾਰ ਕੁੜੀਆਂ ਉੱਥੇ ਆ ਗਈਆਂ। ਉਨ੍ਹਾਂ ਵਿੱਚੋਂ ਇੱਕ ਬੋਲੀ :

"ਬੜੀ ਖੁਸ਼ ਏਂ ਨੀ ਹੀਰੋ। ਕੀ ਲੱਭ ਗਿਆ ਏ ਤੈਨੂੰ ? ਇਜ਼ ਦੇਅਰ ਸਮਥਿੰਗ ਐਕਸਟਰਾ ਆਰਡੀਨਰੀ ?"

"ਸਰਦਾਰ ਭਾਈ ਸਾਹਬ ਆਪ ਹੀ ਐਕਸਟਰਾ ਆਰਡੀਨਰੀ ਨੇ...ਗੱਲ ਹੀ ਅਜਿਹੀ ਆਖ ਦਿੱਤੀ।"

ਹੀਰੋ ਉਨ੍ਹਾਂ ਕੁੜੀਆਂ ਨੂੰ ਇਕ ਪਾਸੇ ਨੂੰ ਲੈ ਗਈ। ਕੁਝ ਦੂਰ ਜਾ ਕੇ ਉਹ ਹੱਸਣ ਲੱਗ ਪਈਆਂ, ਠਹਾਕੇ ਮਾਰ-ਮਾਰ ਕੇ। ਮੈਂ ਵੇਖਦਾ ਰਿਹਾ, ਸੁਣਦਾ ਰਿਹਾ। ਮੇਰੀਆਂ ਅੱਖਾਂ ਅੱਗੇ ਧੁੰਦ ਜਿਹੀ ਪੱਸਰ ਗਈ। ਜਦੋਂ ਖੜ੍ਹਾ ਨਾ ਰਹਿ ਸਕਿਆ, ਘਾਹ ਤੇ ਬੈਠ ਗਿਆ ਤੇ ਰੋਣ ਲੱਗ ਪਿਆ।

ਹੀਰੋ ਹਿੰਗੋਰਾਣੀ ਨਾਲ ਪਿਆਰ ਕਰਨ ਦੀ ਗੱਲ ਮੇਰੇ ਦਿਲ ਦੇ ਲਹੂ ਵਿਚ ਘੁਲ ਚੁਕੀ ਸੀ। ਮੈਂ ਉਸ ਦੇ ਮਗਰ-ਮਗਰ ਘੁੰਮਦਾ ਫਿਰਦਾ। ਚਾਹ ਲਈ ਕਹਿੰਦਾ, ਚਾਹ ਪੀ ਲੈਂਦੀ। ਰੋਟੀ ਲਈ ਆਖਦਾ, ਉਹ ਮੇਰੇ ਨਾਲ ਬਹਿ ਕੇ ਰੋਟੀ ਵੀ ਖਾ ਲੈਂਦੀ। ਪਰ ਪਿਆਰ ਦੀ ਕਥਾ ਛੇੜਨ ਲਗਦਾ, ਉਹ ਤਿਤਲੀ ਬਣ ਕੇ ਝੱਟ ਉਡ ਜਾਂਦੀ।

"ਹੀਰੋ, ਮੈਨੂੰ 'ਭਾਈ ਸਾਹਬ' ਨਾ ਕਿਹਾ ਕਰ। ਮੇਰਾ ਨਾਉਂ ਲਿਆ ਕਰ।" ਇਹ

ਗੱਲ ਮੈਂ ਉਸ ਨੂੰ ਸੈਂਕੜੇ ਵਾਰੀ ਕਹੀ ਹੋਵੇਗੀ ਪਰ ਉਸ ਨੇ ਹਮੇਸ਼ਾ ਹੱਸ ਕੇ ਟਾਲ ਦਿੱਤਾ ਹੈ। ਉਹ ਮੈਨੂੰ ਕਦੀ ਵੀ 'ਭਾਈ ਸਾਹਬ' ਤੋਂ ਬਿਨਾਂ ਨਹੀਂ ਬੋਲਦੀ।

ਇਕ ਦਿਨ ਮੈਂ ਉਸ ਦੀ ਪੈੜ ਨੱਪੀ ਤੇ ਕਾਲਿਜ ਲਾਇਬਰੇਰੀ ਵਿਚ ਪਹੁੰਚ ਗਿਆ। ਉਹ ਕਿਤਾਬ ਵਿਚ ਸਿਰ ਗੱਡੀ ਬੜੀ ਮਘਨ ਬੈਠੀ ਪੜ੍ਹ ਰਹੀ ਸੀ। ਮੈਂ ਪਿੱਛੋਂ ਜਾ ਕੇ ਉਸ ਦੀਆਂ ਅੱਖਾਂ ਬੰਦ ਕਰ ਲਈਆਂ। ਉਸ ਦਾ ਸਰੀਰ ਮੱਛੀ ਵਾਂਗ ਫਰਕਿਆ ਤੇ ਉਹ ਮੇਰੇ ਹੱਥਾਂ ਉਤੇ ਲੰਮੀਆਂ-ਲੰਮੀਆਂ ਉਂਗਲਾਂ ਘੁਮਾਉਂਦੀ ਹੱਸ ਪਈ ਤੇ ਬੋਲੀ :

"ਸਰਦਾਰ ਭਾਈ ਸਾਹਬ ?" ਮੈਂ ਹੱਥ ਪਿੱਛੇ ਹਟਾਏ ਤਾਂ ਉਸ ਨੇ ਮੇਰੇ ਵੱਲ ਗੰਭੀਰ ਹੋ ਕੇ ਵੇਖਿਆ।

"ਹੀਰੋ ਮੈਨੂੰ ਇਕ ਚੁੰਮੀ ਦੇ-ਦੇ।" ਮੈਂ ਪਿਘਲ ਕੇ ਉਸ ਦੇ ਮੋਢਿਆਂ 'ਤੇ ਹੱਥ ਧਰ ਦਿੱਤੇ। ਉਹ ਉੱਠੀ ਤੇ ਇਕ ਖੂੰਜੇ ਵਿਚ ਪਈ ਵੱਡੀ ਸਾਰੀ ਅਲਮਾਰੀ ਨਾਲ ਲੱਗ ਕੇ ਖਲੋ ਗਈ। ਚਿਹਰੇ ਉਤੇ ਜ਼ਰਾ ਜਿੰਨੀ ਵੀ ਨਾ ਖੁਸ਼ੀ, ਨਾ ਉਦਾਸੀ ਤੇ ਨਾ ਕੋਈ ਹੋਰ ਚਿੰਨ੍ਹ। ਉਸ ਦਿਨ ਮੈਂ ਉਸ ਨੂੰ ਪਹਿਲੀ ਵਾਰੀ ਚੁੰਮਿਆਂ। ਰੁਮਾਲ ਨਾਲ ਮੂੰਹ ਪੂੰਝਦੀ ਉਹ ਬੋਲੀ :

"ਭਾਈ ਸਾਹਿਬ, ਇਸ ਤੋਂ ਵੱਧ ਕਦੀ ਕੁਝ ਨਾ ਮੰਗਿਓ।"

ਮੈਂ ਬੜਾ ਗੰਭੀਰ ਹੋ ਕੇ ਉਸ ਦੇ ਹੱਥੋਂ ਰੁਮਾਲ ਖਿੱਚਦਿਆਂ ਤੇ ਉਸ ਦੀਆਂ ਅੱਖਾਂ ਵਿਚ ਵੇਖਦਿਆਂ ਕਿਹਾ :

"ਤੂੰ ਮੇਰੇ ਨਾਲ ਵਿਆਹ ਕਰੇਂਗੀ ਹੀਰੋ ?" ਉਹ ਖਿੜਖਿੜਾ ਕੇ ਉੱਚੀ-ਉੱਚੀ ਹੱਸ ਪਈ।

"ਅਰੇ ਭਾਈ ਸਾਹਬ, ਸਰਦਾਰ ਜੀ ਨਾਲ ਵਿਆਹ ? ਨਾ ਬਾਬਾ, ਤੌਬਾ ਤੌਬਾ।"

ਉਹ ਦੋਨੋਂ ਕੰਨ ਫੜਕੇ ਇੱਧਰ-ਉੱਧਰ ਸਿਰ ਮਾਰਨ ਲੱਗ ਪਈ। ਉਸ ਦੇ ਕੰਨਾਂ ਵਿਚਲੀਆਂ ਵਾਲੀਆਂ ਹਿਚਕੋਲੇ ਖਾਣ ਲੱਗੀਆਂ। ਫਿਰ ਮੈਨੂੰ ਲੱਗਾ ਜਿਵੇਂ ਹਿਚਕੋਲੇ ਖਾਂਦੀਆਂ-ਖਾਂਦੀਆਂ ਵਾਲੀਆਂ ਅਚਾਨਕ ਰੁਕ ਗਈਆਂ ਹੋਣ ਤੇ ਮੈਂ ਹਿਚਕੋਲੇ ਖਾਣ ਲੱਗ ਪਿਆ ਹੋਵਾਂ। ਉਸ ਦੀਆਂ ਵਾਲੀਆਂ ਵੱਲ ਵੇਖਦਿਆਂ-ਵੇਖਦਿਆਂ ਮੈਨੂੰ ਦਿਸਣਾ ਬੰਦ ਹੋ ਗਿਆ।

ਉੱਨੀ ਸੌ ਅਠਵੰਜਾ ਤੇ ਹੁਣ ਉੱਨੀ ਸੌ ਤਰਿਆਸੀ। ਬੜਾ ਕੁਝ ਹੋਇਆ ਹੈ ਇਨ੍ਹਾਂ ਪੱਚੀ ਸਾਲਾਂ ਵਿਚ। ਭਾਵੇਂ ਵਿਆਹ ਵੀ ਹੋ ਗਏ ਹਨ। ਬੱਚੇ ਵੀ ਹੋ ਗਏ ਹਨ। ਪਰ ਅਸੀਂ ਇਕ-ਦੂਜੇ ਨੂੰ ਮਿਲਦੇ ਰਹੇ ਹਾਂ। ਹੁਣ ਮੈਂ ਉਸਦਾ 'ਧਰਮ-ਭਰਾ' ਬਣਿਆ ਹੋਇਆ ਹਾਂ। ਇਕ ਦੂਜੇ ਦੇ ਘਰਾਂ ਵਿਚ ਸਾਡਾ ਆਉਣ-ਜਾਣ ਹੈ। ਮੇਰੇ ਬੱਚੇ ਹੀਰੋ ਨੂੰ ਭੂਆ ਜੀ ਕਹਿਕੇ ਉਸ ਨਾਲ ਲਿਪਟ ਜਾਂਦੇ ਹਨ ਤੇ ਉਸ ਦੇ ਬੱਚੇ ਮੈਨੂੰ ਮਾਮਾ ਜੀ ਆਖ ਮੈਨੂੰ ਚੰਬੜ ਜਾਂਦੇ ਹਨ। ਉਸ ਦਾ ਪਤੀ ਯੂਨੀਵਰਸਿਟੀ ਵਿਚ ਲੈਕਚਰਾਰ ਹੈ। ਉਡ ਕੇ ਮਿਲਦਾ ਹੈ। ਦਾਰੂ-ਸਿੱਕਾ ਵੀ ਸਾਂਝਾ ਕਰ ਲੈਂਦਾ ਹੈ। ਇਨ੍ਹਾਂ ਪੱਚੀ ਸਾਲਾਂ ਵਿਚ ਮੈਂ ਹੀਰੋ ਨੂੰ ਗਿਆਰਾਂ ਵਾਰੀ ਚੁੰਮਿਆ ਹੈ। ਮੇਰੇ ਕਮਰੇ ਵਿਚ ਵੱਖ-ਵੱਖ ਪੇਂਟਰਾਂ ਦੀਆਂ ਬਣਾਈਆਂ ਗਿਆਰਾਂ ਹੀ ਪੇਂਟਿੰਗਜ਼ ਲੱਗੀਆਂ ਹੋਈਆਂ ਹਨ। ਇਨ੍ਹਾਂ ਸਭਨਾਂ ਵਿਚ ਪਿਆਰ-ਮੁਹੱਬਤ, ਉਡੀਕ, ਵਿਛੋੜਾ ਆਦਿ ਦਾ ਪ੍ਰਗਟਾਵਾ ਹੈ। ਸਾਰੀਆਂ ਉਤੇ ਕ੍ਰਮਵਾਰ ਉਹ ਮਿਤੀਆਂ ਵੀ ਦਰਜ

ਹਨ ਜਦ ਮੈਂ ਹੀਰੋ ਨੂੰ ਚੁੰਮਿਆ ਹੈ। ਇਸ ਉਹਲੇ ਵਾਲੇ ਰਿਸ਼ਤੇ ਨੂੰ ਵਧਾਉਣ ਲਈ ਮੈਂ ਹੀਰੋ ਅੱਗੇ ਲੱਖ ਤਰਲੇ, ਮਿੰਨਤਾਂ ਅਤੇ ਉਸ ਦੀਆਂ ਤਾਰੀਫ਼ਾਂ ਕਰ ਚੁਕਿਆ ਹਾਂ ਪਰ ਉਹ ਹਮੇਸ਼ਾ ਸਿਰ ਮਾਰ ਕੇ ਕਹਿੰਦੀ ਰਹੀ ਹੈ :

"ਅਰੇ ਭਾਈ ਸਾਹਬ, ਇਸ ਤੋਂ ਵਧ ਕੁਝ ਨਾ ਮੰਗਿਉ।"

ਇਹ 'ਇਨਕਾਰ' ਦੀ ਅੱਗ ਮੈਨੂੰ ਬਾਰ-ਬਾਰ ਉਸ ਵਲ ਖਿਚਦੀ ਹੈ। ਨੀਲਮ, ਪੂੰਨੀ, ਮੀਨਾ, ਸਿੰਦਰ ਵੀ ਤਾਂ ਮੇਰੀਆਂ ਦੋਸਤ ਕੁੜੀਆਂ ਰਹੀਆਂ ਹਨ। ਉਨ੍ਹਾਂ ਪ੍ਰਤੀ ਖਿੱਚ ਮੇਰੇ ਦਿਲ ਵਿਚ ਕਿਉਂ ਨਹੀਂ ਰਹੀ ? ਜੇ ਕੋਈ ਹੀਰੋ ਅਤੇ ਮੇਰੀ ਪਤਨੀ ਸੁੰਮੀਂ ਨੂੰ ਬਰਾਬਰ ਖੜ੍ਹਾ ਕੇ ਵੇਖੇ ਤਾਂ ਇਸ ਗੱਲ ਦਾ ਨਿਰਣਾ ਕਰੇ ਕਿ ਸੁੰਮੀਂ ਦਾ ਚਿਹਰਾ, ਅੱਖਾਂ, ਸਰੀਰਕ ਬਣਤਰ ਹੀਰੋ ਨਾਲੋਂ ਕਈ ਗੁਣਾ ਚੰਗੀ ਹੈ। ਪਰ ਫਿਰ ਵੀ ਮੈਂ ਹੀਰੋ ਵਲ ਹੀ ਖਿੱਚਿਆ ਜਾਂਦਾ ਹਾਂ। ਆਪਣੀ ਪਤਨੀ ਦੇ ਦਾਜ ਵਿਚ ਆਏ ਸਾਰੇ ਸਮਾਨ ਨਾਲੋਂ ਕਾਲਿਜ ਸਮੇਂ ਦੇ ਹੀਰੋ ਦੇ ਰੁਮਾਲ ਨੂੰ ਮੈਂ ਵਧ ਕੀਮਤੀ ਸਮਝਦਾ ਹਾਂ। ਜਦੋਂ ਕਦੀ ਮੈਂ ਹੀਰੋ ਨੂੰ ਆਪਣੀ ਪਤਨੀ ਦੇ ਅਜੀਬ ਸੁਭਾਉ ਜਾਂ ਉਸ ਨਾਲ ਹੋਏ ਝਗੜੇ ਬਾਰੇ ਦੱਸਿਆ ਹੈ ਤਾਂ ਉਹ ਮੇਰੇ ਵੱਲ ਬੜੇ ਪਿਆਰ ਨਾਲ ਵੇਖਦੀ ਬੋਲੀ ਹੈ :

"ਅਰੇ ਭਾਈ ਸਾਹਬ, ਹਿਤਾਂ ਦੇ ਟਕਰਾਉ ਦਾ ਨਾਉਂ ਹੀ ਝਗੜਾ ਹੈ...ਕਲੇਸ਼ ਆਫ਼ ਇਨਟਰੈਸਟਸ।"

"ਤੂੰ ਵੀ ਪ੍ਰੋਫੈਸਰ ਨਾਲ ਲੜ ਪੈਂਦੀ ਏਂ ਕਦੀ ?"

"ਓ ਯੈਸ...ਵ੍ਹਾਈ ਨਾਟ...ਨਿੱਕੀ ਜਿਹੀ ਗਲ ਤੇ ਵੀ ਝਗੜਾ ਹੋ ਜਾਂਦਾ ਏ...ਵ੍ਹੀ ਆਫ਼ਨ ਕੁਅਰਲ।"

"ਵਿਸ਼ਵਾਸ ਤਾਂ ਨਹੀਂ ਆਉਂਦਾ।" ਮੈਂ ਕਿਹਾ ਕਰਦਾ ਹਾਂ।

"ਯੂ ਕੈਨ ਨੈਵਰ ਅੰਡਰਸਟੈਂਡ ਆਰ ਬਿਲੀਵ...ਇਹ ਜ਼ਿੰਦਗੀ ਹੈ ਭਾਈ ਸਾਹਬ।"

ਹੀਰੋ ਦੀਆਂ ਗੱਲਾਂ ਨੂੰ ਚੇਤੇ ਕਰਦਾ ਮੈਂ ਮਾਡਲ ਟਾਊਨ ਵਿਚ ਕੋਠੀ ਨੰਬਰ 512 ਅੱਗੇ ਜਾ ਰੁਕਦਾ ਹਾਂ। ਘੰਟੀ ਦਾ ਬਟਨ ਦਬਾਉਂਦਾ ਹਾਂ ਤਾਂ ਹੀਰੋ ਦੌੜੀ ਆਉਂਦੀ ਹੈ। ਗੇਟ ਖੋਹਲ ਕੇ ਬੜੀ ਹੈਰਾਨੀ ਨਾਲ ਅੱਖਾਂ ਚੌੜੀਆਂ ਕਰਕੇ ਪੁਛਦੀ ਹੈ :

"ਝਗੜਾ ?"

ਮੈਂ ਉੱਤਰ ਦੇਣ ਦੀ ਥਾਂ ਕੇਵਲ ਮੁਸਕਰਾ ਦਿੰਦਾ ਹਾਂ। ਸੰਗਲੀ ਨਾਲ ਬੱਧਾ ਜੱਤਲ ਕੁਤਾ ਮੇਰੇ ਵਲ ਭੌਂਕਦਾ ਭੌਂਕਦਾ ਅੱਖਾਂ ਲਾਲ ਕਰ ਲੈਂਦਾ ਹੈ।

"ਬੱਸ ਆਹ ਕੁਛ ਹੁੰਦਾ ਮੇਰੇ ਨਾਲ।" ਮੈਂ ਕੁੱਤੇ ਵਲ ਇਸ਼ਾਰਾ ਕਰਦਾ ਹਾਂ। ਉਹ ਹੱਸਣ ਲਗ ਪੈਂਦੀ ਹੈ।

"ਇਕੱਲੀ ?" ਮੈਂ ਸਾਈਕਲ ਖੜ੍ਹਾ ਕਰਕੇ ਪੁਛਦਾ ਹਾਂ।

"ਸੱਚ ਜਾਣੋ ਤੁਹਾਨੂੰ ਹੀ ਉਡੀਕ ਰਹੀ ਸਾਂ ਭਾਈ ਸਾਹਬ। ਅੱਜ ਜਿਵੇਂ ਸਵੇਰ ਤੋਂ ਲੱਗ ਰਿਹਾ ਸੀ ਕਿ ਤੁਸੀਂ ਆਵੋਗੇ।"

"ਕਿਉਂ ਕੀ ਗੱਲ ?" ਮੈਂ ਪੁਛਦਾ ਹਾਂ।

"ਤੁਸੀਂ ਬੈਠੋ ਤਾਂ ਸਹੀ। ਦਸਦੀ ਹਾਂ।"

ਮੈਨੂੰ ਵੇਹੜੇ ਵਿਚ ਡਠੀ ਕੁਰਸੀ ਤੇ ਬਹਾ ਕੇ ਉਹ ਰਸੋਈ ਵਿਚ ਜਾ ਵੜਦੀ ਹੈ। ਕੁਝ ਚਿਰ ਮਗਰੋਂ ਮੈਂ ਉਠਦਾ ਹਾਂ ਤੇ ਰਸੋਈ ਵਿਚ ਵੜ ਕੇ ਉਸ ਨੂੰ ਮੋਢਿਆਂ ਤੋਂ ਫੜ ਲੈਂਦਾ ਹਾਂ। ਉਹ ਤ੍ਰਭਕ ਕੇ ਇਕ ਪਾਸੇ ਹਟ ਜਾਂਦੀ ਹੈ। ਉਸ ਦਾ ਸਰੀਰ ਲੁਜ ਲੁਜ ਕਰ ਰਿਹਾ ਹੈ। ਮੈਨੂੰ ਉਸਦਾ ਕਾਲਿਜ ਸਮੇਂ ਦਾ ਸੁਹਣਾ ਗਠਿਆ ਹੋਇਆ ਸ਼ਰੀਰ ਚੇਤੇ ਆਉਂਦਾ ਹੈ।

"ਫੜਿਆ ਕਿਉਂ ?" ਉਹ ਪਿਛੇ ਹਟ ਕੇ ਬੋਲਦੀ ਹੈ।

"ਹੀਰੋ ਸਿਰਫ ਇੱਕ ਪਲੀਜ਼...ਮੈਂ ਮਰ ਰਿਹਾ ਹਾਂ।"

"ਹੱਟੋ ਅਜੇ ਨਹੀਂ...ਕੀ ਕਰਦੇ ਹੋ ਭਾਈ ਸਾਹਬ ..ਆਪਣਾ ਵਾਅਦਾ ਯਾਦ ਏ ?"

ਮੈਨੂੰ ਆਪਣਾ ਵਾਅਦਾ ਯਾਦ ਆ ਜਾਂਦਾ ਹੈ ਕਿ ਕਦੀ ਹੀਰੋ ਦੀ ਇੱਛਾ ਦੇ ਵਿਰੁਧ ਕੋਈ ਕੰਮ ਨਹੀ ਕਰਾਂਗਾ।

"ਕੀ ਬਕਵਾਸ ਵਾਅਦਾ ਹੈ।" ਮੈਂ ਸੋਚਦਾ ਹਾਂ ਤਾਂ ਮੇਰੇ ਮੂੰਹ ਦਾ ਸਵਾਦ ਬਕਬਕਾ ਜਿਹਾ ਹੋ ਜਾਂਦਾ ਹੈ। ਰਸੋਈ ਚੋਂ ਨਿਕਲ ਬਾਹਰ ਕੁਰਸੀ ਤੇ ਆ ਬੈਠਦਾ ਹਾਂ। ਉਹ ਟਰੇ ਵਿਚ ਚਾਹ ਤੇ ਬਿਸਕੁਟ ਲੈ ਕੇ ਮੇਰੇ ਬਰਾਬਰ ਆ ਬੈਠਦੀ ਹੈ।

"ਚੰਦਰੇ ਨੌਕਰਾਂ ਨੇ ਲਹੂ ਪੀ ਲਿਆ। ਗੋਰਖਾ ਹਫ਼ਤੇ ਲਈ ਗਿਆ ਸੀ। ਦੋ ਹਫ਼ਤੇ ਹੋ ਗਏ, ਹੁਣ ਤੱਕ ਨਹੀਂ ਮੁੜਿਆ। ਜਿਵੇਂ ਪਿੱਛੇ ਕੰਮ ਉਸਦਾ ਪਿਉ ਕਰ ਦੇਵੇਗਾ।"

ਮੈਂ ਚੁਪ ਚਾਪ ਬੈਠਾ ਚਾਹ ਪੀਂਦਾ ਰਹਿੰਦਾ ਹਾਂ।

"ਮੈਂ ਤਾਂ ਤੰਗ ਆ ਗਈ ਹਾਂ ਘਰ ਦੇ ਖਲਜਗਣਾਂ ਤੋਂ...ਐਸੇ ਖਰਚੇ ਹਨ ਭਾਈ ਸਾਹਬ...ਤੀਹ ਰੁਪਏ ਤਾਂ ਕਪੜੇ ਧੋਣ ਵਾਲੀ ਹੀ ਲੈ ਜਾਂਦੀ ਹੈ।"

ਮੈਂ ਚੁਪ ਚਾਪ ਬਿਸਕੁਟ ਖਾਂਦਾ ਰਹਿੰਦਾ ਹਾਂ।

"ਕੁਤੇ ਮਹਿਕਮੇ ਵਿਚ ਕੋਈ ਉਤੋਂ ਵੀ ਤਾਂ ਧੇਲਾ ਨਹੀਂ ਬਣਦਾ। ਆਪਣੇ ਨਾਲ ਉਹ ਜਿਹੜਾ ਗਿੱਠੂ ਜਿਹਾ ਪੜ੍ਹਦਾ ਹੁੰਦਾ ਸੀ। ਕੀ ਨਾਂ...ਗੋਸਵਾਮੀ ..ਹੁੰਦਾ ਨਹੀਂ ਸੀ ਕਾਲਾ ਜਿਹਾ ?" ਬੋਲਦੀ-ਬੋਲਦੀ ਉਹ ਮੇਰੇ ਵਲ ਨੀਝ ਲਾਕੇ ਵੇਖਦੀ ਹੈ।

"ਕੀ ਗੱਲ ਭਾਈ ਸਾਹਬ ..ਬੋਲਦੇ ਕਿਉਂ ਨਹੀਂ ਨਾਰਾਜ਼ ਹੋ ਗਏ ?"

"ਨਹੀਂ...ਨਾਰਾਜ਼ ਕਿਉਂ ਹੋਣਾ ਏ ?"

"ਹੱਸੋ ਫਿਰ।" ਉਹ ਮੇਰੇ ਨੇੜੇ ਹੋ ਕੇ ਅੱਖਾਂ ਵਿਚ ਵੇਖਦੀ ਹੈ। ਮੇਰੇ ਕਾਲਿਜ ਵਾਲੀ ਹੀਰੋ ਹਿੰਗੋਰਾਣੀ ਯਾਦ ਆ ਜਾਂਦੀ ਹੈ। ਪਤਲਾ ਲੰਮਾ ਸਰੀਰ, ਛਿਪਦੇ ਸੂਰਜ ਵਰਗੀਆਂ ਨਾਰੰਗੀ ਗੱਲ੍ਹਾਂ। ਮੈਂ ਹਾ ਹਾ ਕਰਕੇ ਹਸਣ ਲਗਦਾ ਹਾਂ।

"ਇਕ ਕੰਮ ਕਹਿਣਾ ਏ ਤੁਹਾਨੂੰ...ਵਿਲ ਯੂ ਡੂ'ਟ ਆਰ ਨਾਟ ?"

"ਕੀ ?" ਮੈਂ ਪੁਛਦਾ ਹਾਂ।

"ਚਾਹੇ ਆਕਾਸ਼ ਦੇ ਤਾਰੇ ਤੋੜਨੇ ਹੋਣ। ਚਿੜੀਆਂ ਦਾ ਦੁਧ ਲਿਆਉਣਾ ਹੋਵੇ। ਯੂ ਪਰਾਮਿਜ਼ ਫ਼ਸਟ ਦੈੱਨ ਆਇਲ ਟੈਲ।"

"ਠੀਕ ਹੈ ਕਰਾਂਗਾ। ਹੁਕਮ ਕਰਦੇ।"

"ਡੋਜ਼ੀ ਰਾਤ ਰੋਂਦੀ ਰਹੀ। ਉਸ ਦੇ ਪੇਪਰਾਂ ਨੂੰ ਦਸ ਦਿਨ ਰਹਿ ਗਏ ਨੇ। ਬਾਟਨੀ ਦੀ ਕਾਪੀ ਹੁਣ ਤੱਕ ਤਿਆਰ ਨਹੀਂ ਕੀਤੀ। ਤੁਹਾਡੀ ਡਰਾਇੰਗ ਬੜੀ ਵਧੀਆ ਹੁੰਦੀ ਸੀ।

ਭਾਈ ਸਾਹਬ। ਸ਼ਕਲਾਂ ਹੀ ਬਣਾ ਦਿਓ।"

ਉਹ ਬੋਲਦੀ-ਬੋਲਦੀ ਮੇਰੀ ਗੱਲ੍ਹ ਤੇ ਇਕ ਉਂਗਲ ਮਾਰ ਦਿੰਦੀ ਹੈ। ਮੈਂ ਜਿਵੇਂ ਸਵਾਦ-ਸਵਾਦ ਹੋ ਜਾਂਦਾ ਹਾਂ। ਕਾਲਿਜ ਦੇ ਦਿਨਾਂ ਦਾ ਤਸੱਵਰ ਕਰਕੇ ਮੈਂ ਉਸ ਵੱਲ ਮੂੰਹ ਵਧਾਉਂਦਾ ਹਾਂ। ਪਰ ਉਹ ਹੱਥ ਦਾ ਪੰਜਾ ਮੇਰੇ ਅੱਗੇ ਫੈਲਾ ਕੇ ਕਹਿੰਦੀ ਹੈ :

'ਨਹਾਵਾਂਗੀ...ਕੱਪੜੇ ਬਦਲਾਂਗੀ...ਫੇਰ।'

ਕਾਪੀ, ਪੈਂਸਿਲ, ਰਬੜ, ਸ਼ਾਰਪਨਰ ਮੇਰੇ ਅੱਗੇ ਪੁਜ ਜਾਂਦੇ ਹਨ। ਮੈਂ ਚੁਪ ਚਾਪ ਸ਼ਕਲਾਂ ਵਾਹੁਣ ਵਿਚ ਰੁਝ ਜਾਂਦਾ ਹਾਂ। ਪੰਜ ਮਿੰਟ, ਦੱਸ ਮਿੰਟ, ਅੱਧਾ ਘੰਟਾ, ਪੂਰਾ ਘੰਟਾ... ਦੋ ਘੰਟੇ। ਮੇਰੀ ਚੀਚੀ ਅਤੇ ਨਾਲ ਦੀ ਉਂਗਲ ਦਰਦ ਕਰਨ ਲੱਗ ਪਈਆਂ ਹਨ। ਉਠ ਕੇ ਵਿਹੜੇ ਵਿਚ ਚੱਕਰ ਲਗਾਉਂਦਾ ਹਾਂ। ਭਾਂਡੇ ਮਾਂਜਣ ਵਾਲੀ ਫਰਸ਼ 'ਤੇ ਪਏ ਭਾਂਡੇ ਧੋ ਰਹੀ ਹੈ। ਉਸ ਦਾ ਛੋਟਾ ਜਿਹਾ ਇਕ ਨੰਗ-ਧੜੰਗਾ ਬੱਚਾ ਇਕ ਪਾਸੇ ਆਪਣੀ ਮਾਂ ਵਲ ਨੀਝ ਲਾਈ ਬੈਠਾ ਹੈ। ਪਤਾ ਨਹੀਂ ਇਹ ਕਦੋਂ ਅੰਦਰ ਲੰਘ ਆਈ ਸੀ। ਸਜੀ ਧਜੀ ਹੀਰੋ ਸਾਮ੍ਹਣੇ ਕੁਰਸੀ 'ਤੇ ਬੈਠੀ ਕਿਸੇ ਮੈਗਜ਼ੀਨ ਦੇ ਪੰਨੇ ਪਲਟ ਰਹੀ ਹੈ।

"ਭਾਈ ਸਾਹਬ, ਬੜੀ ਦੇਰ ਤੋਂ ਕਿਧਰੇ ਤੁਹਾਡੀ ਕੋਈ ਕਹਾਣੀ ਨਹੀਂ ਪੜ੍ਹੀ।" ਮੇਰੇ ਨਾਲ ਅੱਖਾਂ ਮਿਲਣ 'ਤੇ ਉਹ ਬੋਲਦੀ ਹੈ।

"ਤੇਰੀ ਹੀ ਲਿਖਣੀ ਸੀ ਕਹਾਣੀ...ਤੂੰ ਪੂਰੀ ਨਹੀ ਹੋਣ ਦਿੱਤੀ।" ਮੈਂ ਹਸਦਾ ਹਾਂ।

"ਅਧੂਰੀ ਵਧੀਆ ਰਹਿੰਦੀ ਏ। ਪੂਰਣਤਾ ਵਿਚ ਮਜ਼ਾ ਨਹੀਂ ਭਾਈ ਸਾਹਬ। ਹਿਤਾਂ ਦਾ ਟਕਰਾਓ ਸ਼ੁਰੂ ਹੋ ਜਾਂਦਾ ਏ।"

ਮੈਂ ਥੋੜ੍ਹਾ ਜਿਹਾ ਮੁਸਕਰਾ ਕੇ ਫਿਰ ਕਾਪੀ ਦੀਆਂ ਸ਼ਕਲਾਂ ਬਨਾਉਣ ਵਿਚ ਰੁਝ ਜਾਂਦਾ ਹਾਂ।

ਕਾਫੀ ਸਮਾਂ ਲੰਘ ਚੁਕਾ ਹੈ। ਸ਼ਕਲਾਂ ਪੂਰੀਆਂ ਹੋ ਗਈਆਂ ਹਨ। ਭਾਂਡੇ ਮਾਂਜਣ ਵਾਲੀ ਵੀ ਜਾ ਚੁਕੀ ਹੈ। ਮੈਂ ਉਠ ਕੇ ਅੰਗੜਾਈ ਲੈਂਦਾ ਹਾਂ ਤੇ ਹੀਰੋ ਨੂੰ ਇਸ਼ਾਰਾ ਕਰਕੇ ਕਹਿੰਦਾ ਹਾਂ :

"ਚੱਲ ਫੇਰ ਹੁਣ...।"

ਪਰ ਤਦੇ ਗੇਟ ਖੁਲ੍ਹ ਜਾਂਦਾ ਹੈ। ਮੋਢੇ ਨਾਲ ਥੈਲਾ ਲਟਕਾਈ ਡੇਜ਼ੀ ਅੰਦਰ ਆ ਵੜਦੀ ਹੈ। 'ਮਾਮਾ ਜੀ' ਕਹਿਕੇ ਮੇਰੇ ਨਾਲ ਲਿਪਟ ਜਾਂਦੀ ਹੈ। ਫਿਰ ਉਹ ਪਿਛਲੇ ਮਹੀਨੇ ਦੀ ਤੇਰਾਂ ਤਰੀਕ (ਜਿਸ ਦਿਨ ਪਿਛਲੀ ਵਾਰੀ ਮੈਂ ਘਰੋਂ ਲੜਕੇ ਹੀਰੋ ਕੋਲ ਗਿਆ ਸੀ) ਮਗਰੋਂ ਵਾਪਰੀਆਂ ਸਕੂਲ ਅਤੇ ਘਰ ਦੀਆਂ ਸਾਰੀਆਂ ਗੱਲਾਂ ਚਟਖਾਰੇ ਲਾ ਲਾ ਦੱਸਣ ਲਗਦੀ ਹੈ। ਬੜੀ ਗਾਲੜੀ ਕੁੜੀ ਹੈ ਇਹ। ਮੈਂ ਬੇਧਿਆਨਾ ਜਿਹਾ ਬੈਠਾ ਡੇਜ਼ੀ ਦੇ ਚਿਹਰੇ ਵੱਲ ਘੂਰੀ ਜਾ ਰਿਹਾ ਹਾਂ। ਉਹ ਮੈਨੂੰ ਇੰਨ ਬਿੰਨ ਕਾਲਿਜ ਪੜ੍ਹਦੀ ਹੀਰੋ ਵਰਗੀ ਲਗਦੀ ਹੈ। ਉਸ ਵਲੋਂ ਧਿਆਨ ਹਟਾ ਕੇ ਘੜੀ ਵੇਖਦਾ ਹਾਂ ਤੇ ਡੇਜ਼ੀ ਦੀਆਂ ਗੱਲਾਂ ਨੂੰ ਵਿਚਾਲੇ ਛੱਡ ਕੇ ਉਠ ਖੜ੍ਹਾ ਹੁੰਦਾ ਹਾਂ। ਹੀਰੋ ਵੀ ਖੜ੍ਹੀ ਹੋ ਜਾਂਦੀ ਹੈ ਤੇ ਡੇਜ਼ੀ ਕੁਝ ਗੁਣਗੁਣਾਉਂਦੀ ਹੋਈ ਰਸੋਈ ਵਿਚ ਜਾ ਵੜਦੀ ਹੈ।

"ਚੱਲ ਜ਼ਰਾ ਡਰਾਇੰਗ ਰੂਮ ਵਿਚ...ਸਿਰਫ ਇਕ।" ਮੈਂ ਹੀਰੋ ਨੂੰ ਤਰਲੇ ਜਿਹੇ

ਨਾਲ ਕਹਿੰਦਾ ਹਾਂ :

"ਨੋ ਪਲੀਜ਼...ਡੇਜ਼ੀ ਬੱਚੀ ਨਹੀਂ।" ਹੀਰੋ ਸਿਰ ਹਿਲਾਉਂਦੀ ਹੈ।

ਮੈਂ ਜਾਣ ਲਈ ਸਾਈਕਲ ਚੁਕ ਲੈਂਦਾ ਹਾਂ।

"ਨਾਰਾਜ਼ ਨਾ ਹੋਣਾ।" ਹੀਰੋ ਕਹਿੰਦੀ ਹੈ। ਮੈਂ ਕੋਈ ਉੱਤਰ ਨਹੀਂ ਦਿੰਦਾ। ਉਹ 'ਸਤਿ ਸ੍ਰੀ ਅਕਾਲ' ਬੁਲਾਉਂਦੀ ਹੈ ਪਰ ਮੈਂ ਉਸ ਵੱਲ ਬਿਨਾਂ ਵੇਖੇ ਚੁਪ ਚਾਪ ਸਾਈਕਲ ਚੁਕ ਬਾਹਰ ਹੋ ਜਾਂਦਾ ਹਾਂ।

ਮੇਰਾ ਸਾਈਕਲ ਘਰ ਵੱਲ ਉਡ ਆਉਂਦਾ ਹੈ। ਅੰਦਰ ਵੜਦਾ ਹਾਂ। ਵਿਹੜੇ ਵਿਚ ਸੁੰਮੀਂ ਕੋਲਿਆਂ ਦੇ ਢੇਰ ਅੱਗੇ ਬੈਠੀ ਹਥੌੜਾ ਚਲਾ ਰਹੀ ਹੈ। ਉਸ ਦੇ ਮੱਥੇ ਉਤੇ ਪਸੀਨੇ ਦੀਆਂ ਬੂੰਦਾਂ ਮੋਤੀਆਂ ਵਾਂਗ ਚਮਕ ਰਹੀਆਂ ਹਨ ਤੇ ਇਕ ਮੋਟੀ ਲਿਟ ਮੱਥੇ ਉਤੇ ਐਧਰ-ਉੱਧਰ ਝੂਲ ਰਹੀ ਹੈ। ਉਹ ਕਿੰਨੀ ਸੁੰਦਰ ਲਗਦੀ ਹੈ ਮੈਨੂੰ। ਕੰਧ ਨਾਲ ਤੇਲ ਦੀਆਂ ਪੀਪੀਆਂ ਭਰੀਆਂ ਪਈਆਂ ਹਨ। ਆਟੇ ਦੀ ਕਿੱਟ ਭਰੀ ਪਈ ਹੈ। ਪਤਾ ਨਹੀਂ ਕਿਉਂ ਇਕ ਧਾਅ ਜਿਹੀ ਮਾਰ ਕੇ ਰੋਣ ਨੂੰ ਚਿੱਤ ਕਰਦਾ ਹੈ। ਸਾਈਕਲ ਖੜ੍ਹਾ ਕਰਕੇ ਸੁੰਮੀਂ ਕੋਲ ਜਾਂਦਾ ਹਾਂ ਤੇ ਕਹਿੰਦਾ ਹਾਂ :

"ਸੁੰਮੀਂ, ਜ਼ਰਾ ਡਰਾਇੰਗ ਰੂਮ ਵਿਚ ਚੱਲ।"

"ਕੀ ਗੱਲ ਜੀ।" ਉਹ ਘਬਰਾਈ ਜਿਹੀ ਮੇਰੇ ਵੱਲ ਵੇਖਦੀ ਹੈ।

"ਤੂੰ ਚੱਲ ਤਾਂ ਸਹੀ।" ਮੈਂ ਮੁਸਕਰਾਉਂਦਾ ਹਾਂ।

ਉਹ ਮੇਰੇ ਵੱਲ ਆਪਣੇ ਕੋਲਿਆਂ ਨਾਲ ਲਿਬੜੇ ਦੋਨੋਂ ਹੱਥ ਫੈਲਾ ਦਿੰਦੀ ਹੈ।

"ਤੂੰ ਚੱਲ...ਕੋਈ ਨਹੀਂ।" ਮੇਰਾ ਦਿਲ ਬੜਾ ਕਾਹਲਾ ਪੈ ਜਾਂਦਾ ਹੈ।

ਹਥੌੜਾ ਰੱਖ ਉਹ ਚੁਪ-ਚਾਪ ਡਰਾਇੰਗ ਰੂਮ ਵਿਚ ਆ ਵੜਦੀ ਹੈ। ਮੈਂ ਉਸ ਨੂੰ ਆਪਣੀਆਂ ਬਾਹਵਾਂ ਵਿਚ ਬੜੀ ਜ਼ੋਰ ਨਾਲ ਘੁਟ ਲੈਂਦਾ ਹਾਂ ਤੇ ਉਸਨੂੰ ਚੁੰਮਦਾ ਹਾਂ। ਉਸ ਦੀਆਂ ਅੱਖਾਂ ਵਿਚ ਅੱਖਾਂ ਪਾ ਕੇ ਕਹਿੰਦਾ ਹਾਂ : "ਹੱਸ।"

ਉਹ ਖਿੜਖਿੜਾ ਕੇ ਹੱਸ ਪੈਂਦੀ ਹੈ। ਹੱਸਦੇ-ਹੱਸਦੇ ਉਸ ਦੀਆਂ ਅੱਖਾਂ ਵਿਚੋਂ ਪਾਣੀ ਨਿਕਲ ਆਉਂਦਾ ਹੈ।

"ਮੈਨੂੰ ਮਾਫ਼ ਕਰ ਦਿਓ।" ਉਹ ਕਹਿੰਦੀ ਹੈ।

"ਕਿਉਂ ? ਮਾਫ਼ੀ ਤਾਂ ਤੇਰੇ ਕੋਲੋਂ ਮੈਂ ਮੰਗਣੀ ਏਂ।" ਮੈਂ ਫਿਰ ਉਸ ਨੂੰ ਆਪਣੇ ਨਾਲ ਘੁੱਟ ਲੈਂਦਾ ਹਾਂ।

"ਹਟੋ..ਤੁਸਾਂ ਕਿਹੜਾ ਪਾਪ ਕਰ ਦਿੱਤਾ ? ਵੱਧ-ਘੱਟ ਤਾਂ ਮੇਰੇ ਕੋਲੋਂ ਹੀ ਬੋਲਿਆ ਗਿਆ। ਕਦੀ-ਕਦੀ ਮੈਨੂੰ ਪਤਾ ਨਹੀਂ ਕੀ ਹੋ ਜਾਂਦਾ ਏ। ਮਗਰੋਂ ਬੜਾ ਪਛਤਾਉਂਦੀ ਹਾਂ...ਰੋਂਦੀ ਹਾਂ...ਤੁਸੀਂ ਲਿਖ ਲਵੋ ਬਹਿ ਕੇ...ਮੈਂ ਚਾਹ ਬਣਾ ਕੇ ਲਿਆਉਂਦੀ ਹਾਂ।" ਪਰ ਮੈਂ ਉਸ ਨੂੰ ਆਪਣੀ ਗਲਵਕੜੀ 'ਚੋਂ ਜਾਣ ਨਹੀਂ ਦਿੰਦਾ। ਮੇਰਾ ਧਿਆਨ ਕਮਰੇ ਵਿਚ ਲੱਗੀਆਂ ਗਿਆਰਾਂ ਪੇਂਟਿੰਗਜ਼ ਵੱਲ ਘੁੰਮਦਾ ਹੈ।

"ਆਪਾਂ ਇਨ੍ਹਾਂ ਪੇਂਟਿੰਗਾਂ ਨੂੰ ਲਾਹ ਦੇਈਏ ? ਨੰਗੀਆਂ ਕੰਧਾਂ ਹੀ ਚੰਗੀਆਂ ਲਗਦੀਆਂ ਨੇ। ਕੀ ਖਿਆਲ ਏ ਤੇਰਾ ?" ਮੈਂ ਕਹਿੰਦਾ ਹਾਂ।

"ਖਿਆਲ ਤੁਹਾਡੇ ਨਾਲ।" ਉਹ ਹੱਸ ਪੈਂਦੀ ਹੈ।

"ਚੰਗਾ ਫਿਰ ਚੁਕ ਪੌੜੀ ਉਤਾਰ ਦੇਈਏ...ਚਾਹ ਬਣਾਈਂ ਫੇਰ। ਤੇਰੇ ਹੁੰਦਿਆਂ ਭਲਾ ਇਨ੍ਹਾਂ ਦੀ ਕੀ ਲੋੜ ?" ਮੈਂ ਸ਼ਰਾਰਤ ਨਾਲ ਉਸ ਦੀ ਗੱਲ੍ਹ ਤੇ ਘਰੂਟ ਭਰ ਲੈਂਦਾ ਹਾਂ। ਫਿਰ ਅਸੀਂ ਪੌੜੀ ਲਾਕੇ ਪੇਂਟਿੰਗਜ਼ ਨੂੰ ਲਾਹੁਣ ਲੱਗ ਪੈਂਦੇ ਹਾਂ। ਵਿਹਲੀ ਹੋ ਉਹ ਰਸੋਈ ਵੱਲ ਚਲੀ ਜਾਂਦੀ ਹੈ।

ਮੇਰਾ ਦਿਮਾਗ ਜਿਵੇਂ ਹਲਕਾ ਫੁੱਲ ਹੋ ਗਿਆ ਹੈ। ਮੇਰੀ ਅਧੂਰੀ ਕਹਾਣੀ ਦੇ ਪਾਤਰ ਮੇਰੀਆਂ ਅੱਖਾਂ ਅੱਗੇ ਘੁੰਮਣ ਲੱਗੇ ਹਨ :

"ਕਾਗਜ਼ ਤੇ ਪੈੱਨ ਚੁੱਕ ਕੇ ਬੈਠ ਜਾ। ਅਸੀਂ ਤੇਰੇ ਸਾਮ੍ਹਣੇ ਸਾਰੀ ਕਹਾਣੀ ਫਿਰ ਸਟੇਜ ਕਰਾਂਗੇ। ਬੱਸ ਤੂੰ ਲਿਖਦਾ ਜਾਵੀਂ।"

ਮੈਂ ਖੁਸ਼ ਹੋ ਗਿਆ ਹਾਂ। ਕਮਰੇ ਵਿਚ ਅਗਰਬੱਤੀ ਜਲਾ ਕੇ ਲਿਖਣ ਬੈਠ ਗਿਆ ਹਾਂ। ਵਿਚਾਰ ਉਵੇਂ ਆ ਰਹੇ ਹਨ ਜਿਵੇਂ ਮੁਰਗਾਬੀਆਂ ਦੀਆਂ ਡਾਰਾਂ ਪਾਣੀ 'ਤੇ ਉਤਰ ਰਹੀਆਂ ਹੋਣ। ਹੁਣ ਮੇਰੀ ਛੁਟੀ ਅਕਾਰਥ ਨਹੀਂ ਜਾਵੇਗੀ। ਮੈਨੂੰ ਪੂਰਾ ਵਿਸ਼ਵਾਸ਼ ਹੈ ਕਿ ਕਹਾਣੀ ਅੱਜ ਜ਼ਰੂਰ ਪੂਰੀ ਹੋਵੇਗੀ।

○

[ਡਬਲਿਊ-10/37, ਰੇਲਵੇ ਰੋਡ, ਦੋਰਾਹਾ ਮੰਡੀ, ਜ਼ਿਲਾ ਲੁਧਿਆਣਾ-141421]

ਨਵੀਂ ਪੀੜ੍ਹੀ ਦੇ ਹੋਣਹਾਰ ਪੰਜਾਬੀ ਲੇਖਕਾਂ (ਅਤਰਜੀਤ, ਸਾਧੂ ਸਿੰਘ, ਵਰਿਆਮ ਸਿੰਘ ਸੰਧੂ, ਕਿਰਪਾਲ ਕਜ਼ਾਕ, ਸੁਖਵੰਤ ਕੌਰ ਮਾਨ, ਪ੍ਰੇਮ ਗੋਰਖੀ ਆਦਿ) ਦੀਆਂ ਚੋਣਵੀਆਂ ਕਹਾਣੀਆਂ ਦਾ ਸੰਗ੍ਰਹਿ

## ਅੱਜ ਦੇ ਨਾਂ

ਸੰਪਾਦਕ : ਪੁਰਦਮਨ ਸਿੰਘ ਬੇਦੀ ਹਰਜਿੰਦਰ ਸਿੰਘ

ਸਾਈਜ਼ 18 × 22/8, ਸਫ਼ੇ 100, ਮੁੱਲ : ਵੀਹ ਰੁਪਏ

ਸਾਹਿੱਤ ਦੇ ਵਿਦਿਆਰਥੀਆਂ ਲਈ ਅਤਿ ਲਾਭਦਾਇਕ ਪੁਸਤਕ। ਸਾਨੂੰ ਸਿੱਧਾ ਆਰਡਰ ਭੇਜਣ ਵਾਲੇ ਵਿਦਿਆਰਥੀਆਂ ਤੋਂ ਇਕੱਠੀਆਂ ਕਿਤਾਬਾਂ ਖਰੀਦਣ ਤੇ ਅੱਧਾ ਮੁੱਲ ਲਿਆ ਜਾਵੇਗਾ। ਜਾਂ ਆਪਣੇ ਨੇੜੇ ਦੇ ਦੁਕਾਨਦਾਰ ਤੋਂ ਮੰਗੋ

**ਸਾਹਿੱਤ ਕਲਾ ਪ੍ਰਕਾਸ਼ਨ**

1405, ਰਾਮ ਨਗਰ, ਸਿਵਲ ਲਾਈਨਜ਼, ਲੁਧਿਆਣਾ–141001

ਸੁਰਜੀਤ ਗਿੱਲ

# ਕਿਸ਼ਨ ਸਿੰਘ, ਗੁਰਬਾਣੀ ਤੇ ਮਾਰਕਸਵਾਦ

ਵਿਗਿਆਨ ਤੇ ਵਿਚਾਰਵਾਦ ਦਾ ਆਪਸੀ ਵਿਰੋਧ ਹੈ। ਇਹ ਵਿਰੋਧ ਸੋਚਣੀ ਤੋਂ ਅਮਲ ਤੱਕ ਪੁਜਦਾ ਹੈ। ਵਿਚਾਰਵਾਦ ਜਿਹੜਾ ਮਜ਼ਹਬ ਦੇ ਰੂਪ ਵਿਚ ਪ੍ਰਗਟ ਹੁੰਦਾ ਹੈ ਸਦਾ ਹੀ ਵਿਗਿਆਨ ਤੇ ਤਰਕ ਦਾ ਦੁਸ਼ਮਣ ਰਿਹਾ ਹੈ। ਪਰੰਤੂ ਵਿਚਾਰਵਾਦ ਦੀ ਇਹ ਮਜਬੂਰੀ ਹੈ ਕਿ ਉਹ ਸਦਾ ਹੀ ਵਿਗਿਆਨ ਤੇ ਤਰਕ ਸਾਹਮਣੇ ਹਾਰਦਾ ਰਿਹਾ ਹੈ। ਉਹਨੇ ਹਾਰ ਤੋਂ ਬਚਣ ਲਈ ਸਾਰੇ ਢੰਗ ਵਰਤੇ ਹਨ, ਪਹਿਲਾਂ ਵਿਗਿਆਨ ਤੇ ਤਰਕ ਦੀ ਉਤਪਤੀ ਤੇ ਵਿਕਾਸ ਨੂੰ ਰੋਕਿਆ ਹੈ, ਇਹਨਾਂ ਵਿਰੁੱਧ ਵਿਚਾਰਧਾਰਕ ਰੁਕਾਵਟਾਂ ਖੜੀਆਂ ਕੀਤੀਆਂ ਹਨ, ਸਰੀਰਕ ਦਮਨ ਵੀ ਕੀਤਾ ਹੈ। ਪਰੰਤੂ ਕੋਈ ਪੇਸ਼ ਨਾ ਜਾਂਦੀ ਦੇਖ ਕੇ ਇਹਨਾਂ ਨਾਲ ਸਮਝੌਤਾ ਵੀ ਕੀਤਾ ਹੈ ਅਤੇ ਆਪਣੇ ਆਪ ਨੂੰ ਇਹਨਾਂ ਦਾ ਹਾਣੀ ਦੱਸਣ ਦਾ ਯਤਨ ਵੀ ਕੀਤਾ ਹੈ।

ਮਜ਼ਹਬ ਦੀ ਬੁਨਿਆਦ ਵਿਚਾਰਵਾਦ 'ਤੇ ਹੋਣ ਕਾਰਨ ਇਹ ਸਦਾ ਡੋਲਦੀ ਰਹਿੰਦੀ ਹੈ। ਸਮਾਜ ਦੇ ਵਿਕਾਸ ਤੇ ਪਦਾਰਥਕ ਉਨਤੀ ਕਾਰਨ ਇਸ ਦੀਆਂ ਮਨੌਤਾਂ ਸਮੇਂ ਤੋਂ ਪਛੜ ਜਾਂਦੀਆਂ ਹਨ। ਜਿਸ ਕਾਰਨ ਮਨੌਤਾਂ ਨੂੰ ਮੁੜ ਘੜਨ, ਸੋਧਣ ਤੇ ਮੁੜ ਪਰਿਭਾਸ਼ਤ ਕਰਨ ਦੀ ਲੋੜ ਮਹਿਸੂਸ ਹੁੰਦੀ ਹੈ। ਭਾਵ ਇਹ ਕਿ ਮਜ਼ਹਬ ਦੀ ਡੋਲਦੀ ਇਮਾਰਤ ਨੂੰ ਖੜ੍ਹਾ ਰੱਖਣ ਲਈ ਸਮੇਂ ਸਮੇਂ ਪੁਨਰ ਸੁਰਜੀਤੀ ਦੀਆਂ ਲਹਿਰਾਂ ਚਲਾਈਆਂ ਜਾਂਦੀਆਂ ਹਨ। ਇਹ ਲਹਿਰਾਂ ਹਕੀਕਤਾਂ ਨੂੰ ਸਮਝਣ ਤੇ ਗ੍ਰਹਿਣ ਕਰਨ ਦੀ ਥਾਂ ਜਜ਼ਬਿਆਂ ਤੇ ਭਾਵਨਾਵਾਂ ਨੂੰ ਉਭਾਰਨ ਦਾ ਕੰਮ ਕਰਦੀਆਂ ਹਨ। ਇਹਨਾਂ ਲਹਿਰਾਂ ਦੀ ਚੱੜ੍ਹਤ ਸਮੇਂ ਮਜ਼ਹਬ ਤੇ ਫਿਰਕੇ ਦੀ ਚੜ੍ਹਤ ਵੀ ਮਹਿਸੂਸ ਹੁੰਦੀ ਹੈ। ਪਰੰਤੂ ਕੁਝ ਸਮੇਂ ਉਪਰੰਤ ਪਹਿਲਾਂ ਵਾਲਾ ਨਿਘਾਰ ਮੁੜ ਪ੍ਰਤੱਖ ਹੋਣ ਲਗਦਾ ਹੈ, ਕਿਉਂਕਿ ਇਹ ਲਹਿਰਾਂ ਆਧਾਰ ਵਿਚ ਕੋਈ ਤਬਦੀਲੀ ਕਰਨ ਜਾਂ ਨੁਕਸ ਲੱਭਣ ਦੀ ਥਾਂ ਉਸਾਰ ਵੱਲ ਬਹੁਤਾ ਧਿਆਨ ਦਿੰਦੀਆਂ ਹਨ। ਵਿਚਾਰਵਾਦੀ ਆਧਾਰ ਦਾ ਸਮਾਂ ਪਾਕੇ ਪਛੜ ਜਾਣਾ ਅਵਸ਼ਕ ਹੁੰਦਾ ਹੈ।

ਸਿੱਖ ਮਜ਼ਹਬ ਦੇ ਦੂਜਿਆਂ ਮਜ਼ਹਬਾਂ ਤੇ ਫਿਰਕਿਆਂ ਤੋਂ ਨਵਾਂ ਹੋਣ, ਸਮਾਜਕ ਤੇ ਇਤਿਹਾਸਕ ਪਰਿਸਥਿਤੀਆਂ ਦੇ ਅੰਤਰ ਕਾਰਨ ਮੁਕਾਬਲਤਨ ਅਗੇ ਵਧੂ ਹੈ। ਪਰੰਤੂ ਦੂਜੇ ਫਿਰਕਿਆਂ ਦੇ ਮੁਕਾਬਲੇ ਵਿਚ ਇਹ ਅੰਤਰ, ਬਾਹਰਮੁਖੀ ਤੇ ਵਿਵਿਹਾਰਕ ਹੈ। ਇਹ ਅੰਤਰ ਆਧਾਰ ਜਾਂ ਦਾਰਸ਼ਨਿਕ ਬੁਨਿਆਦ ਦਾ ਨਹੀਂ ਹੈ। ਭਾਵ ਸਿੱਖ ਮਜ਼ਹਬ ਦਾ ਆਧਾਰ ਵੀ ਹਿੰਦੂ, ਮੁਸਲਮਾਨ ਤੇ ਇਸਾਈ ਮਜ਼ਹਬ ਵਾਂਗ ਵਿਚਾਰਵਾਦ ਹੀ ਹੈ। ਮਜ਼ਹਬੀ ਵਿਚਾਰਵਾਦ ਤੋਂ ਪ੍ਰਭਾਵਤ ਵਿਦਵਾਨ ਤੇ ਬੁਧੀਜੀਵੀ ਮਜ਼ਹਬ ਦੀ ਇਸ ਬੁਨਿਆਦੀ ਕਮਜ਼ੋਰੀ ਤੋਂ ਜਾਣੂ ਹੁੰਦੇ ਹਨ। ਜਿਥੇ ਬਹੁਤੇ ਵਿਦਵਾਨ ਪੁਨਰ ਸੁਰਜੀਤੀ ਦੀਆਂ ਲਹਿਰਾਂ ਸਮੇਂ ਮਜ਼ਹਬ ਦੇ ਉਸਾਰ

ਤੇ ਵਿਵਿਹਾਰਕ ਪੱਖ 'ਤੇ ਬਹੁਤਾ ਜ਼ੋਰ ਦਿੰਦੇ ਹਨ, ਉਥੇ ਕੁਝ ਵਿਦਵਾਨ ਉਸਦੇ ਆਧਾਰ ਦੀ ਮੁੜ ਵਿਆਖਿਆ ਕਰਕੇ ਉਸਨੂੰ ਨਵਾਂ ਤੇ ਸਮੇਂ ਦਾ ਹਾਣੀ ਬਣਾਉਣ ਦਾ ਯਤਨ ਕਰਦੇ ਹਨ। ਪਰੰਤੂ ਉਹ ਇਸ ਵਿਚ ਸਫਲ ਨਹੀਂ ਹੁੰਦੇ, ਨਾ ਹੀ ਸਫਲ ਹੋ ਸਕਦੇ ਹਨ। ਕਿਉਂਕਿ ਜੇਕਰ ਮਜ਼ਹਬ ਦਾ ਵਿਚਾਰਵਾਦੀ ਆਧਾਰ ਬਦਲ ਦਿੱਤਾ ਜਾਵੇ ਤਾਂ ਉਸ ਉਤੇ ਉਸਰਿਆ ਸਾਰਾ ਅਡੰਬਰ ਹੀ ਢਹਿ ਢੇਰੀ ਹੋ ਜਾਵੇਗਾ। ਇਹ ਕੁਝ ਕਰਨਾ ਕਿਸੇ ਇੱਕੜ ਦੁੱਕੜ ਬੁਧੀਜੀਵੀ ਦੇ ਵੱਸ ਨਹੀਂ ਹੁੰਦਾ। ਪਰੰਤੂ ਉਹ ਇਸ ਆਧਾਰ ਨੂੰ ਅੰਤਰਮੁਖੀ ਅਰਥ ਦੇ ਕੇ, ਉਹਨੂੰ ਸਮੇਂ ਦਾ ਹਾਣੀ ਬਣਾਉਣ ਦਾ ਯਤਨ ਕਰਦਾ ਹੈ। ਇਹ ਯਤਨ ਵਿਵਿਹਾਰਕ ਹੋਂਦ ਦੀ ਥਾਂ ਅਕਾਦਮਿਕ ਹੀ ਹੁੰਦੇ ਹਨ। ਇਹ ਕਿਸੇ ਮਜ਼ਹਬ ਦੀ ਪ੍ਰਚਲਤ ਨੁਹਾਰ ਤੇ ਉਸ ਦੀਆਂ ਮਨੌਤਾਂ ਨੂੰ ਬਹੁਤਾ ਪ੍ਰਭਾਵਤ ਨਹੀਂ ਕਰਦੇ। ਹਕੀਕਤ ਵਿਚ ਇਹ ਕੁਝ ਬੁਧੀਜੀਵੀਆਂ ਦੀ ਦਿਮਾਗੀ ਕਸਰਤ ਕਰਾਉਣ ਤਕ ਹੀ ਸੀਮਤ ਹੁੰਦੇ ਹਨ। ਮਜ਼ਹਬ ਦੇ ਅਸਲ ਪਿਛਲੱਗਾਂ ਨੂੰ ਇਸ ਕਸਰਤ ਨਾਲ ਕੋਈ ਬਹੁਤਾ ਸਰੋਕਾਰ ਨਹੀਂ ਹੁੰਦਾ। ਜਿਸ ਕਾਰਨ ਇਹ ਅਕਾਦਮਿਕ ਬਹਿਸ ਮਜ਼ਹਬ ਦੇ ਕਰਦਾਰ ਉਤੇ ਕੋਈ ਪ੍ਰਭਾਵ ਪਾਉਣੋਂ ਅਸਫਲ ਰਹਿੰਦੀ ਹੈ। ਬਹਿਸ ਵਿਚ ਹਿੱਸਾ ਲੈ ਰਹੇ ਬੁਧੀਜੀਵੀ ਕੇਵਲ ਆਪਣਾ ਝੱਸ ਹੀ ਪੂਰਾ ਕਰਦੇ ਹਨ। ਉਹਨਾਂ ਵਲੋਂ ਮਜ਼ਹਬ ਦੇ ਆਧਾਰ ਦੀ ਕੀਤੀ ਪੁਨਰ ਪਰਿਭਾਸ਼ਾ ਨਾ ਤਾਂ ਮਜ਼ਹਬ ਦੇ ਪੈਰੋਕਾਰਾਂ ਨੂੰ ਕਬੂਲ ਹੁੰਦੀ ਹੈ ਅਤੇ ਨਾ ਹੀ ਉਸਦੇ ਵਿਰੋਧੀਆਂ ਨੂੰ। ਇਸ ਦੇ ਉਲਟ ਇਹ ਦੋਨਾਂ ਧਿਰਾਂ ਦੀ ਨਰਾਜ਼ਗੀ ਸਹੇੜਨ ਦਾ ਕਾਰਨ ਬਣ ਸਕਦੀ ਹੈ। ਦੋਨੋਂ ਹੀ ਪੱਖ ਉਕਤ ਕਿਸਮ ਦੇ ਬੁਧੀਜੀਵੀ ਨੂੰ ਆਪਣਾ ਵਿਰੋਧੀ ਤੇ ਆਪਣੇ ਕਾਜ ਨੂੰ ਨੁਕਸਾਨ ਪੁਚਾਉਣ ਵਾਲਾ ਸਮਝਦੇ ਹਨ। ਮਜ਼ਹਬ ਦੇ ਆਧਾਰ ਨੂੰ ਮੁੜ ਪਰਿਭਾਸ਼ਤ ਕਰਨ ਤੇ ਸਮੇਂ ਦਾ ਹਾਣੀ ਬਣਾਉਣ ਦੇ ਇਹ ਯਤਨ ਪੁਨਰ ਸੁਰਜੀਤੀ ਦੇ ਯਤਨ ਹੀ ਹੋ ਨਿਬੜਦੇ ਹਨ।

ਪਿਛਲੇ ਸਮੇਂ ਵਿਚ ਪੰਜਾਬ ਵਿਚ ਵੀ ਵੱਖੋ ਵੱਖਰੇ ਪੱਖ ਤੋਂ ਕੁਝ ਮਧ ਸ਼੍ਰੇਣਿਕ ਵਿਦਵਾਨਾਂ ਨੇ ਸਿੱਖ ਮਜ਼ਹਬ ਦੇ ਆਧਾਰ ਤੇ ਉਸਾਰ ਨੂੰ ਅਜੋਕੇ ਜਮਾਤੀ ਸੰਘਰਸ਼ ਦੇ ਹੱਕ ਵਿਚ ਭੁਗਤਾਉਣ ਦੇ ਯਤਨ ਕੀਤੇ ਹਨ। ਇਹਨਾਂ ਵਿਦਵਾਨਾਂ ਦੇ ਇਹ ਯਤਨ, ਬੇਸ਼ਕ ਉਹ ਕਿੰਨੀ ਵੀ ਈਮਾਨਦਾਰੀ ਨਾਲ ਕੀਤੇ ਗਏ ਹਨ, ਅਮਲ ਵਿਚ ਮਜ਼ਹਬ ਦੀ ਪੁਨਰ ਸੁਰਜੀਤੀ ਹੀ ਹੋ ਨਿਬੜੇ ਹਨ। ਇਹਨਾਂ ਸਾਰੇ ਯਤਨਾਂ ਵਿਚੋਂ ਸਭ ਤੋਂ ਗੰਭੀਰ ਯਤਨ ਪ੍ਰਿ: ਕਿਸ਼ਨ ਸਿੰਘ ਵਲੋਂ ਕੀਤੇ ਗਏ ਹਨ ਜਿਸ ਨੇ ਗੁਰਬਾਣੀ ਤੋਂ ਲੈ ਕੇ ਸਮੁੱਚੀ ਸਿੱਖ ਲਹਿਰ ਤੇ ਇਤਿਹਾਸ ਦਾ 'ਮਾਰਕਸੀਕਰਣ' ਕਰਨ ਦਾ ਯਤਨ ਕੀਤਾ ਹੈ। ਇਹ ਕੁਝ ਕਰਦਿਆਂ ਉਸਨੇ ਨਾ ਤਾਂ ਸਿਖ ਦਰਸ਼ਨ ਤੇ ਸਿਧਾਂਤ ਦਾ ਪੂਰਨ ਗਿਆਨੀ ਹੋਣ, ਤੇ ਨਾ ਹੀ ਮਾਰਕਸਵਾਦ ਦਾ ਗਿਆਤਾ ਹੋਣ ਦਾ ਸਬੂਤ ਦਿਤਾ ਹੈ। ਦੋਨੋਂ ਹੀ ਦਰਸ਼ਨਾਂ ਤੇ ਸਿਧਾਂਤਾਂ ਬਾਰੇ ਉਹਦੀ ਸਮਝ ਓਪਰੀ ਤੇ ਸਤਹੀ ਹੈ। ਉਹਨੇ ਸਿੱਖ ਦਰਸ਼ਨ ਦੇ ਵਿਚਾਰਵਾਦੀ ਆਧਾਰ ਨੂੰ ਵਿਗਿਆਨਕ ਆਧਾਰ ਸਾਬਤ ਕਰਨ ਲਈ ਮਾਰਕਸਵਾਦ ਨੂੰ ਇਕ ਵਿਚਾਰਵਾਦੀ ਦਰਸ਼ਨ ਤੇ ਸਿਧਾਂਤ ਵਿਚ ਬਦਲ ਦਿਤਾ ਹੈ। ਦੋਨਾਂ ਸਿਧਾਤਾਂ ਨੂੰ ਰੱਲ ਗੱਡ ਕਰਕੇ ਕੀਤਾ ਗੁਦਾਵਾ ਉਹਨੇ ਉਲਝੀ ਹੋਈ ਬੋਲੀ ਤੇ ਸ਼ੈਲੀ ਰਾਹੀਂ ਪੇਸ਼ ਕਰਕੇ ਕੇਵਲ ਸਰਬਪੱਖੀ ਵਿਦਵਾਨ ਹੋਣ ਦੀ ਆਪਣੀ ਹਾਉਮੈਂ ਨੂੰ ਪੱਠੇ ਪਾਏ ਹਨ। ਅਕਾਦਮਿਕ ਯਤਨ ਰਾਹੀਂ ਆਪਣੀ ਦਿਮਾਗੀ ਕਸਰਤ ਹੀ

ਕੀਤੀ ਹੈ। ਪਰੰਤੂ ਸੁਤੇ ਪਏ ਬੱਚੇ ਦਾ ਮੂੰਹ ਚੁੰਮਣ ਵਾਂਗ ਨਾ ਸਿੱਖ ਮਜ਼ਹਬ ਦੇ ਪੈਰੋਕਾਰਾਂ ਨੂੰ ਇਸ ਦਾ ਕੋਈ ਲਾਭ ਹੋਇਆ ਹੈ ਅਤੇ ਨਾ ਹੀ ਅਜੋਕੇ ਜਮਾਤੀ ਸੰਘਰਸ਼ ਵਿਚ ਦਲਿਤ ਧਿਰ ਨੂੰ ਇਹ ਕੋਈ ਵਿਚਾਰਧਾਰਕ ਹਥਿਆਰ ਦੇ ਸਕਣ ਦੇ ਸਮਰੱਥ ਹੋਈ ਹੈ। ਕੁਝ ਹੱਦ ਤਕ ਵਿਚਾਰਧਾਰਕ ਭੰਬਲ ਭੂਸੇ ਦਾ ਕਾਰਨ ਜ਼ਰੂਰ ਬਣੀ ਹੈ। ਪ੍ਰੋ: ਕਿਸ਼ਨ ਸਿੰਘ ਨੇ ਦੋ ਪੁਸਤਕਾਂ 'ਗੁਰਬਾਣੀ ਦਾ ਸੱਚ' ਤੇ 'ਸਿੱਖ ਲਹਿਰ' ਅਤੇ 'ਸੇਧ' ਵਿਚ ਪ੍ਰਕਾਸ਼ਿਤ ਹੋਏ ਢੇਰ ਸਾਰੇ ਲੇਖਾਂ ਰਾਹੀਂ ਉਪਰੋਕਤ ਕਾਰਜ ਕੀਤਾ ਹੈ। ਆਪਣੀ ਪਹਿਲੀ ਪੁਸਤਕ 'ਗੁਰਬਾਣੀ ਦਾ ਸੱਚ' ਵਿਚ ਗੁਰਬਾਣੀ ਦੀ ਜਿਹੜੀ ਵਿਆਖਿਆ ਉਹਨੇ ਕੀਤੀ ਹੈ। ਜਿਹੜੀਆਂ ਸਥਾਪਨਾਵਾਂ ਉਹਨੇ ਪੇਸ਼ ਕੀਤੀਆਂ ਹਨ ਭਾਵ ਜਿਹੜਾ ਆਧਾਰ ਉਹਨੇ ਸਿਰਜਿਆ ਹੈ, ਅੱਗੇ ਚੱਲ ਕੇ ਸਿੱਖ ਲਹਿਰ ਵਿਚ ਇਸੇ ਆਧਾਰ ਤੇ ਉਸਾਰ ਕੀਤਾ ਹੈ ਭਾਵ ਗੁਰਬਾਣੀ ਦੀ ਕੀਤੀ ਆਪਣੀ ਵਿਆਖਿਆ ਅਨੁਸਾਰ ਹੀ 'ਸਿੱਖ ਲਹਿਰ' ਦਾ ਨਿਰਣਾ ਕੀਤਾ ਹੈ। ਇਸ ਲਈ ਪ੍ਰੋਫੈਸਰ ਸਾਹਿਬ ਦੇ ਸਮੁਚੇ ਯਤਨਾਂ ਨੂੰ ਨਿਰਖਣ ਲਈ ਉਹਦੇ ਵਲੋਂ ਆਪਣੀ ਪੁਸਤਕ 'ਗੁਰਬਾਣੀ ਦਾ ਸੱਚ' ਵਿਚ ਪੇਸ਼ ਕੀਤੇ ਸਿਧਾਂਤ ਤੇ ਮਨੌਤਾਂ ਨੂੰ ਪਰਖਣਾ ਜ਼ਰੂਰੀ ਹੈ। ਅਸੀਂ ਇਥੇ ਕੇਵਲ ਉਕਤ ਪੁਸਤਕ ਦੇ ਲੇਖਾਂ ਦਾ ਜਾਇਜ਼ਾ ਹੀ ਲਵਾਂਗੇ। ਇਸ ਗੱਲ 'ਤੇ ਕਿਸੇ ਨੂੰ ਕੋਈ ਕਿੰਤੂ ਨਹੀਂ ਹੋ ਸਕਦਾ ਕਿ ਮੱਧਕਾਲ ਵਿਚ ਸਮਾਜਕ ਚੇਤਨਾ ਦਾ ਰੂਪ ਮਜ਼ਹਬੀ ਸੀ ਗੁਰਬਾਣੀ ਦੇ ਸਮਾਜਕ ਮਨੁਖੀ ਰੋਲ ਦੀ ਸਮਝ ਵੀ ਏਸੇ ਢੰਗ ਨਾਲ ਆ ਸਕਦੀ ਹੈ। ਇਹ ਗੱਲ ਜਿਥੋਂ ਤਕ ਮਜ਼ਹਬ ਦੇ ਉਸਾਰ ਜਾਂ ਵਿਵਿਹਾਰਕ ਪੱਖ 'ਤੇ ਲਾਗੂ ਹੁੰਦੀ ਹੈ, ਦਰੁਸਤ ਹੈ। ਪਰੰਤੂ ਜਦੋਂ ਇਸ ਦੇ ਦਾਰਸ਼ਨਿਕ ਆਧਾਰ ਦੀ ਗੱਲ ਆਉਂਦੀ ਹੈ ਤਾਂ ਸਿਧਾਂਤਕ ਤੇ ਦਾਰਸ਼ਨਿਕ ਵਿਵਾਦ ਖੜ੍ਹਾ ਹੁੰਦਾ ਹੈ। ਪ੍ਰੋਫੈਸਰ ਕਿਸ਼ਨ ਸਿੰਘ ਦਾ ਕਹਿਣਾ ਹੈ 'ਗੁਰਬਾਣੀ ਦਾ ਨਾਇਕ ਰੱਬ ਹੈ। ਰੱਬ ਦੇ ਮਨੁਖੀ ਸਰੂਪ ਹਨ, ਸਤਿਗੁਰੂ, ਸੰਤ, ਭਗਤ ਤੇ ਗੁਰਮੁਖ। ਰੂਪ ਦੀ ਪੱਧਰ ਤੇ ਰੱਬ ਕਰਤਾ ਪੁਰਖ ਆਪਣੇ ਆਪ ਤੋਂ ਪੈਦਾ ਹੁੰਦਾ ਆਉਂਦਾ ਹੈ। ਸਰਬ ਪ੍ਰਵੇਸ਼ਕ, ਸਰਬ ਸ਼ਕਤੀਮਾਨ, ਚੇਤੰਨ ਨਾ ਜੰਮਣ ਨਾ ਮਰਨ ਵਿਚ ਪੈਣ ਵਾਲਾ ਇਕ ਸਦਾ ਰਹਿਣ ਵਾਲਾ ਸੱਚ ਹੈ, ਅਸਲੀਅਤ ਹੈ। ਰੱਬ ਇਕ ਸੰਕਲਪ ਹੈ। ਗੁਰਬਾਣੀ ਮੁਤਾਬਕ ਗਲ ਤੁਰਦੀ ਹੀ ਰੱਬ ਤੋਂ ਹੈ। ਪਰੰਤੂ ਜਦੋਂ ਪ੍ਰੋ: ਕਿਸ਼ਨ ਸਿੰਘ ਇਹ ਅਰਥ ਦਿੰਦਾ ਹੈ, ਦੂਜੇ ਲਫਜ਼ਾਂ ਵਿਚ ਰੱਬ ਦੇ ਚਿਤਰ ਦੀ ਵਸਤੂ ਲੋਕ ਹਿਤ ਹੈ, ਲੋਕ ਹਿਤੀ ਕੀਮਤਾਂ ਹਨ ਤਾਂ ਉਹ ਇਸ ਦੇ ਅੰਤਰਮੁਖੀ ਅਰਥ ਕਢਦਾ ਹੈ। ਦਾਰਸ਼ਨਿਕ ਪੱਧਰ ਤੇ ਰੱਬ ਦਾ ਸੰਕਲਪ ਵਿਚਾਰਵਾਦੀ ਹੈ। ਇਸ ਦੀ ਉਪਜ ਸਮਾਜਕ ਲੋੜ ਤੇ ਸਮਾਜ ਦੇ ਵਿਕਾਸ ਦੀ ਖਾਸ ਪਧਰ ਤੇ ਹੋਈ ਹੈ। ਰੱਬ ਦੀ ਖੋਜ ਨੇ ਜਿਥੇ ਇਕ ਸਮੇਂ ਦੀਆਂ ਸਮਾਜਕ ਨੈਤਿਕ ਤੇ ਮਾਨਸਕ ਲੋੜਾਂ ਦੀ ਪੂਰਤੀ ਕੀਤੀ ਹੈ, ਉਥੇ ਵਿਅਕਤੀ ਨੂੰ ਕੁਦਰਤ ਤੇ ਹਕੀਕਤ ਨਾਲੋਂ ਤੋੜ ਕੇ ਨਿਰੋਲ ਖਿਆਲ, ਮਿੱਥ, ਵਿਚਾਰਵਾਦ ਨਾਲ ਜੋੜਿਆ ਹੈ। ਰੱਬ ਦੇ ਸੰਕਲਪ ਨੂੰ ਜਿਥੇ ਨਿਆਕਾਰੀ, ਸਰਬਸਾਂਝਾ, ਬਖਸ਼ਣਹਾਰ, ਬੱਦੀ ਦਾ ਵਿਰੋਧੀ ਪੇਸ਼ ਕੀਤਾ ਗਿਆ ਹੈ। ਉਥੇ ਕਿਸਨੇ ਅਮਲ ਵਿਚ ਸਦਾ ਹੀ ਕਾਬਜ਼ ਜਮਾਤਾਂ, ਜਾਇਦਾਦ ਦੇ ਮਾਲਕਾਂ ਦਾ ਪੱਖ ਪੂਰਿਆ ਹੈ। ਇਸ ਨੂੰ ਜਮਾਤੀ ਹਿਤਾਂ ਦੇ ਰਖਿਅਕ ਵਜੋਂ ਰਾਜ (State) ਦੇ ਅੰਗ ਦੇ ਰੂਪ ਵਿਚ ਵਰਤਿਆ ਗਿਆ ਹੈ। ਇਹ ਇਕ

ਮਜ਼ਹਬ ਅੰਦਰ ਜਮਾਤੀ ਤਫਰਕੇ ਤੇ,ਇਕ ਮਜ਼ਹਬ ਵਲੋਂ ਦੂਜੇ ਉਤੇ ਗਲਬੇ ਸਮੇਂ ਨਿਓਟਿਆਂ ਦੀ ਓਟ ਕੇਵਲ ਮਾਨਸਿਕ ਤੌਰ ਤੇ ਹੀ ਰਿਹਾ ਹੈ। ਇਸ ਤਰ੍ਹਾਂ ਜਾਬਰ ਤੇ ਜਬਰ ਸਹਿਣ ਵਿਚਾਲੇ ਰੱਬ ਨਿਰਪੱਖ ਜਾਂ ਦੋਨਾਂ ਦੀ ਓਟ ਰਿਹਾ ਹੈ। ਇਸ ਲਈ ਰੱਬ ਦੇ ਸੰਕਲਪ ਨੂੰ ਕੇਵਲ ਬੱਦੀ ਵਿਰੋਧੀ ਕਹਿਣਾ ਹਕੀਕਤ ਨੂੰ ਜਾਣ ਬੁਝਕੇ ਆਪਣੇ ਹੱਕ ਵਿਚ ਭੁਗਤਾਉਣਾ ਹੈ।

ਪ੍ਰੋਫੈਸਰ ਕਿਸ਼ਨ ਸਿੰਘ ਅਨੁਸਾਰ ਗੁਰਬਾਣੀ ਵਿਚਲੇ ਰੱਬ ਦਾ ਲੋਕਮਿਤੀ ਜੁਸਾ ਸਪਸ਼ਟ ਹੈ। ਇਸ ਦੇ ਵਿਰੋਧੀ ਹੋਂਦ ਹੈ ਮਾਇਆ ਦੇ ਉਸਦੇ ਸਾਰੇ ਰੂਪ ਹਉਮੈ, ਕਾਮ, ਕਰੋਧ, ਮੋਹ, ਹੰਕਾਰ ਮਤਲਬ ਮਨੁੱਖੀ ਰਿਸ਼ਤੇ ਮਜ਼ਹਬੀ ਸਮਾਜਕ ਸੰਸਥਾਵਾਂ...ਭਾਵ ਸਮੁੱਚੀ ਕਲਚਰ ਤੇ ਰਸਮ ਰਵਾਜ ਆਉਂਦੇ ਹਨ। ਗੁਰਬਾਣੀ ਅਨੁਸਾਰ ਦੋ ਹੀ ਜੀਵਨ ਢੰਗ ਹਨ। ਇਕ ਨਿਜੀ ਜਾਇਦਾਦ ਇਕੱਠੀ ਕਰਨ, ਦੌਲਤ ਜੋੜਨ ਦਾ ਲੋਕਾਂ ਦਾ ਸੋਸ਼ਨ ਕਰਨ ਦਾ, ਦੂਜਾ ਨਾਮ ਦਾ ਰਾਹ ਜਿਹੜਾ ਰੱਬ ਨੂੰ ਪ੍ਰਵਾਨ ਹੈ। ਇਹ ਦੋਨੋਂ ਵਿਰੋਧੀ ਜੀਵਨ ਢੰਗ ਦੋ ਨਜ਼ਾਮ ਹਨ। ਗੁਰਬਾਣੀ ਮਾਇਆ ਦੇ ਨਿਜ਼ਾਮ ਨੂੰ ਪੂਰਨ ਤੌਰ ਤੇ ਖਤਮ ਕਰਨ ਦੇ ਹੱਕ ਵਿਚ ਹੈ। ਉਸਦੀ ਥਾਂ ਵਿਰੋਧੀ ਜੀਵਨ ਢੰਗ ਸਥਾਪਤ ਕਰਨ ਦੇ ਹੱਕ ਵਿਚ ਹੈ। ਇਸ ਤਰ੍ਹਾਂ ਕਿਸ਼ਨ ਸਿੰਘ ਜਿਥੇ ਗੁਰਬਾਣੀ ਨੂੰ ਜਮਾਤੀ ਫਲਸਫ਼ੇ ਵਜੋਂ ਪੇਸ਼ ਕਰਦਾ ਹੈ। ਅਤੇ ਉਸਨੂੰ ਮਾਰਕਸਵਾਦ ਵਾਂਗ ਇਕ ਵਿਗਿਆਨ ਵਜੋਂ ਪੇਸ਼ ਕਰਦਾ ਹੈ। ਉਥੇ ਉਹ ਗੁਰਬਾਣੀ ਵਿਚਲੇ ਗੁਰਮੁਖ ਨੂੰ ਜਮਾਤੀ ਤੌਰ ਤੇ ਚੇਤਨ, ਤੇਜਮਈ ਸੰਘਰਸ਼ ਦੇ ਅਗਵਾਨੂੰ ਭਾਵ ਇਕ ਮਾਡਲ ਕਮਿਊਨਿਸਟ ਵਜੋਂ ਪੇਸ਼ ਕਰਦਾ ਹੈ। ਇਸ ਦੇ ਨਾਲ ਹੀ ਉਹ ਇਸ ਸਿਧਾਂਤ ਨੂੰ ਆਪਣੇ ਤਕ ਹੀ ਸੀਮਤ ਨਹੀਂ ਰੱਖਦਾ ਬਲਕਿ ਪੰਜਾਬ ਦੇ ਮਾਰਕਸਵਾਦੀਆਂ ਨੂੰ ਤਾੜਨਾ ਕਰਦਾ ਹੈ। ਕਿ ਉਹ ਉਸਦੇ ਗੁਰਬਾਣੀ ਦੇ ਅਰਥਾਂ ਨੂੰ ਕਬੂਲ ਕਰਕੇ 'ਵਿਦੇਸ਼ੀ ਮਾਰਕਸਵਾਦ' ਦੀ ਥਾਂ ਉਸ ਵੱਲੋਂ ਤਿਆਰ ਕੀਤੇ ਸ਼ੁੱਧ ਸਿਧਾਂਤ ਨੂੰ ਗ੍ਰਹਿਣ ਕਰਨ।

ਪ੍ਰੋਫੈਸਰ ਕਿਸ਼ਨ ਸਿੰਘ ਵਲੋਂ ਕੀਤੀ ਗੁਰਬਾਣੀ ਦੀ ਉਕਤ ਵਿਆਖਿਆ ਮਨਘੜਤ ਹੈ। ਇਹ ਕਿਸੇ ਵਿਦਵਾਨ ਦਾ ਨਿੱਜੀ ਮਸਲਾ ਨਹੀਂ ਕਿ ਉਹ ਕਿਸੇ ਦਰਸ਼ਨ ਜਾਂ ਸਿਧਾਂਤ ਦੇ ਆਪਣੀ ਮਨਮਰਜ਼ੀ ਦੇ ਅੱਰਥ ਕੱਢੇ। ਦੂਜੇ ਕਿਸੇ ਵੀ ਦਰਸ਼ਨ ਜਾਂ ਸਿਧਾਂਤ ਦੀ ਪਰਖ਼ ਕਸਵੱਟੀ ਉਹਦਾ ਅਮਲ ਹੈ। ਜਿਹੜਾ ਦਰਸ਼ਨ ਤੇ ਸਿਧਾਂਤ ਅਮਲ ਵਿਚ ਲਾਗੂ ਕਰਨਾ ਸੰਭਵ ਹੋਵੇ ਜਾਂ ਅਮਲ ਉਸਦੇ ਮੁਤਾਬਿਕ ਨਾ ਹੋਵੇ ਉਹ ਸਿਧਾਂਤ ਕਿੰਨੇ ਵੀ ਉਚੇ ਆਦਰਸ਼ਾਂ ਦਾ ਦਾਅਵਾ ਕਰਦਾ ਹੋਵੇ ਉਹ ਅਵੱਸ਼ ਬੁਧੀਜੀਵੀਆਂ ਤੇ ਪੁਸਤਕਾਂ ਦੇ ਪੰਨਿਆਂ ਤਕ ਹੀ ਸੀਮਤ ਰਹਿ ਜਾਵੇਗਾ। ਜੇਕਰ ਕਿਸ਼ਨ ਸਿੰਘ ਵਲੋਂ ਕੀਤੀ ਉਕਤ ਵਿਆਖਿਆ ਨੂੰ ਦਰੁਸਤ ਮੰਨ ਲਈਏ ਤਾਂ ਹੁਣ ਤਕ ਜਮਾਤੀ ਸਮਾਜ ਖਤਮ ਹੋ ਕੇ ਭਾਵ ਮਾਇਆ ਦਾ ਜੀਵਨ ਢੰਗ ਢਹਿ ਢੇਰੀ ਹੋਕੇ ਰੱਬ ਦੀ ਰਜ਼ਾ ਵਾਲਾ ਸਾਂਝੀਵਾਲਤਾ ਦਾ ਸਮਾਜ ਉਸਰ ਜਾਣਾ ਚਾਹੀਦਾ ਸੀ। ਕਿਉਂਕਿ ਕਿਸੇ ਵਿਚਾਰਧਾਰਾ ਦੇ ਉਪਜਣ ਉਪਰੰਤ ਉਸ ਨੂੰ ਸਥੂਲ ਰੂਪ ਧਾਰਦਿਆਂ ਕਈ ਸਦੀਆਂ ਨਹੀਂ ਲਗਦੀਆਂ।

ਕਿਸ਼ਨ ਸਿੰਘ ਆਪ ਪ੍ਰਵਾਨ ਕਰਦਾ ਹੈ ਕਿ ਪਦਾਰਥਕ ਪਰਿਸਥਿਤੀਆਂ ਵਿਚਾਰਧਾਰਾ ਨੂੰ ਨਿਰਧਾਰਤ ਕਰਦੀਆਂ ਹਨ। ਕੋਈ ਵਿਚਾਰਧਾਰਾ ਪੈਦਾ ਹੀ ਉਦੋਂ ਹੁੰਦੀ ਹੈ, ਜਦੋਂ ਪਦਾਰਥਕ ਤੇ ਸਮਾਜਕ ਪਰਿਸਥਿਤੀਆਂ ਨੂੰ ਉਸਦੀ ਲੋੜ ਹੁੰਦੀ ਹੈ। ਜੇਕਰ ਗੁਰਬਾਣੀ

ਅਜਿਹੀਆਂ ਪਰਿਸਥਿਤੀਆਂ ਵਿਚੋਂ ਜਨਮੀ ਸੀ ਤਾਂ ਹੁਣ ਤਕ ਮਾਇਆ ਦਾ ਨਿਜ਼ਾਮ ਖਤਮ ਕਿਉਂ ਨਹੀਂ ਹੋਇਆ। ਵਿਗਿਆਨਕ ਸੋਚ ਅਨੁਸਾਰ ਅਜਿਹਾ ਹੋ ਸਕਣਾ ਹੀ ਸੰਭਵ ਨਹੀਂ ਸੀ। ਕਿਉਂਕਿ ਗੁਰਬਾਣੀ ਜਮਾਤੀ ਵਿਗਿਆਨ ਨਹੀਂ ਸੀ। ਇਹ ਆਪਣੇ ਸਮੇਂ ਤਕ ਵਿਕਸਿਤ ਹੋ ਚੁਕੇ ਵਿਚਾਰਵਾਦ ਉਤੇ ਉਸਰਿਆ ਇਕ ਮਜ਼ਹਬੀ ਸਿਧਾਂਤ ਸੀ। ਜਿਸ ਦੀ ਨੁਹਾਰ ਕੌਮੀ ਸੀ। ਇਸ ਨੂੰ ਸਿੱਖ ਲਹਿਰ ਨੇ ਕੌਮੀ ਮੁਕਤੀ ਦੇ ਸੰਘਰਸ਼ ਵਿਚ ਵਰਤਿਆ ਤੇ ਇਕ ਪੰਜਾਬੀ ਸਭਿਆਚਾਰ ਸਿਰਜਿਆ। ਪਰੰਤੂ ਇਸ ਦੀਆਂ ਆਪਣੀਆਂ ਸੀਮਾਵਾਂ ਸਨ। ਇਸ ਦੀ ਟੀਸੀ ਸਿੱਖ ਰਾਜ ਦੀ ਕਾਇਮੀ ਸੀ। ਜਿਹੜਾ ਕਈ ਸਿਫਤਾਂ ਤੇ ਵਖਰੇਵਿਆਂ ਦੇ ਬਾਵਜੂਦ ਇਕ ਜਮਾਤੀ ਰਾਜ ਸੀ। ਗੁਰਬਾਣੀ ਵਿਚਲਾ 'ਗੁਰਮੁਖ' ਤੇ 'ਮਾਇਆ ਰਹਿਤ' ਸਮਾਜ ਦਾ ਸੰਕਲਪ ਇਕ ਯੂਟੋਪੀਆ ਸੀ। ਯੂਟੋਪੀਆ ਕਦੇ ਹਕੀਕਤ ਨਹੀਂ ਹੁੰਦਾ।

ਮਾਰਕਸਵਾਦ ਇਕ ਵਿਗਿਆਨਕ ਦਰਸ਼ਨ ਹੈ। ਇਸ ਦਾ ਇਕ ਅੰਗ ਇਤਹਾਸਕ ਤੇ ਭੌਤਿਕਵਾਦੀ ਵਿਰੋਧ ਵਿਕਾਸ਼ ਹੈ। ਜਿਸ ਦੇ ਅਰਥ ਹਨ ਇਤਿਹਾਸ ਨੂੰ ਉਸ ਵਿਚਲੇ ਪਦਾਰਥਕ ਜੀਵਨ ਨੂੰ ਵਿਰੋਧ ਵਿਕਾਸੀ ਢੰਗ ਨਾਲ ਘੋਖਣਾ। ਇਹੋ ਅਸੂਲ ਕਿਸੇ ਦਰਸ਼ਨ ਜਾਂ ਸਿਧਾਂਤ ਨੂੰ ਪਰਖਣ ਉਤੇ ਲਾਗੂ ਹੁੰਦਾ ਹੈ। ਗੁਰਬਾਣੀ ਵਿਚਲਾ ਰੱਬ ਇਕ ਅਮੂਰਤ ਸੰਕਲਪ ਹੈ। ਇਕ ਮਿੱਥ ਹੈ। ਸਭ ਕੁਝ ਕਰਨਾ ਕਰਾਉਣਾ ਉਸਦੇ ਆਪਣੇ ਹੱਥ ਹੈ। ਉਸਦੇ ਹੁਕਮ ਬਿਨਾਂ ਪਤਾ ਨਹੀਂ ਝੂਲਦਾ। ਉਸ ਦੀ ਹਸਤੀ ਤੇ ਕਿਸੇ ਕਿੰਤੂ, ਸ਼ੰਕੇ ਜਾਂ ਤਰਕ ਦੀ ਗੁੰਜਾਇਸ਼ ਨਹੀਂ ਹੈ। ਇਥੋਂ ਤਕ ਕਿ ਉਸਦੀ ਪਰਾਪਤੀ ਜਾਂ ਉਸ ਤਕ ਪੁਜਣ ਲਈ ਨਾਮ ਜਪਣਾ ਵੀ ਵਿਅਕਤੀ ਦੇ ਆਪਣੇ ਬੱਸ ਨਹੀਂ ਹੈ। ਇਸ ਲਈ ਵੀ ਉਸਦੀ ਕਿਰਪਾ ਚਾਹੀਦੀ ਹੈ ਤਾਂ ਹੀ ਉਸਦਾ ਨਾਮ ਜਪਿਆ ਜਾ ਸਕਦਾ ਹੈ। ਗੁਰਬਾਣੀ ਇਕ ਭਾਗਵਾਦੀ ਫਲਸਫਾ ਹੈ। ਜਿਹੜਾ ਨਿਰਣੈ ਤਾਂ ਕਰਦਾ ਹੈ, ਜਮਾਤੀ ਵਿਰੋਧਾਂ ਦੀ ਹੋਂਦ ਨੂੰ ਮੰਨਦਾ ਹੈ। ਸਮਾਜ ਅੰਦਰ ਕਾਣੀ ਵੰਡ ਤੇ ਊਚ ਨੀਚ ਨੂੰ ਸਵੀਕਾਰਦਾ ਹੈ। ਪਰੰਤੂ ਇਸ ਦਾ ਕਾਰਨ ਸੰਪਤੀ ਦੀ ਕਾਣੀ ਵੰਡ ਨਹੀਂ ਕਹਿੰਦਾ। ਬਲਕਿ ਵਿਅਕਤੀ ਦੇ ਆਪਣੇ ਪੂਰਬਲੇ ਕਰਮਾਂ ਦਾ ਫਲ ਦਸਦਾ ਹੈ। ਇਸ ਜਨਮ ਵਿਚ ਆਪਣੀ ਜੂਨ ਸੁਧਾਰਨ ਦਾ ਕੋਈ ਰਾਹ ਨਹੀਂ ਦਸਦਾ। ਇਸਦੇ ਉਲਟ ਮਾਰਕਸਵਾਦ ਸਮਾਜ ਦੇ ਵਿਕਾਸ ਦਾ ਇਤਿਹਾਸ ਵਾਚ ਕੇ ਦਸਦਾ ਹੈ ਕਿ ਜਮਾਤੀ ਵੰਡ ਨਿਜੀ ਜਾਇਦਾਦ ਦੀ ਉਤਪਤੀ ਨਾਲ ਆਰੰਭ ਹੋਈ ਹੈ। ਸਮਾਜ ਵਿਕਾਸ ਦਾ ਇਤਿਹਾਸ ਜਮਾਤੀ ਸੰਘਰਸ਼ਾਂ ਦਾ ਇਤਿਹਾਸ ਹੈ। ਜਮਾਤਾਂ ਦੇ ਖਾਤਮੇ ਤੇ ਸਾਂਝੀਵਾਲਤਾ ਦੀ ਕਾਇਮੀ ਲਈ ਨਿਜੀ ਜਾਇਦਾਦ ਦਾ ਖਾਤਮਾ ਜ਼ਰੂਰੀ ਹੈ। ਇਹ ਕੰਮ 'ਗੁਰਮੁਖ' ਨਹੀਂ ਬਲਕਿ ਜਮਾਤੀ ਫਲਸਫੇ ਤੋਂ ਜਾਣੂੰ ਵਿਗਿਆਨਕ ਸੋਚ ਦਾ ਧਾਰਨੀ 'ਮਾਰਕਸਵਾਦੀ' ਕਰੇਗਾ। ਇਸ ਲਈ ਅਜ ਲੋੜ ਹੈ, ਕਿ ਹਰ ਚੇਤਨ ਵਿਅਕਤੀ ਮਾਰਕਸਵਾਦ ਦਾ ਚਿੰਤਨ ਕਰੇ ਪਰੰਤੂ ਉਹਨੂੰ ਇਕ ਮੰਤਰ ਵਜੋਂ ਨਾ ਰਟੇ। ਮਾਰਕਸਵਾਦ ਇਕ ਅਮਲੀ ਫਲਸਫ਼ਾ ਤੇ ਵਿਗਿਆਨ ਹੈ। ਇਸ ਦੀ ਪਰਖ ਕਸਵਟੀ ਅਮਲ ਹੈ। ਇਹ ਅਮਲ ਮਾਰਕਸੀ ਪਾਰਟੀਆਂ ਦੇ ਝੰਡੇ ਥਲੇ ਜਨਤਕ ਸੰਘਰਸ਼ਾਂ ਵਿਚ ਕੁਦ ਕੇ ਕੀਤਾ ਜਾਂਦਾ ਹੈ। ਉਥੇ ਹੀ ਮਾਰਕਸੀ ਗਿਆਨ ਦੀ ਅਸਲੀ ਪਰਖ ਹੁੰਦੀ ਹੈ। ਇਹ ਕੁਝ ਉਸ ਪਰੋਫੈਸਰ ਵਾਂਗ ਨਹੀਂ ਹੋ ਸਕਦਾ, ਜਿਸਨੇ ਮਾਰਕਸਵਾਦ ਦੇ ਨਾਂ ਤੇ ਢੇਰ ਸਾਰੇ ਕਾਗਜ਼ ਤਾਂ ਕਾਲੇ ਕੀਤੇ ਹਨ

ਪਰ ਅਮਲ ਵਿਚ ਕਦੇ ਟੀਚਰ ਯੂਨੀਅਨ ਦਾ ਮੈਂਬਰ ਨਹੀਂ ਬਣਿਆ। ਹੋਰ ਸੰਘਰਸ਼ ਵਿਚ ਹਿਸਾ ਲੈਣ ਦੀ ਤਾਂ ਗਲ ਹੀ ਛਡੋ।

ਮਾਰਕਸਵਾਦ ਤੇ ਵਿਚਾਰਵਾਦ ਦੋ ਵਿਰੋਧੀ ਧਿਰਾਂ ਹਨ। ਇਹਨਾਂ ਦਾ ਸੁਮੇਲ ਨਹੀਂ ਕੀਤਾ ਜਾ ਸਕਦਾ। ਇਸ ਲਈ ਪ੍ਰੋਫੈਸਰ ਕਿਸ਼ਨ ਸਿੰਘ ਵਲੋਂ ਗੁਰਬਾਣੀ ਨੂੰ ਮਾਰਕਸਵਾਦ ਬਨਾਉਣ ਦਾ ਯਤਨ ਨਿਰਾਰਥਕ ਹੈ। ਇਸ ਨਾਲ ਮਾਰਕਸਵਾਦ ਦਾ ਕੁਝ ਨਹੀਂ ਸੰਵਰ ਸਕਦਾ। ਉਲਟਾ ਵਿਚਾਰਵਾਦੀ ਇਸ ਗੱਲ ਨੂੰ ਆਪਣੇ ਹੱਕ ਵਿਚ ਤੇ ਮਾਰਕਸਵਾਦ ਦੇ ਵਿਰੋਧ ਵਿਚ ਵਰਤ ਸਕਦੇ ਹਨ। ਉਹ ਕਹਿ ਸਕਦੇ ਹਨ, ਜਦੋਂ ਸਾਡੀ ਆਪਣੀ ਗੁਰਬਾਣੀ ਇਨਕਲਾਬੀ ਹੈ। ਸਮੇਂ ਦੇ ਸੱਚ ਦੇ ਹੱਕ ਵਿਚ ਖੜੋਂਦੀ ਹੈ। ਫਿਰ ਇਸੇ ਨੂੰ ਜਪਣ ਦੀ ਲੋੜ ਹੈ। ਫਿਰ ਓਪਰੇ ਸਿਧਾਂਤਾਂ ਤੋਂ ਕੀ ਲੈਣਾ ਹੈ। ਪੁਰਾਣੇ ਵਿਚਾਰਵਾਦੀ ਸਿਧਾਂਤਾਂ ਨੂੰ ਨਵੇਂ ਅਰਥ ਦੇ ਕੇ ਉਹਨਾਂ ਦੀ ਗੁਆਚ ਚੁਕੀ ਮਹਿਮਾ ਨੂੰ ਬਹਾਲ ਕਰਨਾ ਸੁਰਜੀਵੀਵਾਦ ਹੈ।

ਪ੍ਰੋਫੈਸਰ ਕਿਸ਼ਨ ਸਿੰਘ 'ਗੁਰਬਾਣੀ ਦੇ ਸੱਚ' ਵਿਚ ਇਹੋ ਕੁਝ ਕਰਦਾ ਹੈ। ਪਰੰਤੂ ਕਿਸ਼ਨ ਸਿੰਘ ਦੀ ਸਮੁਚੀ ਘਾਲਣਾ ਵਿਚ ਮਾਰਕਸਵਾਦੀਆਂ ਲਈ ਇਕ ਸਬਕ ਜ਼ਰੂਰ ਨਿਕਲਦਾ ਹੈ, ਉਹ ਹੈ, ਮਾਰਕਸਵਾਦ ਦੇ ਬਾਹਰਮੁਖੀ ਕਟੜ ਪੰਥੀ ਤੇ ਉਪਰੇ ਚਿੰਤਨ ਦੀ ਥਾਂ ਇਸ ਨੂੰ ਆਪਣੇ ਸਮਾਜ ਸਭਿਆਚਾਰ ਤੇ ਆਰਥਕਤਾ ਦੀ ਡੂੰਘੀ ਪੁਣਛਾਣ ਕਰਕੇ ਉਸ ਉਤੇ ਲਾਗੂ ਕਰਨਾ। ਪ੍ਰੋਫੈਸਰ ਕਿਸ਼ਨ ਸਿੰਘ ਦਾ ਸੁਝਾਅ ਬਹੁਤ ਜ਼ੋਰਦਾਰ ਹੈ ਤੇ ਕਾਬਲੇ ਕਬੂਲ ਹੈ।

[ਪਿੰਡ ਤੇ ਡਾਕਘਰ ਘੋਲੀਆਂ ਕਲਾਂ, ਤਸੀਲ ਮੋਗਾ, ਜ਼ਿਲ੍ਹਾ ਫ਼ਰੀਦਕੋਟ]


ਪਾਕਿਸਤਾਨ ਦੇ ਪ੍ਰਸਿੱਧ ਪੰਜਾਬੀ ਲੇਖਕ ਤੇ ਵਿਦਵਾਨ ਆਲੋਚਕ ਨਜਮ ਹੁਸੈਨ ਸੱਯਦ ਦੇ ਸਾਰੇ ਦੇ ਸਾਰੇ ਲੇਖ ਇਕੋ ਪੁਸਤਕ ਵਿਚ। ਸਾਹਿੱਤ ਦੇ ਵਿਦਿਆਰਥੀਆਂ ਲਈ ਬੜੀ ਲਾਭਦਾਇਕ ਪੁਸਤਕ

## ਸੇਧਾਂ ਸਾਰਾਂ ਤੇ ਹੋਰ ਲੇਖ

ਸੰਪਾਦਕ

**ਰਘਬੀਰ ਸਿੰਘ ਪੁਰਦਮਨ ਸਿੰਘ ਬੇਦੀ**

ਪੁਸਤਕ ਦੇ ਸ਼ੁਰੂ ਵਿਚ ਪ੍ਰਸਿੱਧ ਪੰਜਾਬੀ ਆਲੋਚਕ ਡਾ. ਤੇਜਵੰਤ ਸਿੰਘ ਗਿੱਲ ਦੀ ਭੂਮਿਕਾ 'ਨਜਮ ਹੁਸੈਨ ਸੱਯਦ ਦਾ ਆਲੋਚਨਾਤਮਕ ਅਮਲ' ਅਤੇ ਹੋਰ ਵਿਦਵਾਨਾਂ ਦੀਆਂ ਰਾਵਾਂ ਦਿੱਤੀਆਂ ਗਈਆਂ ਹਨ।

ਸਾਈਜ਼ 23×36/16 ਮੁੱਲ : 50/- ਡੀਲਕਸ ਸੰਸਕਰਣ

ਵਿਦਿਆਰਥੀਆਂ ਲਈ 30/- ਤੇ ਡਾਕ ਖਰਚ ਵੀ ਅਸੀਂ ਲਾਵਾਂਗੇ। ਇਕੱਠੀਆਂ ਕਾਪੀਆਂ ਮੰਗਵਾਉਣ ਤੇ ਹੋਰ ਵੀ ਰਿਆਇਤ ਦਿਤੀ ਜਾਵੇਗੀ।

**ਸਾਹਿੱਤ ਕਲਾ ਪ੍ਰਕਾਸ਼ਨ**

1405, ਰਾਮ ਨਗਰ, ਸਿਵਲ ਲਾਈਨਜ਼, ਲੁਧਿਆਣਾ-141001.

ਭੂਸ਼ਨ

# ਤੀਵੀਂ ਬਨਾਮ ਸਾਹਿੱਤ

ਸਭ ਤੋਂ ਵੱਧ ਸਾਹਿੱਤ ਬਾਰੇ ਲਿਖਿਆ ਗਿਆ ਹੈ ਪਰ ਸਾਹਿੱਤਕਾਰਾਂ ਵਿਚ ਤੀਵੀਆਂ ਦੀ ਗਿਣਤੀ ਬਹੁਤ ਘੱਟ ਹੈ। ਕਿਹਾ ਜਾਂਦਾ ਹੈ ਕਿ ਤੀਵੀਆਂ ਬਹੁਤ ਘੱਟ ਸਾਹਿੱਤ ਪੜ੍ਹਦੀਆਂ ਹਨ, ਜਾਂ ਘੱਟੋ ਘੱਟ ਉੱਤਮ ਸਾਹਿੱਤ ਉਹਨਾਂ ਦੇ ਪੱਲੇ ਨਹੀਂ ਪੈਂਦਾ। ਤੀਵੀਆਂ ਬਾਰੇ ਲਤੀਫ਼ੇ ਬਹੁਤ ਹਨ ਅਤੇ ਸਭ ਤੋਂ ਵੱਡਾ ਲਤੀਫ਼ਾ ਇਹ ਕਿ ਤੀਵੀਂ ਲਤੀਫ਼ਾ ਸੁਣਕੇ ਪੁਛੇਗੀ : 'ਗਾਂਹ ਕੀ ਹੋਇਆ ?'

ਮੇਰਾ ਖ਼ਿਆਲ ਹੈ ਕਿ ਨਾਰੀ-ਨਿੰਦਾ-ਪੁਰਾਣ ਦਾ ਸੰਪੂਰਣ ਪਾਠ ਕਰਨ ਦੀ ਏਥੇ ਲੋੜ ਨਹੀਂ ਕਿਉਂਕਿ ਸਾਹਿੱਤ ਦੇ ਸਾਧਾਰਣ ਪਾਠਕ ਵੀ ਇਸ ਸਨਾਤਨੀ ਵੇਰਵੇ ਤੋਂ ਵਾਕਿਫ਼ ਹਨ। ਸਾਡੇ ਮੁਹਾਵਰੇ, ਅਖਾਣ, ਗਾਲ੍ਹਾਂ, ਲੋਕ ਗੀਤ ਤੇ ਦੰਤ-ਕਥਾਵਾਂ ਤੀਵੀਂ ਦੀ ਬਦਖੋਹੀ ਨਾਲ ਭਰੀਆਂ ਪਈਆਂ ਹਨ। ਵਿਅੰਗ ਦਾ ਸਥਾਈ ਸ਼ਿਕਾਰ ਤੀਵੀਂ ਹੁਣ ਤਕ ਹੈ। ਤੀਵੀਂ ਨੂੰ ਲੜਾਈ ਝਗੜੇ ਦੀ ਜੜ੍ਹ ਕਿਹਾ ਜਾਂਦਾ ਹੈ ਕਿ ਤੀਵੀਂ ਜ਼ਬਾਨ ਤੇ ਕਾਬੂ ਨਹੀਂ ਰੱਖ ਸਕਦੀ। ਨਿੰਦਿਆ ਚੁਗਲੀ ਲਈ ਵੀ ਇਹੋ 'ਜਾਤੀ' ਪ੍ਰਸਿੱਧ ਹੈ।

'ਸਤੀ' ਦੀ ਰਸਮ ਤੋਂ ਲੈਕੇ 'ਸਟੋਵ' ਦੀ ਰਸਮ ਤੀਕ ਨਾਰੀ ਦਾ ਵਿਸਥਾਰ ਹੈ। ਸੁਧਾਰਕ ਆਏ, ਲਹਿਰਾਂ ਚੱਲੀਆਂ, ਜਲੂਸ ਨਿਕਲੇ ਤੇ ਹੁਣ ਵਿਸ਼ਵ-ਭਰ ਵਿਚ ਨਾਰੀ-ਮੁਕਤੀ-ਅੰਦੋਲਨ ਸਰਗਰਮ ਹੈ। ਸਮੱਸਿਆ ਰਵਾਇਤੀ ਹੈ, ਆਧੁਨਿਕ ਵੀ। ਹਰ ਆਦਮੀ ਦਾ ਅਕਸਰ ਇਸ ਸਮੱਸਿਆ ਨਾਲ ਵਾਹ ਪੈਂਦਾ ਆ ਰਿਹਾ ਹੈ। ਇਹ ਵੱਖਰੀ ਗੱਲ ਹੈ ਕਿ ਕੋਈ ਪਰਵਾਹ ਕਰਦਾ ਹੈ, ਕੋਈ ਨਹੀਂ।

ਸਮੱਸਿਆ ਕਠੋਰ ਹੈ, ਵਿਸ਼ਾ ਨਾਜ਼ੁਕ ਹੈ। ਅਸੀਂ ਸਿਰਫ਼ ਇਹ ਵਿਚਾਰ ਕਰਨੀ ਹੈ ਕਿ :

(ੳ) ਸਭ ਤੋਂ ਵੱਧ ਸਾਹਿੱਤ ਤੀਵੀਂ ਬਾਰੇ ਹੀ ਕਿਉਂ ਲਿਖਿਆ ਗਿਆ ਤੇ ਲਿਖਿਆ ਜਾ ਰਿਹਾ ਹੈ ?

(ਅ) ਸਾਹਿੱਤਕਾਰਾਂ ਵਿਚ ਤੀਵੀਆਂ ਦੀ ਘੱਟ ਗਿਣਤੀ ਕਿਉਂ ਹੈ ?

(ੲ) ਤੀਵੀਂ ਸਾਹਿੱਤ ਤੋਂ ਬੇਮੁਖ ਕਿਉਂ ਹੈ ਅਰਥਾਤ ਉੱਤਮ ਸਾਹਿੱਤ ਦੀ ਗੰਭੀਰ ਪਾਠਕ ਕਿਉਂ ਨਹੀਂ ?

ਇਹ ਤਿੰਨੇ ਪ੍ਰਸ਼ਨ ਸੁਤੰਤਰ ਹਨ ਤੇ ਅੰਤਰ-ਸੰਬੰਧਿਤ ਵੀ। ਗੱਲ-ਬਾਤ ਦਾ ਮੁਖ ਘੇਰਾ ਇਹੋ ਰਹੇਗਾ ਪਰ ਜੇ ਕੋਈ ਗੱਲਾਂ 'ਚੋਂ ਗੱਲ ਨਿਕਲੀ ਤਾਂ ਟਿੱਪਣੀ ਕਰਨ ਦੀ ਮਨਾਹੀ ਨਹੀਂ ਹੋਵੇਗੀ।

**ਸਾਹਿੱਤ ਦਾ ਆਧਾਰ ਤੇ ਵਿਸਤਾਰ :**

ਤੀਵੀਂ ਦਾ ਇੱਕ ਰੂਪ ਹੈ 'ਮਾਂ'। ਹਰ ਲੇਖਕ ਦੀ ਮਾਂ ਹੁੰਦੀ ਹੈ। ਇਹ ਰਿਸ਼ਤਾ

ਕੁਦਰਤੀ ਹੈ ਅਤੇ ਕੁਦਰਤ ਦਾ ਕ੍ਰਿਸ਼ਮਾ ਸਮਝੋ ਕਿ ਇਹ ਰਿਸ਼ਤਾ ਅਜੇ ਤੀਕ ਸਭ ਤੋਂ ਵੱਧ ਕੁਦਰਤੀ ਹੈ। ਮਨੁਖ ਨੇ ਹਰ, ਜਨਮ ਤੇ ਜੀਵਨ ਦੇਣ ਵਾਲੀ, ਵਸਤ ਨੂੰ ਮਾਂ ਕਹਿ ਕੇ ਵਡਿਆਇਆ ਹੈ। ਧਰਤੀ ਨੂੰ ਮਾਂ ਕਿਹਾ ਹੈ, ਰਾਸ਼ਟਰ ਨੂੰ ਮਾਂ ਕਿਹਾ ਹੈ, ਭਾਸ਼ਾ ਨੂੰ ਮਾਂ ਕਿਹਾ ਹੈ, ਸ਼ਕਤੀ ਨੂੰ ਮਾਂ ਕਿਹਾ ਹੈ, ਗਾਂ ਨੂੰ ਮਾਂ ਕਿਹਾ ਹੈ। ਕੁਦਰਤ ਰਵਾਇਤ ਬਣ ਗਈ ਤੇ ਰਵਾਇਤ ਸਾਹਿੱਤ ਬਣ ਗਿਆ। ਸਥੂਲ 'ਮਾਂ' ਦਾ ਸਤਿਕਾਰ ਕਰੇ ਭਾਵੇਂ ਨਾ, ਸੂਖ਼ਮ 'ਮਾਂ' ਦੀ ਕੋਈ ਸਹੁੰ ਨਹੀਂ ਖਾਂਦਾ। ਮਾਂ ਦਾ ਅਰਥ-ਵਿਸਤਾਰ ਹੋ ਚੁਕਾ ਹੈ। ਇਹ ਰੱਬ ਵਰਗਾ ਸੰਕਲਪ ਹੈ ਅਤੇ ਰੱਬ ਵਾਂਗ ਹੀ ਵਿਆਪਕ ਹੈ। ਮਾਂ ਐਸੀ ਧਰਤੀ ਹੈ ਜਿਸਦੀ ਹਿੱਕ ਉਤੇ 'ਦੁਧ ਦੇ ਬਿਰਖ' ਉਗਦੇ ਹਨ। ਸੂਰਦਾਸ ਦੀ ਯਸ਼ੋਧਾ ਸਾਡੇ ਸਾਹਿੱਤ-ਸ਼ਾਸਤਰੀਆਂ ਦੇ ਨੌਂ ਰਸਾਂ ਤੋਂ ਨਿਰਲੇਪ ਰਹੀ ਤਾਂ 'ਵਾਤਸੱਲਯ ਰਸ' ਹੋਂਦ ਵਿਚ ਆਇਆ। ਮੋਹਨ ਸਿੰਘ ਨੂੰ ਮਾਂ ਵਰਗਾ ਘਣਛਾਵਾਂ ਬੂਟਾ ਨਜ਼ਰ ਨਹੀਂ ਆਉਂਦਾ। ਸ਼ਿਵ ਕਹਿੰਦਾ ਹੈ : ਮਾਂ ਤਾਂ ਹੁੰਦੀ ਹੈ ਛਾਂ, ਛਾਂ ਕਦੇ ਘਸਦੀ ਤੇ ਨਾ। 'ਰਾਹੀ' ਦਾ ਕਹਿਣਾ ਹੈ ਕਿ ਇਸਦੀ ਪੂਜਾ ਰੱਬ ਦੀ ਪੂਜਾ, ਰੱਬ ਦੀ ਵੀ ਕੋਈ ਮਾਂ ਹੋਵੇਗੀ।...ਮੁਕਦੀ ਗੱਲ ਕਿ ਉਸਨੂੰ ਕੋਈ 'ਮੰਦਾ' ਨਹੀਂ ਆਖ ਸਕਦਾ ਜਿਸਨੇ 'ਰਾਜਾਨ ਜਨਮੇ' ਹਨ।...

ਤੀਵੀਂ ਲੱਖ ਗੁਣਵਾਨ ਹੋਵੇ ਪਰ ਉਹ ਸਤਿਕਾਰ ਦੀ ਪਾਤਰ ਮਾਂ ਬਣਨ ਤੋਂ ਬਾਅਦ ਹੀ ਬਣਦੀ ਹੈ। ਮਾਂ ਬਣਨ ਲਈ ਉਹਨੂੰ ਮਰਦ ਦੀ ਲੋੜ ਹੈ ਅਤੇ ਜਿਹੜਾ ਮਰਦ ਔਰਤ ਨੂੰ ਮਾਂ ਨਹੀਂ ਬਣਾ ਸਕਦਾ ਉਸਨੂੰ ਨਾਮਰਦ ਕਿਹਾ ਜਾਂਦਾ ਹੈ। ਇਹ ਅਮਲ ਆਦਮ ਦੇ ਵਕਤਾਂ ਤੋਂ ਹੋਂਦ ਵਿਚ ਹੈ। ਤੇ ਨਾਰੀ ਦੇ ਮਾਂ ਰੂਪ ਦਾ ਹੀ ਚਮਤਕਾਰ ਹੈ ਕਿ ਧਰਤੀ ਤੋਂ ਮਨੁਖ ਦਾ ਬੀਜ-ਨਾਸ ਨਹੀਂ ਹੋਇਆ।

ਦੁਨੀਆਂ ਦੀ ਅੱਧੀ ਵਸੋਂ ਤੀਵੀਆਂ ਦੀ ਹੈ। ਹਰ ਤੀਵੀਂ ਵਕਤ ਆਉਣ ਤੇ ਮਾਂ ਬਣਨਾ ਚਾਹੁੰਦੀ ਹੈ, ਪਰ 'ਮਰਦ' ਜੰਮਣਾ ਚਾਹੁੰਦੀ ਹੈ। ਪਲੇਠੀ ਦੀ ਕੁੜੀ ਜੰਮ ਪਵੇ ਤਾਂ ਸਰੀਹਾਂ ਦੇ ਪੱਤੇ ਸੁੱਕ ਜਾਂਦੇ ਹਨ। ਪੁਤਰ ਤੋਂ ਪਿਛੋਂ ਧੀ ਜੰਮੇ ਤਾਂ 'ਵੀਰ ਦੀ ਖਡਾਵੀ' ਵਜੋਂ ਸਵੀਕਾਰ ਕਰ ਲਈ ਜਾਂਦੀ ਹੈ। ਮਾਂ ਪੁਤ ਲਈ ਹੀ ਨਹੀਂ, ਭੈਣ ਵੀ ਵੀਰ ਲਈ ਸਹਿਕਦੀ ਰਹਿੰਦੀ ਹੈ : ਇੱਕ ਵੀਰ ਦਈਂ ਵੇ ਰੱਬਾ, ਸਹੁੰ ਖਾਣ ਨੂੰ ਬੜਾ ਚਿੱਤ ਕਰਦਾ। ਫੇਰ ਇੱਕ ਨਾਲ ਵੀ ਉਹਦਾ ਸਰਦਾ ਨਹੀਂ ਜਾਪਦਾ : ਦੋ ਵੀਰ ਦਈ ਵੇ ਰੱਬਾ, ਨਿੱਕਾ ਮੁਣਸ਼ੀ ਵੱਡਾ ਪਟਵਾਰੀ। ਸੱਤਾਂ ਭਰਾਵਾਂ ਦੀ ਭੈਣ ਆਪਣੇ ਸਹੁਰੇ ਘਰ ਇਸ ਫਿਕਰੇ ਨਾਲ ਰੋਅਬ ਪਾਉਂਦੀ ਹੈ : ਸੱਤਾਂ ਭਰਾਵਾਂ ਦੀ ਇੱਕ ਭੈਣ ਹਾਂ। ਗਰਾਹੀ ਗਰਾਹੀ ਵੀ ਦੇਣ ਤਾਂ ਮੇਰਾ ਢਿੱਡ ਭਰ ਜਾਇਗਾ।...ਇਹ ਲਾਟਰੀ 'ਚ ਮਿਲੇ ਰਿਸ਼ਤੇ ਮਰਦ ਦੀ ਲੋੜ ਹਨ। ਇਹਨਾਂ ਬਾਰੇ ਲਿਖਕੇ ਉਹ ਸਮਾਜ ਦੀ ਨਜ਼ਰ ਵਿਚ ਇੱਜ਼ਤਦਾਰ ਬਣਦਾ ਹੈ। ਉਸਦੀ ਹਉਂ ਨੂੰ ਪੱਠੇ ਪੈਂਦੇ ਹਨ। ਹਰ ਲੇਖਕ ਨੂੰ ਆਪਣੀ ਮਾਂ ਭੈਣ ਚੋਂ ਆਪਣੇ ਬਚਪਨ ਦੀ ਸੁਰੱਖਿਅਤਾ ਨਜ਼ਰ ਆਉਂਦੀ ਹੈ। ਬਚਪਨ ਦੀਆਂ ਯਾਦਾਂ ਆਦਮੀ (ਭਾਵੇਂ ਉਹ ਲੇਖਕ ਹੀ ਕਿਉਂ ਨਾ ਹੋਵੇ) ਦਾ ਕਦੇ ਪਿੱਛਾ ਨਹੀਂ ਛਡਦੀਆਂ। ਇੰਜ ਸਾਹਿਤ ਦੀ ਤਾਣੀ ਨੂੰ ਮੁਢਲੀਆਂ ਤੰਦਾਂ ਮਿਲਦੀਆਂ ਹਨ। ਬਹੁਤੀ ਵਾਰ ਲੇਖਕ ਬੁਢਾਪੇ ਤੀਕ ਬਚਪਨ-ਮੁਖੀ ਰਹਿੰਦਾ ਹੈ। ਇਕ ਹੇਰਵਾ ਤੇ ਵਿਗੋਚਾ ਉਸਨੂੰ ਮਾਂ-ਭੈਣ ਦਾ ਜ਼ਿਕਰ ਕਰਨ ਲਈ ਲਗਾਤਾਰ

ਉਕਸਾਉਂਦਾ ਰਹਿੰਦਾ ਹੈ। ਮਮਤਾ, ਨਿਸ਼ਕਪਟਤਾ, ਲਾਡ-ਪਿਆਰ, ਅਲਗਰਜ਼ੀ, ਅਣ-ਗਹਿਲੀ, ਖ਼ਿਮਾ ਵਰਗੇ ਸੰਕਲਪ ਉਸਨੂੰ ਤੀਵੀਂ ਬਾਰੇ ਲਿਖਣ ਲਈ ਪ੍ਰੇਰਦੇ ਰਹਿੰਦੇ ਹਨ।

ਹੌਲੀ ਹੌਲੀ ਬੱਚਾ, ਦੂਜਿਆਂ ਦੀ ਨਜ਼ਰ ਵਿਚ, ਜਵਾਨ ਹੋ ਜਾਂਦਾ ਹੈ। ਉਸਨੂੰ ਇੱਕ ਵੱਖਰੀ ਕਿਸਮ ਦੀ ਤੀਵੀਂ ਦੀ ਲੋੜ ਮਹਿਸੂਸ ਹੋਣ ਲੱਗਦੀ ਹੈ। ਕੁਝ ਉਹ ਦੂਜਿਆਂ ਦੇ ਕਹੇ-ਸੁਣੇ ਜਾਂ ਪੜ੍ਹੇ-ਪੜ੍ਹਾਏ ਸੰਕਲਪਾਂ ਦਾ ਸ਼ਿਕਾਰ ਹੁੰਦਾ ਹੈ। ਸਰੀਰ, ਸਰੀਰ ਮੰਗਦਾ ਹੈ। ਅਤ੍ਰਿਪਤੀ 'ਚੋਂ ਸਾਹਿੱਤ ਪੈਦਾ ਹੁੰਦਾ ਹੈ। ਹੁਣ ਉਹ ਆਪਣੀ ਮਰਜ਼ੀ ਦੀ ਲਾਟਰੀ ਆਪਣੇ ਨਾਂ ਕਰਨਾ ਚਾਹੁੰਦਾ ਹੈ। ਤਰਲੋ-ਮੱਛੀ ਹੁੰਦਾ ਹੈ। ਗੀਤ ਗਾਉਂਦਾ ਹੈ, ਕਹਾਣੀਆਂ ਲਿਖਦਾ ਹੈ, ਨਾਟਕ ਰਚਦਾ ਹੈ। ਬਹੁਤੇ, ਉਭਰ ਰਹੇ ਜਾਂ ਸੰਭਾਵਨਾਵਾਂ-ਭਰਪੂਰ, ਸਾਹਿੱਤਕਾਰ ਇਸੇ ਮਰਜ਼ ਦੇ ਸ਼ਿਕਾਰ ਹੁੰਦੇ ਹਨ। ਮਿਲਾਪ ਦਾ ਅਨੁਭਵ, ਉਡੀਕ ਦਾ ਅਨੁਭਵ, ਵਿਛੋੜੇ ਦਾ ਅਨੁਭਵ, ਕਲਪਨਾ ਦਾ ਅਨੁਭਵ, ਪਿਆਰ ਦਾ ਅਨੁਭਵ, ਬੇ-ਰੁਖੀ ਦਾ ਅਨੁਭਵ। ਝੂਠ, ਸੱਚ, ਲਾਰੇ-ਲੱਪੇ, ਲਾਲਚ, ਵਾਅਦੇ, ਕੁਰਬਾਨੀ...। ਸਿਰਜਣਾ ਦੀ ਜ਼ਮੀਨ ਨੂੰ ਵਿਸ਼ੇ ਮਿਲਦੇ ਰਹਿੰਦੇ ਹਨ; ਖ਼ੁਰਾਕ ਮਿਲਦੀ ਰਹਿੰਦੀ ਹੈ। ਕਲਮ ਚੱਲਦੀ ਰਹਿੰਦੀ ਹੈ। ਤੀਵੀਂ ਜ਼ਿਕਰ ਵਿਚ ਰਹਿੰਦੀ ਹੈ।

ਮਰਦ ਦਾ ਵਿਆਹ ਹੁੰਦਾ ਹੈ। ਨਵੇਂ ਰਿਸ਼ਤਿਆਂ ਦੇ ਨਾਲ ਨਾਲ ਉਹਨੂੰ ਨਵਾਂ ਸਮਾਨ ਵੀ ਮਿਲਦਾ ਹੈ। ਸਮਾਨ ਵਿਚ ਤੀਵੀਂ ਵੀ ਮਿਲਦੀ ਹੈ। ਹੁਣ ਉਹ ਨਿੱਕਾ ਜਿਹਾ ਡਿਕਟੇਟਰ ਬਣ ਜਾਂਦਾ ਹੈ। ਜਿੱਤ ਦਾ ਅਹਿਸਾਸ ਉਹਨੂੰ ਕਈ ਖ਼ੁਸ਼ਫਹਿਮੀਆਂ ਤੇ ਗਲਤ-ਫਹਿਮੀਆਂ ਦੇਂਦਾ ਹੈ। ਕਿੰਨਾ ਕਿੰਨਾ ਵਕਤ ਉਹ ਡੁਬਿਆ ਰਹਿੰਦਾ ਹੈ, ਸਿਰਫ ਸਾਹ ਲੈਣ ਲਈ ਬਾਹਰ ਦੀ ਹਵਾ ਵਿਚ ਥੋੜੀ ਦੇਰ ਵਿਚਰਦਾ ਹੈ, ਮੁੜ ਡੁਬ ਜਾਂਦਾ ਹੈ। ਇਹ ਅਜਨਬੀ ਅਨੁਭਵ ਉਸ ਲਈ ਜਦੋਂ ਪਾਲਤੂ ਹੋ ਜਾਂਦਾ ਹੈ ਤਾਂ ਭਰਮ ਟੁੱਟਣ ਵਰਗੀ ਹਾਲਤ ਹੁੰਦੀ ਹੈ। ਕਲਮ ਮੁੜ ਹਰਕਤ ਵਿਚ ਆਉਂਦੀ ਹੈ। ਬੂਰ ਦੇ ਲੱਡੂਆਂ ਬਾਰੇ ਬਹੁਤ ਕੁਝ ਲਿਖਿਆ ਗਿਆ ਹੈ/ਲਿਖਿਆ ਜਾ ਰਿਹਾ ਹੈ।

ਪਿਆਰ ਸਫਲ ਹੋ ਗਿਆ ਤਾਂ ਸਮਝੋ ਵਿਆਹ ਹੋ ਗਿਆ। ਪਿਆਰ ਵਿਆਹ ਹੋ ਗਿਆ ਤਾਂ ਆਦਮੀ ਦੀ ਉਮਰ ਦੋ ਹਿੱਸਿਆਂ ਵਿਚ ਵੰਡੀ ਗਈ। ਪਿਆਰ ਵਾਲੀ ਤਵੱਕੋ ਉਹ ਵਿਆਹ ਕੋਲੋਂ ਵੀ ਰੱਖੇਗਾ। ਪਿਆਰ ਦਾ ਤੇ ਵਿਆਹ ਦਾ ਤੁਲਨਾਤਮਿਕ ਅਧਿਐਨ ਕਰਦਾ ਰਹੇਗਾ। ਹੈਰਾਨ ਹੋਇਗਾ। ਪਰੇਸ਼ਾਨ ਹੋਇਗਾ। ਔਰਤ ਬਾਰੇ ਲਿਖੇਗਾ।

ਪਿਆਰ ਅਸਫਲ ਰਿਹਾ ਤਾਂ ਬਿਰਹਾ ਦੀ ਸਦਾ-ਬਹਾਰ ਪ੍ਰੇਰਣਾ ਉਹਦੀ ਕਲਮ ਨੂੰ ਤੀਵੀਂ ਵੱਲ ਰੁਚਿਤ ਰੱਖੇਗੀ। ਪਤਨੀ ਮਰ ਗਈ ਤਾਂ ਉਹ ਮੋਹਨ ਸਿੰਘ ਬਣ ਜਾਏਗਾ। ਕਾਮ ਦੇਵਤਾ ਦੀ ਮਿਹਰ ਨਾਲ ਸਰਸਵਤੀ ਦੇਵੀ ਦੇ ਭੰਡਾਰੇ ਭਰਪੂਰ ਹੋਈ ਜਾਂਦੇ ਹਨ।

ਵਿਆਹ ਅਸਫਲ ਰਿਹਾ ਤਾਂ ਤੀਵੀਂ ਦੀ ਸ਼ਾਮਤ : ਵਿਆਹ ਸਫ਼ਲ ਰਿਹਾ ਤਾ 'ਪਤਨੀ ਕੇ ਰਹਿਤੇ ਭੀ ਪ੍ਰੇਮਿਕਾ ਕੀ ਆਵੱਸ਼ਯਕਤਾ ਰਹਿਤੀ ਹੈ।'

ਇਹ ਪ੍ਰੇਮਿਕਾ ਅਜੀਬ ਸ਼ੈਅ ਹੈ, ਜਿਸਦੀ ਭਾਲ ਵਿਚ ਮਨੁਖ ਸਦਾ ਭਟਕਦਾ ਰਹਿੰਦਾ ਹੈ। ਨੱਚਦਾ, ਗਾਉਂਦਾ, ਵਾਹੁੰਦਾ, ਵਜਾਉਂਦਾ ਰਹਿੰਦਾ ਹੈ। ਲਿਖਦਾ ਰਹਿੰਦਾ ਹੈ। ਪ੍ਰੇਮਿਕਾ ਦਾ ਇਹ ਆਦਿ-ਜੁਗਾਦੀ ਰੂਪ ਉਸਨੂੰ ਏਨਾ ਚੰਗਾ ਲੱਗਦਾ ਹੈ ਕਿ ਉਹ ਸੂਫ਼ੀਆਨਾ ਅੰਦਾਜ਼

ਵਿਚ ਕਿਸੇ ਅਦਿੱਖ ਰਾਂਝਣ ਦੀ ਹੀਰ ਬਣ ਜਾਂਦਾ ਹੈ। ਕਲਮ ਦਾ ਰੁਖ ਅਧਿਆਤਮਕ ਹੋਵੇ ਤਾਂ ਬੰਦਾ 'ਰੱਬ ਦੀ ਰੰਨ' ਬਣਨ ਤਕ ਜਾਂਦਾ ਹੈ। ਕਦੇ ਮਿਜ਼ਾਜੀ ਤੇ ਕਦੇ ਹਕੀਕੀ ਦੇ ਵਿਸ਼ੇਸ਼ਣਾਂ ਹੇਠ ਮਰਦ ਤੀਵੀਂ ਦੀ ਲੀਲ੍ਹਾ ਰਚਦਾ ਹੈ, ਦੇਖਦਾ ਹੈ, ਲਿਖਦਾ ਹੈ।

ਸਾਹਿੱਤ ਵਿਚ ਭਾਵੇਂ ਤੀਵੀਂ ਦਾ ਮਜ਼ਾਕ ਉਡਾਇਆ ਗਿਆ ਜਾਂ ਵਕਾਲਤ ਕੀਤੀ ਗਈ ਇਹ ਉਡਾਉਣ ਜਾਂ ਕਰਨ ਵਾਲਾ ਕੋਈ ਨਾ ਕੋਈ ਮਰਦ ਹੀ ਸੀ। ਜ਼ਖ਼ਮ ਕਰਨ ਦੇ ਬਹਾਨੇ ਜਾਂ ਫੇਹੇ ਧਰਨ ਦੇ ਬਹਾਨੇ ਮਰਦ ਹਮੇਸ਼ਾ ਤੀਵੀਂ ਦੇ 'ਅੰਗ-ਸੰਗ' ਰਿਹਾ ਹੈ। ਨਖ-ਸ਼ਿਖ ਵਰਣਨ ਕੀਤਾ ਹੈ। ਸ਼ਿੰਗਾਰ ਰਸ ਦਾ ਦਾਰੋਮਦਾਰ ਹੀ ਤੀਵੀਂ 'ਤੇ ਹੈ। ਕਿਤੇ ਮਰਦ ਤੀਵੀਂ ਦਾ ਸ਼ਿਕਾਰ ਹੋ ਕੇ ਤੜਪ ਰਿਹਾ ਹੈ। ਕਿਤੇ ਮਰਦ ਤੀਵੀਂ ਦਾ ਸ਼ਿਕਾਰ ਕਰਨ ਦੀਆਂ ਵਿਉਂਤਾਂ ਗੁੰਦ ਰਿਹਾ ਹੈ। ਕੋਈ ਉਹਨੂੰ ਰਾਹ ਦਾ ਰੋੜਾ ਸਮਝ ਰਿਹਾ ਹੈ। ਕੋਈ ਉਹਨੂੰ ਰਾਹ ਦੀ ਰੌਸ਼ਨੀ ਆਖ ਰਿਹਾ ਹੈ। ਕਈਆਂ ਨੂੰ ਮੰਜ਼ਿਲ ਤਕ ਪੁਚਾਉਣ ਵਾਲੀ, ਤੀਵੀਂ ਹੈ। ਕਈਆਂ ਦੀ ਮੰਜ਼ਿਲ ਹੀ ਤੀਵੀਂ ਹੈ। ਸੌਂਦਰਯ ਅਤੇ ਸੌਂਦਰਯ-ਬੋਧ ਤੀਵੀਂ ਤੋਂ ਬਿਨਾਂ ਸੰਭਵ ਹੀ ਨਹੀਂ।

ਇਸ ਤੋਂ ਇਲਾਵਾ ਵੀ ਨਾਰੀ-ਵਰਣਨ ਦੇ ਬੜੇ ਪੱਖ ਹਨ, ਮਸਲਨ : ਬਲਾਤਕਾਰ, ਦਹੇਜ ਦੀ ਬਲੀ, ਤਲਾਕ, ਬਾਲ ਵਿਆਹ, ਵਿਧਵਾ ਵਿਆਹ, ਵੇਸਵਾ-ਗਮਨ। ਕਾਮ-ਸ਼ਾਸਤਰ ਅਤੇ ਤ੍ਰਿਆ ਚਰਿੱਤਰ, ਆਪਣੇ ਆਪਣੇ ਢੰਗ ਨਾਲ, ਕਿਸ਼ਤਾਂ ਵਿਚ ਦੁਹਰਾਏ ਜਾ ਰਹੇ ਹਨ। ਕਿਹਾ ਜਾ ਸਕਦਾ ਹੈ ਕਿ ਸਾਹਿੱਤ ਜਾਂ ਤਾਂ ਤੀਵੀਂ ਦੇ ਖਿਲਾਫ਼ ਹੈ, ਜਾਂ ਹੱਕ ਵਿਚ ਹੈ। ਤੀਵੀਂ ਮਨਫ਼ੀ ਕਰ ਦਿਉ, ਸਾਹਿੱਤ ਮਨਫ਼ੀ ਹੋ ਜਾਇਗਾ। ਤਾਂ ਤੇ ਮੰਨ ਲਈਏ ਕਿ ਤੀਵੀਂ ਹੀ ਸਾਹਿੱਤ ਦਾ ਆਧਾਰ ਅਤੇ ਵਿਸਤਾਰ ਹੈ।

ਅਸੀਂ ਵੇਖਦੇ ਹਾਂ ਕਿ ਮਰਦ, ਤੀਵੀਆਂ ਬਾਰੇ ਲਿਖਦੇ ਹਨ ਅਤੇ ਤੀਵੀਆਂ ਬਾਰੇ ਹੀ ਲਿਖਦੇ ਹਨ। ਇਹ ਵਿਰੋਧੀ-ਲਿੰਗ ਦੀ ਖਿੱਚ ਹੈ। ਲੋੜ ਹੈ। ਇਸ 'ਚੋਂ ਉਸਨੂੰ ਤਸੱਲੀ ਮਿਲਦੀ ਹੈ। ਮਨ ਹੌਲਾ ਹੁੰਦਾ ਹੈ। ਨਮੋਸ਼ੀ ਨੂੰ ਕੱਜਣ ਮਿਲਦਾ ਹੈ। ਅਪ੍ਰਾਪਤੀ ਵਿਚ ਪ੍ਰਾਪਤੀ ਦਾ ਭੁਲੇਖਾ ਜਨਮ ਲੈਂਦਾ ਹੈ।

ਤੇ ਹੁਣ ਗੱਲ ਆਉਂਦੀ ਹੈ ਕਿ ਸਾਹਿੱਤ ਦਾ ਸਭ ਤੋਂ ਵੱਧ ਮਹੱਤਵਪੂਰਣ ਵਿਸ਼ਾ ਹੋਣ ਦੇ ਬਾਵਜੂਦ ਤੀਵੀਆਂ ਖੁਦ ਲੇਖਕ ਕਿਉਂ ਨਹੀਂ ਬਣਦੀਆਂ। ਨਾਰੀ-ਲੇਖਕਾਂ ਦੀ ਗਿਣਤੀ ਨਾ ਹੋਣ ਦੇ ਬਰਾਬਰ ਕਿਉਂ ਹੈ ? ਉਹ ਸਾਹਿੱਤ ਵਲੋਂ ਬੇਮੁਖ ਕਿਉਂ ਹਨ ?

**ਰਚਨਾ-ਪ੍ਰਕਿਰਿਆ : ਸੂਖ਼ਮ/ਸਥੂਲ ਕਿਰਿਆ :**

ਤੀਵੀਂ ਸਾਹਿੱਤਕਾਰ ਪੈਦਾ ਕਰਦੀ ਹੈ।

ਕੀ ਜ਼ਰੂਰੀ ਹੈ ਕਿ ਉਹ ਸਾਹਿੱਤ ਵੀ ਪੈਦਾ ਕਰੇ ?

ਸਾਹਿੱਤ-ਰਚਨਾ ਕਰਤਾਰੀ ਅਮਲ ਹੈ। ਵਿਅਕਤੀ ਅਭਿਵਿਅਕਤੀ ਚਾਹੁੰਦਾ ਹੈ। ਅਭਿਵਿਅਕਤੀ ਦੇ ਮਾਧਿਅਮ ਅਲੱਗ/ਅਲੱਗ ਹਨ। 'ਗੱਲ' ਕਹੀ ਜਾਂਦੀ ਹੈ, ਅੰਦਰਲਾ ਸ਼ਾਂਤ ਹੋ ਜਾਂਦਾ ਹੈ, ਲਿਖਣ ਦੀ ਲੋੜ ਮਹਿਸੂਸ ਹੀ ਨਹੀਂ ਹੁੰਦੀ। ਸ਼ਿੱਦਤ ਘਟਦੀ ਘਟਦੀ ਖਤਮ ਹੋ ਜਾਂਦੀ ਹੈ। ਸ਼ਾਇਦ ਏਸੇ ਕਰਕੇ ਭਾਸ਼ਣ ਕਰਨ ਵਾਲੇ ਬੰਦੇ ਆਮ ਤੌਰ 'ਤੇ ਲਿਖ ਨਹੀਂ ਸਕਦੇ। ਟੇਪ ਜਾਂ ਡਿਕਟੇਸ਼ਨ ਰਾਹੀਂ ਉਹ ਜਿਲਦ-ਦਰ-ਜਿਲਦ ਛਪ ਸਕਦੇ ਹਨ

ਪਰ ਸਾਹਿੱਤਕਾਰ ਨਹੀਂ ਬਣ ਸਕਦੇ। ਗੱਲ, ਬੱਸ ਏਨੀ ਹੈ ਕਿ 'ਅੰਦਰਲਾ' ਨਿਕਾਸ ਚਾਹੁੰਦਾ ਹੈ ਤੇ 'ਨਿਕਾਸ' ਕਿਸੇ ਨਾ ਕਿਸੇ ਤਰ੍ਹਾਂ ਹੋ ਕੇ ਹੀ ਰਹਿੰਦਾ ਹੈ। ਕਿਸੇ ਦਾ ਉਗ ਪਿਆ, ਕਿਸੇ ਦਾ ਰੁਲ ਗਿਆ।

ਹਾਂ, ਤੇ ਜ਼ਰਾ ਸੋਚੋ ਕਿ ਤੀਵੀਂ ਨੂੰ ਲਿਖਣ ਦੀ ਲੋੜ ਹੀ ਕੀ ਹੈ ?

ਤੀਵੀਂ ਨੂੰ ਕੁਝ ਵੀ ਕਰਨ ਦੀ ਕੀ ਲੋੜ ਹੈ ?

ਰਾਂਝਾ ਉਹਦੀਆਂ ਮੱਝੀਆਂ ਚਾਰ ਰਿਹਾ ਹੈ। ਫ਼ਰਿਹਾਦ ਉਹਦੇ ਲਈ ਦੁੱਧ ਦੀ ਨਹਿਰ ਪੁਟ ਕੇ ਲਿਆ ਰਿਹਾ ਹੈ। ਮਹੀਂਵਾਲ ਉਹਦੇ ਲਈ ਪੱਟ ਦਾ ਕਬਾਬ ਬਣਾ ਰਿਹਾ ਹੈ।...

ਕੋਈ ਉਹਦੇ ਲਈ ਅਸਮਾਨ ਦੇ ਤਾਰੇ ਤੋੜਨ ਤੱਕ ਜਾਂਦਾ ਹੈ। ਕੋਈ ਸੱਪ ਨੂੰ ਰੱਸਾ ਸਮਝਕੇ ਉਹਦਾ ਚੁਬਾਰਾ ਚੜ੍ਹਦਾ ਹੈ। ਕੋਈ ਮੁਰਦੇ ਨੂੰ ਬੇੜੀ ਮੰਨ ਕੇ ਉਹਦੇ ਲਈ ਦਰਿਆ ਪਾਰ ਕਰਦਾ ਹੈ। ... ਏਥੋਂ ਤਕ ਕਿ ਤਰੈ-ਕਾਲ-ਦਰਸ਼ੀ ਰਾਮ ਵੀ ਉਹਨੂੰ ਪ੍ਰਸੰਨ ਵੇਖਣ ਲਈ ਸੋਨੇ ਦੇ ਮਿਰਗ ਪਿਛੇ ਵਿਦੂਸ਼ਕ ਬਣਿਆ ਫਿਰਦਾ ਹੈ। ਮਹਾਂਭਾਰਤ ਉਹਦੀ ਖ਼ਾਤਰ ਹੈ। ਰਮਾਇਣ ਉਹਦੇ ਕਰਕੇ ਹੈ। ... ਉਹਨੂੰ ਖੁਦ ਕੁਝ ਕਰਨ ਦੀ ਕੀ ਲੋੜ ਹੈ ?

ਤੀਵੀਂ ਕੁਝ ਕਰਨ ਲੱਗੇ ਤਾਂ ਮਰਦਾਵੀਆਂ ਆਵਾਜ਼ਾਂ ਦਾ ਸ਼ੋਰ ਮਚ ਜਾਂਦਾ ਹੈ :

—ਫੁਲ ਸੁਗੰਧ ਲਈ ਬਣੇ ਨੇ, ਕੰਮ ਲਈ ਨਹੀਂ

—ਬਹਿ ਜਾ ਮੇਰੇ ਕੋਲ ਤੈਨੂੰ ਤੱਕਦਾ ਰਹਵਾਂ

—ਤੇਰਾ ਹੁਕਮ ਚਾਹੀਦਾ ਹੈ, ਕੰਮ ਕਰਨ ਨੂੰ ਅਸੀਂ ਮਰਗੇ

ਤਰਸ, ਹਮਦਰਦੀ, ਸਵਾਰਥ ਜਾਂ ਵਿਖਾਵੇ ਦੇ ਸਤਿਕਾਰ ਨੇ ਸਦਾ ਤੀਵੀਂ ਨੂੰ 'ਕੰਮ' ਕਰਨ ਤੋਂ ਹੋੜੀ ਰੱਖਿਆ ਹੈ। ਉਸਦਾ ਰੁਖ ਰਸੋਈ ਤੋਂ ਡਰਾਇੰਗ ਰੂਮ ਤੇ ਡਰਾਇੰਗ ਰੂਮ ਤੋਂ ਬੈੱਡ ਰੂਮ ਵੱਲ ਮੋੜੀ ਰੱਖਿਆ ਹੈ। ਮਰਦਾਂ ਦਾ ਕਹਿਣਾ ਹੈ : ਤੁਸੀਂ ਘਰਵਾਲੀਆਂ ਬਣੋ, ਘਰ ਸਾਂਭੋ। ਬਾਹਰ ਦਾ ਸਾਰਾ ਕੰਮ ਅਸੀਂ ਕਰਾਂਗੇ।

ਇਹ 'ਘਰ' ਕੀ ਚੀਜ਼ ਹੈ ?

ਇੱਟਾਂ/ਲੱਕੜਾਂ ਨਾਲ ਘਿਰੀ ਹੋਈ ਕਿਰਾਏ ਦੀ ਜਾਂ ਆਪਣੀ ਇਕ ਥਾਂ, ਜਿਥੇ ਮਰਦ ਤੀਵੀਂ ਨੂੰ ਛੱਡਕੇ ਨਿਸ਼ਚਿੰਤ ਘੁੰਮ ਸਕਦਾ ਹੈ। ਜਿਥੇ ਮਰਦ ਤੀਵੀਂ ਕੋਲ ਨਿਸ਼ਚਿੰਤ ਆ ਸਕਦਾ ਹੈ। ਤੀਵੀਂ ਘਰ ਨੂੰ ਸਵਾਰਦੀ ਹੈ। ਲਿੰਬਦੀ/ਬੁਹਾਰਦੀ ਹੈ। ਪਾਟੇ ਨੂੰ ਸੀਂਦੀ ਹੈ ਟੁਟੇ ਨੂੰ ਗੰਢਦੀ ਹੈ। ਮੈਲੇ ਨੂੰ ਧੋਂਦੀ ਹੈ। ਬੱਚੇ ਪੈਦਾ ਕਰਦੀ ਹੈ। ਪਾਲਦੀ ਹੈ।

ਜਗਾਉਂਦੀ ਹੈ, ਸੁਆਲਦੀ ਹੈ। ਪਕਾਉਂਦੀ ਹੈ, ਖੁਆਲਦੀ ਹੈ।...

ਛੱਟਦੀ ਹੈ, ਚੁਣਦੀ ਹੈ। ਕੱਤਦੀ ਹੈ, ਬੁਣਦੀ ਹੈ। ਛਾਣਦੀ ਹੈ, ਪੁਣਦੀ ਹੈ।...

ਇਹ ਨਿੱਕੇ ਨਿੱਕੇ ਰੁਝੇਵੇਂ ਉਹਨੂੰ ਉਲਝਾਈ ਰੱਖਦੇ ਹਨ। ਥੁਕਾਈ ਰੱਖਦੇ ਹਨ।...

ਤੀਵੀਂ ਇਹ ਸਭ ਕੁਝ ਕਰਨ ਹੋ ਰਹਿੰਦੀ ਹੈ। ਉੱਠਦੀ, ਬਹਿੰਦੀ, ਗੱਲਾਂ ਕਰਦੀ, ਉਹ ਨਿੱਕਾ ਮੋਟਾ ਕਰਦੀ ਹੀ ਰਹਿੰਦੀ ਹੈ।

ਜਿਹੜੀ ਤੀਵੀਂ ਨੌਕਰੀ ਕਰਦੀ ਹੈ ਜਾਂ ਕਿਸੇ ਹੋਰ ਢੰਗ ਨਾਲ ਧਨ-ਅਰਜਨ ਵਿਚ ਪਰਿਵਾਰ ਦੀ ਮਦਦ ਕਰਦੀ ਹੈ, ਉਹ ਵੀ ਇਸ 'ਨਿੱਕੇ ਮੋਟੇ ਕਰਮ ਚੱਕਰ' ਤੋਂ ਮੁਕਤ

ਨਹੀਂ । ਸਵੇਰੇ ਕੰਮ 'ਤੇ ਜਾਣ ਤੋਂ ਪਹਿਲਾਂ ਅਤੇ ਸ਼ਾਮ ਨੂੰ ਕੰਮ ਤੋਂ ਆਉਣ ਤੋਂ ਬਾਅਦ ਉਹਨੂੰ ਉਹ ਸਭ ਕੁਝ ਕਰਨਾ ਪੈਂਦਾ ਹੈ ਜੋ ਉਹਨੇ ਸਾਰੇ ਦਿਨ ਵਿਚ ਨਿਪਟਾਉਣਾ ਸੀ । ਕਿਤਾਬ ਤਾਂ ਇਕ ਪਾਸੇ, ਉਹਨੂੰ ਅਖ਼ਬਾਰ ਵੇਖਣ ਦੀ ਵੀ ਵਿਹਲ ਨਹੀਂ ਮਿਲਦੀ । ਜੇ ਮਿਲਦੀ ਹੈ ਤਾਂ ਉਹ ਕੋਈ 'ਸਿਰ-ਫੜਨ-ਵਾਲੀ-ਲਿਖਤ' ਕਿਵੇਂ ਪੜ੍ਹ ਸਕਦੀ ਹੈ ? ਉਸ ਫੁਰਸਤ ਦੀ ਘੜੀ ਤਾਂ ਉਹਨੂੰ ਕੋਈ ਨਸ਼ੇ ਵਰਗੀ ਚੀਜ਼ ਚਾਹੀਦੀ ਹੈ । ਹਲਕਾ-ਫੁਲਕਾ-ਚਲੰਤ 'ਸਾਹਿੱਤ' ਉਸਨੂੰ ਚੰਗਾ ਲੱਗਦਾ ਹੈ । ਜਾਂ ਫਿਰ ਬੱਚਿਆਂ ਦਾ ਮਨ-ਪਰਚਾਵਾ ਕਰਨ ਲਈ ਉਹ ਬੱਚਿਆਂ ਵਾਲਾ ਕਾਮਿਕ-ਸਾਹਿੱਤ ਪੜ੍ਹਦੀ ਹੈ ।...ਜੇ ਛੁੱਟੀ ਵਾਲਾ ਦਿਨ ਹੋਵੇ ਤਾਂ ਇਸ ਸਭ ਕੁਝ ਦੇ ਨ ਲ ਨਾਲ ਸਿਲਾਈ-ਕਢਾਈ ਦੇ ਨਮੂਨਿਆਂ ਵਾਲੇ ਰਸਾਲੇ ਵੇਖ ਲੈਂਦੀ ਹੈ ।

ਅਗਲੇ ਵਕਤਾਂ ਵਿਚ ਤੀਵੀਂ ਦਾ ਸਾਹਿੱਤ ਤੋਂ ਦੂਰ ਰਹਿਣਾ ਅਨਪੜ੍ਹਤਾ ਦੇ ਸਿਰ ਮੜ੍ਹਿਆ ਜਾ ਸਕਦਾ ਹੈ, ਪਰ ਆਪਣੇ ਸਮਿਆਂ ਨੂੰ ਅਸੀਂ ਇਸ ਬਹਾਨੇ ਦੋਸ਼-ਮੁਕਤ ਨਹੀਂ ਕਰ ਸਕਦੇ । ਪੜ੍ਹਾਈ ਦੀ ਹੁਣ ਤੀਵੀਂ ਲਈ ਮਨਾਹੀ ਨਹੀਂ । ਸਗੋਂ ਪੜ੍ਹਨਾ ਤਾਂ ਪੜ੍ਹਨਾ, ਪੜ੍ਹਾਉਣ ਵਾਲੇ ਪਾਸੇ ਵੀ ਵੱਡੀ ਗਿਣਤੀ ਤੀਵੀਆਂ ਦੀ ਹੈ । ਇਮਤਿਹਾਨਾਂ ਵਿਚ ਪਹਿਲੀਆਂ ਥਾਵਾਂ ਕੁੜੀਆਂ ਲੈ ਰਹੀਆਂ ਹਨ । ਮੁਕਾਬਲੇ ਦੇ ਇਮਤਿਹਾਨਾਂ ਵਿਚ ਤੀਵੀਆਂ ਕਮਾਲ ਕਰ ਰਹੀਆਂ ਹਨ । ਸਿਆਸਤ ਵਿਚ ਤੀਵੀਆਂ ਹੱਦ ਕਰ ਰਹੀਆਂ ਹਨ ।

ਇਹ ਗੱਲ ਨਹੀਂ ਕਿ ਤੀਵੀਂ ਨੇ ਕਲਮ ਚੁਕੀ ਹੀ ਨਾ ਹੋਵੇ । ਸਾਹਿੱਤ ਦੇ ਨਾਂ 'ਤੇ ਔਰਤ ਨੇ ਕਵਿਤਾ ਰਚੀ ਹੈ । ਸੰਗੀਤ, ਰਾਗ ਤੇ ਨਿਰਤ ਵਾਂਗ ਕਵਿਤਾ ਵੀ ਤੀਵੀਂ ਦੇ ਮੇਚ ਆਉਂਦੀ ਹੈ । ਪਰ ਬਹੁਤੀ ਵਾਰ ਇਹ ਸਭ ਕੁਝ 'ਹੌਬੀ' ਦੇ ਪੱਧਰ ਤਕ ਹੀ ਰਹਿੰਦਾ ਹੈ । ਜਵਾਨ ਕੁੜੀਆਂ ਲਈ ਕੋਈ ਨਾ ਕੋਈ ਕੋਮਲ ਹੁਨਰ ਜਾਨਣਾ ਅੱਜ ਫ਼ੈਸ਼ਨ ਵੀ ਹੈ । ਕੁੜੀਆਂ ਪੇਂਟਿੰਗ ਕਰਦੀਆਂ ਹਨ, ਕਵਿਤਾ ਲਿਖਦੀਆਂ ਹਨ, ਸੰਗੀਤ ਸਿੱਖਦੀਆਂ ਹਨ... ਪਹਿਲਾਂ ਕੁੜੀਆਂ ਘਰ ਕੰਮ ਆਉਣ ਵਾਲੀ ਦਸਤਕਾਰੀ ਸਿੱਖਦੀਆਂ ਸਨ । ਫੁਲਕਾਰੀਆਂ, ਬਾਗ, ਜਾਲ, ਦਰੀਆਂ...ਗਈਆਂ । ਆਧੁਨਿਕ ਜਾਪਣ ਲਈ ਨਵੇਂ ਹੁਨਰ ਹੋਂਦ ਵਿਚ ਆ ਗਏ । ਇਹ ਚਾਅ ਵਿਆਹ ਤੋਂ ਬਾਅਦ ਲੱਥ ਜਾਂਦਾ ਹੈ, ਜਾਂ ਲਾਹ ਦਿੱਤਾ ਜਾਂਦਾ ਹੈ । ਜੇ ਕੋਈ ਇਸ ਕਰਤਾਰੀ ਅਮਲ ਨੂੰ ਸਵਾਸਾਂ ਨਾਲ ਨਿਭਾਉਣਾ ਚਾਹੁੰਦਾ ਹੈ ਤਾਂ ਉਸਨੂੰ ਅੰਮ੍ਰਿਤਾ ਜਾਂ ਅਜੀਤ ਕੌਰ ਵਾਂਗ ਰਵਾਇਤੀ 'ਘਰ' ਤੋਂ ਸੁਰਖ਼ਰੂ ਹੋਣਾ ਪੈਂਦਾ ਹੈ । ਇਸ-ਤਰ੍ਹਾਂ ਦੀਆਂ ਤੀਵੀਆਂ ਨੂੰ ਮਰਦ, ਮਰਦਾਂ ਵਿਚ ਸ਼ਾਮਿਲ ਕਰ ਲੈਂਦੇ ਹਨ ।

ਉਂਜ ਤਾਂ ਜੀਵਨ ਦੇ ਹਰ ਖੇਤਰ ਵਿਚ ਹੀ ਤੀਵੀਂ ਦੀ ਨੁਮਾਇੰਦਗੀ ਘੱਟ ਹੈ ਅਤੇ ਇਸ ਘਾਟ ਨੂੰ ਪੂਰਾ ਕਰਨ ਲਈ ਔਰਤ ਜੱਦੋਜਹਿਦ ਕਰ ਰਹੀ ਹੈ ਪਰ ਔਰਤ ਦਾ ਅਜੇ ਤੀਕ ਬਹੁਤਾ ਜ਼ੋਰ 'ਮਰਦ' ਬਣਨ 'ਤੇ ਹੀ ਲੱਗ ਰਿਹਾ ਹੈ । ਤੀਵੀਂ ਕੁਝ ਵੀ ਕਰ ਰਹੀ ਹੋਵੇ, ਉਹ ਮਰਦ ਬਣਨਾ ਚਾਹ ਰਹੀ ਹੁੰਦੀ ਹੈ । ਮਰਦ ਦੀ ਬਰਾਬਰੀ ਚਾਹ ਰਹੀ ਹੁੰਦੀ ਹੈ । ਮਰਦ ਦਾ ਡਬਲ ਰੋਲ ਖ਼ਤਮ ਕਰਨਾ ਚਾਹੁੰਦੀ ਹੈ । ਉਹ ਚਾਹੁੰਦੀ ਹੈ ਕਿ ਜਿਸ 'ਸਲੀਕੇ' ਨਾਲ ਮਰਦ ਘਰ ਵਿਚ ਤੀਵੀਂ ਦੇ ਪੇਸ਼ ਆਉਂਦਾ ਹੈ (ਅਧੀਨ ਕਰਨ ਲਈ ਅਧੀਨਗੀ ਸਵੀਕਾਰ ਕਰਦਾ ਹੈ), ਉਸੇ ਰੂਪ ਵਿਚ ਬਾਹਰ ਵੀ ਵਿਚਰੇ । ਉਹ ਮਰਦ ਨੂੰ

'ਮਰਦ' ਵੀ ਚਾਹੁੰਦੀ ਹੈ ਤੇ ਪਾਲਤੂ ਵੀ। ਇਹ ਉਸਦੀਆਂ ਅੰਦਰਲੀਆਂ ਦੱਬੀਆਂ ਭਾਵਨਾਵਾਂ ਦਾ ਜਵਲੰਤ ਪ੍ਰਗਟਾਅ ਹੈ। ਉਂਞ ਜਦੋਂ ਲਿਖਦੀ ਹੈ, ਬਦਲੇ ਦੀ ਭਾਵਨਾ ਨਾਲ ਲਿਖਦੀ ਹੈ।...

ਤੀਵੀਂ, ਜੇ ਲਿਖਦੀ ਵੀ ਹੈ ਤਾਂ, ਲਿਖਤ 'ਤੇ ਬਹੁਤੀ ਮਿਹਨਤ ਨਹੀਂ ਕਰਦੀ। ਕਾਰਨ ? ਉਸਨੂੰ ਸਮਤੇ ਵਿਚ ਹੀ ਪ੍ਰਵਾਨਗੀ ਮਿਲ ਜਾਂਦੀ ਹੈ। ਮਿਹਨਤ ਕਿਉਂ ਕਰੇ ...?

—ਮਰਦ ਲੇਖਕ ਤੀਵੀਆਂ ਨੂੰ ਲਿਖਕੇ ਦੇਣ ਲਈ ਤਤਪਰ ਰਿਹਾ ਕਰਦੇ ਸਨ/ਹਨ। ਅਖੇ, ਤੈਨੂੰ ਲਿਖਣ ਦੀ ਕੀ ਲੋੜ, ਮੈਂ ਲਿਖ ਦੇਨਾਂ, ਆਪਣੇ ਨਾਂ 'ਤੇ ਛਪਵਾ ਲੈ।

—ਸੰਪਾਦਕ 'ਲੇਖਕਾਂ' ਤੋਂ ਵੀ ਵੱਧ ਫਰਾਖ਼-ਦਿਲ ! ਕੁੜੀ ਦਾ ਨਾਂ ਪੜ੍ਹ ਲਿਆ। ਰਚਨਾ ਪੜ੍ਹਨ ਦੀ ਲੋੜ ਨਹੀਂ। ਚਿੱਠੀ ਲਿਖ ਦਿੱਤੀ : ਬਹੁਤ ਸੁੰਦਰ ਰਚਨਾ ਹੈ। ਇਸੇ ਮਹੀਨੇ ਛਪ ਰਹੀ ਹੈ। ਕਦੇ ਸਾਡੇ ਸ਼ਹਿਰ ਆਉ ਤਾਂ 'ਦਰਸ਼ਨ' ਦੇਣੇ। ਤਾਜ਼ਾ ਫ਼ੋਟੋ ਜਲਦੀ ਭੇਜ ਦੇਣਾ। ਹੋਰ ਕੋਈ ਸੇਵਾ ?

—ਆਲੋਚਕਾਂ ਦੀਆਂ ਤਾਂ, ਤੀਵੀਂ ਦੀ ਕਿਤਾਬ ਵੇਖਕੇ, ਭੰਬੀਰੀਆਂ ਹੀ ਭਉ ਜਾਂਦੀਆਂ ਹਨ। ਤਟ ਫਟ ਸਥਾਪਿਤ ਲੇਖਕਾਂ ਦੀ ਕਤਾਰ ਵਿਚ ਲਿਆ ਖੜ੍ਹਾ ਕਰਦੇ ਹਨ। ਆਨੇ-ਬਹਾਨੇ ਨਾਰੀ-ਲੇਖਕਾਂ ਦੇ ਚੁਬਾਰੇ ਚੜ੍ਹ ਜਾਂਦੇ ਹਨ। ਰਾਤੋ ਰਾਤ 'ਅਮਰ' ਕਰ ਦੇਂਦੇ ਹਨ।

—ਪ੍ਰਕਾਸ਼ਕਾਂ ਤੀਕ ਨਾਰੀ-ਲੇਖਕਾਂ ਦੀ ਰਸਾਈ ਕਰਾਉਣ ਲਈ ਨਰ-ਲੇਖਕ ਤਾਣ ਲਾ ਦੇਂਦੇ ਹਨ। ਅਗਾਊਂ ਰਿਵੀਊ ਲਿਖਕੇ ਛਪਵਾ ਦੇਂਦੇ ਹਨ। 'ਚੇਲੀਆਂ' ਦੇ ਖਰੜੇ ਝੋਲਿਆਂ ਵਿਚ ਪਾਈ ਫਿਰਦੇ ਹਨ। ਆਪਣੀ ਜੁੱਤੀ ਬੇਸ਼ਕ ਟੁਟ ਜਾਏ ਮਿਰਾਸਣ ਦੀ ਨਹੀਂ ਟੁਟਣ ਦੇਂਦੇ !

ਇਹ ਇੱਕ ਸੋਚੀ ਸਮਝੀ ਮਰਦਾਵੀਂ ਸਾਜ਼ਿਸ਼ ਹੈ। ਤੀਵੀਂ ਦਾ ਧਿਆਨ ਹੋਰ ਪਾਸੇ ਪਾਈ ਰੱਖਣਾ ਤੇ ਆਪ ਲੇਖਕ ਬਣੀ ਜਾਣਾ। ਕੁਝ ਇੱਕ ਨਾਰੀ-ਲੇਖਕਾਂ ਨੇ ਇਸ ਸਾਜ਼ਿਸ਼ ਨੂੰ ਸਮਝ ਲਿਆ ਹੈ ਤੇ ਉਹ ਹੁਣ ਨਰ-ਲੇਖਕਾਂ ਲਈ 'ਨਾਰੀ' ਦੇ ਘੇਰੇ ਵਿਚ ਨਹੀਂ ਰਹੀਆਂ। ਪਰ ਉਹਨਾਂ ਨੇ ਅਜੇ ਪਿਛਲੇ ਕਰਜ਼ੇ ਉਤਾਰਨੇ ਹਨ।

ਹਾਂ, ਪੱਤਰਕਾਰੀ ਵਿਚ ਤੀਵੀਂ-ਲੇਖਕਾਂ ਦਾ ਜ਼ਿਕਰ-ਯੋਗ ਵਾਧਾ ਹੋਇਆ ਹੈ। ਖ਼ਬਰ ਲੈਣ ਲਈ ਜਾਂ ਖ਼ਬਰ ਲਿਆਉਣ ਲਈ ਜਿੱਥੋਂ ਤਕ ਤੀਵੀਂ ਪਹੁੰਚ ਸਕਦੀ ਹੈ, ਮਰਦ ਨਹੀਂ ਜਾ ਸਕਦਾ। ਇਹ ਰਸਾਈ ਉਹਦੇ ਕਿੱਤੇ ਲਈ ਲਾਹੇਵੰਦ ਸਾਬਤ ਹੋ ਰਹੀ ਹੈ। ਪਰ ਇਹ ਫ਼ੀਚਰ-ਲੇਖਨ ਤਕ ਹੀ ਸੀਮਿਤ ਹੈ। ਇੰਜ ਕਮਾਈ ਦਾ ਸਾਧਨ-ਮਾਤਰ ਹੈ। ਕਾਲਮ ਲਿਖਣ ਨੂੰ ਅਗਲੇ ਸਾਹਿੱਤ ਵਿਚ ਸ਼ਾਮਿਲ ਹੀ ਨਹੀਂ ਕਰਦੇ। ਪਿੱਛੇ ਜਿਹੇ ਹਲਵਾਰਵੀ ਮਜ਼ਾਕ ਨਾਲ ਕਹਿ ਰਿਹਾ ਸੀ : 'ਤੇਰੇ ਕਾਲਮ ਤਾਂ ਪੜ੍ਹ ਲਈਦੇ ਨੇ। ਪਰ ਇਹ ਦੱਸ ਕਾਲਮਾਂ ਤੋਂ ਇਲਾਵਾ ਤੂੰ ਲਿਖਦਾ ਕੀ ਹੈ ?' ਪੰਜਾਬੀ ਵਿਚ ਤਾਂ ਅਜੇ ਕਾਲਮ ਲਿਖਣ ਵਾਲੀਆਂ ਤੀਵੀਆਂ ਦੀ ਵੀ ਬੜੀ ਘਾਟ ਹੈ, ਕਾਲਮਾਂ ਤੋਂ ਇਲਾਵਾ ਲਿਖਣ ਵਾਲੀਆਂ ਦੀ ਦੀ ਗੱਲ ਕੀ ਕਰੀਏ' !

ਉਂਜ ਤੀਵੀਂ ਲਿਖੇ ਵੀ ਕੀ ?

ਮਰਦ ਜੋ ਮਰਜ਼ੀ ਖੇਹ ਸਵਾਹ ਲਿਖਦਾ ਰਹੇ ਜਾਇਜ਼ ! ਤੀਵੀਂ ਲਈ 'ਅਚਾਰ-ਸੰਹਿਤਾ' ਬਹੁਤ ਕਠੋਰ ਹੈ। ਵਰਜਿਤ ਰਿਸ਼ਤਿਆਂ ਸੰਬੰਧੀ ਲਿਖਣਾ ਉਸ ਲਈ ਮੁਸੀਬਤਾਂ ਨੂੰ ਸੱਦਾ ਦੇਣਾ ਹੈ। ਉਸਨੂੰ 'ਭੈਣ ਜੀ' ਵਾਲਾ ਰੂਪ ਸਾਹਿੱਤ ਵਿਚ ਬਰਕਰਾਰ ਰੱਖਣਾ ਪੈਂਦਾ ਹੈ। ਕਿਸੇ ਹੋਰ ਦੀ ਬੰਸਰੀ ਵਿਚ ਆਪਣੀ ਫੂਕ ਮਾਰਨੀ ਪੈਂਦੀ ਹੈ। 'ਮੇਰੇ ਤੋ ਗਿਰਧਰ ਗੋਪਾਲ ਦੂਸਰੋ ਨਾ ਕੋਈ'।...

ਤੀਵੀਂ ਵਿਚਲਾ ਕਲਾਕਾਰ ਆਪਣੀ ਅਭਿਵਿਅਕਤੀ ਆਪਣੇ ਵਰਗੇ ਪੁਤਲੇ ਰਚ ਕੇ ਕਰਦਾ ਹੈ। ਉਸਦਾ ਕਰਤਾਰੀ ਅਮਲ ਇੱਕ ਮੁਸਲਸਲ ਹੁਨਰ ਦੀ ਸ਼ਕਲ ਅਖਤਿਆਰ ਕਰ ਲੈਂਦਾ ਹੈ। ਘਰ ਨੂੰ ਸਜਾਉਣਾ, ਘਰ ਵਿਚਲੀਆਂ ਵਸਤਾਂ ਨੂੰ ਤਰਤੀਬ ਦੇਣਾ, ਆਪਣੇ ਜਿਸਮ ਨੂੰ ਖਿਚ ਭਰਪੂਰ ਬਣਾਈ ਰਖਣਾ, ਆਪਣੇ ਪਤੀ ਦੇ ਤੇ ਬੱਚਿਆਂ ਦੇ ਪਹਿਰਾਵੇ ਦਾ ਖਿਆਲ ਰੱਖਣਾ, ਪਰਿਵਾਰਕ ਰਿਸ਼ਤਿਆਂ ਦੀਆਂ ਤੰਦਾਂ ਨੂੰ ਸੂਤਦੇ ਰਹਿਣਾ, ਮਹਿਮਾਨ-ਨਵਾਜ਼ੀ ਦਾ ਉਚੇਚ ਆਦਿ ਅਮਲ ਉਹਦੀ ਰਚਨਾ-ਪ੍ਰਕਿਰਿਆ ਵਿਚ ਹੀ ਸ਼ਾਮਿਲ ਹਨ। ਉਸਦਾ ਆਕਾਸ਼ ਪਾਤਾਲ ਸੀਮਿਤ ਹੁੰਦਾ ਹੈ, ਪਰ ਸੁਹਣਾ ਹੁੰਦਾ ਹੈ। ਉਸਦੇ ਕਾਰਨ ਹੀ ਘਰ, 'ਘਰ' ਅਖਵਾਉਂਦਾ ਹੈ। ਘਰ ਦੀ ਸਿਰਜਣਾ ਕਰਨ ਵਾਲੀ ਤੀਵੀਂ, ਸਾਹਿੱਤ ਦੀ ਸਿਰਜਣਾ ਲਈ ਵਕਤ ਕਿਥੋਂ ਲਿਆਵੇ ? ਉਹ ਕਵਿਤਾ ਨਾ ਵੀ ਲਿਖੇ ਤਾਂ ਕੋਈ ਫ਼ਰਕ ਨਹੀਂ ਪੈਂਦਾ ਕਿਉਂਕਿ ਉਹ ਤਾਂ ਆਪ ਤੁਰਦੀ ਫਿਰਦੀ ਕਵਿਤਾ ਹੈ। ਸਫ਼ੀਰ ਕਹਿੰਦਾ ਹੈ : ਕਵਿਤਾ ਇੱਕ ਤੀਵੀਂ ਹੈ, ਪਰ ਹਰ ਇੱਕ ਤੀਵੀਂ ਨਾਂਹ। ...ਜੇ ਹਰ ਇਕ ਤੀਵੀਂ ਕਵਿਤਾ ਨਹੀਂ ਹੁੰਦੀ ਤਾਂ ਹਰ ਇਕ ਮਰਦ ਵੀ ਤਾਂ ਸਾਹਿੱਤਕਾਰ ਨਹੀਂ ਹੁੰਦਾ !

ਤੀਵੀਂ ਦੀ ਅਭਿਵਿਅਕਤੀ ਇਕ ਹੋਰ ਢੰਗ ਨਾਲ ਵੀ ਤਾਂ ਨਿਕਸਿਤ ਹੁੰਦੀ ਰਹਿੰਦੀ ਹੈ। ਉਹ ਗਾਉਂਦੀ ਹੈ। ਹਰ ਮੌਕੇ 'ਤੇ ਗਾਉਂਦੀ ਹੈ। ਬਹੁਤੇ ਲੋਕ ਗੀਤ ਤੀਵੀਆਂ ਨੇ ਹੀ ਬਣਾਏ ਤੇ ਗਾਏ ਹਨ। ਦੂਜੇ ਉਹ ਮੁਕੰਮਲ ਤੀਵੀਂ ਦਿਖਣਾ ਚਾਹੁੰਦੀ ਹੈ। ਗਹਿਣਿਆਂ ਦਾ ਰਿਸ਼ਤਾ ਬਹੁਤਾ ਤੀਵੀਆਂ ਨਾਲ ਹੀ ਹੈ। ਮੇਕ-ਅੱਪ ਉਦਯੋਗ ਸਿਰਫ ਤੀਵੀਂਆਂ ਦੇ ਸਹਾਰੇ ਹੀ ਖੜ੍ਹਾ ਹੈ। ਵਿਗਿਆਪਨ ਵਾਲਿਆਂ ਨੂੰ ਗਾਹਕਾਂ ਜਾਂ ਭਾਵੀ-ਗਾਹਕਾਂ ਦਾ ਧਿਆਨ ਖਿੱਚਣ ਲਈ ਤੀਵੀਂ ਤੋਂ ਵਧੀਆ ਕੋਈ ਸਾਧਨ ਨਜ਼ਰ ਹੀ ਨਹੀਂ ਆਉਂਦਾ। ਇੰਝ ਚਾਹੀ ਅਣਚਾਹੀ ਪ੍ਰਸੰਸਾ ਦਾ ਪਾਣੀ ਤੀਵੀਂ ਦੀ ਹਉਂ ਨੂੰ ਮਿਲਦਾ ਰਹਿੰਦਾ ਹੈ। ਉਸਦੀ ਚਾਲ-ਢਾਲ, ਉਸਦਾ ਬਣਾਅ-ਸ਼ਿੰਗਾਰ, ਉਸਦਾ ਬੋਲ-ਚਾਲ.. ਯਾਨੀ ਉਹਦੀ ਹਰ ਅਦਾ ਦਾਦ ਲੈਂਦੀ ਹੈ। ਲੇਖਕ (ਮਰਦ) ਜਿਸ ਦਾਦ ਲਈ ਜਵਾਨੀ ਗਾਲਦਾ ਹੈ, ਵਕਤ ਢਾਲਦਾ ਹੈ, ਉਹ ਦਾਦ ਤੀਵੀਂ ਨੂੰ ਸਹਿਜ-ਸੁਭਾਅ ਮਿਲ ਜਾਂਦੀ ਹੈ। ਫਿਰ ਉਹ ਸਟੇਸ਼ਨਰੀ ਖਰਾਬ ਕਿਉਂ ਕਰੇ।

ਤੀਵੀਂ ਦੇ ਦੁਆਲੇ ਮਰਦ ਨੇ ਭਰਮ ਦਾ ਇਕ ਸੁਨਹਿਰੀ ਜਾਲ ਤਾਣਿਆ ਹੋਇਆ ਹੈ। ਉਸਨੂੰ ਕੈਦ ਕੀਤਾ ਹੋਇਆ ਹੈ। ਪਰ ਤੀਵੀਂ ਇਸ ਹੱਦ ਤੀਕ ਮਾਸੂਮ, ਅਣਜਾਣ ਅਤੇ ਮਜਬੂਰ ਹੈ ਕਿ ਮਰਦ ਦੀ ਇਸ ਖਤਰਨਾਕ ਚਲਾਕੀ ਨੂੰ ਸਮਝਦੀ ਹੋਈ ਵੀ ਸਮਝੌਤਾ ਕਰੀ ਬੈਠੀ ਹੈ। ਇਸ ਭਰਮ ਜਾਲ ਵਿਚ ਉਹ ਖੁਦ ਨੂੰ ਸੁਰੱਖਿਅਤ ਅਤੇ ਪ੍ਰਤਿਸ਼ਠਿਤ ਸਮਝਦੀ ਹੈ। ਮੁਕਤੀ ਅੰਦੋਲਨ ਦਾ ਨਾਅਰਾ ਵੀ ਗਲੀਆਂ ਬਜ਼ਾਰਾਂ ਵਿਚ ਹੈ। ਘਰ ਦੀਆਂ

ਦੀਵਾਰਾਂ ਅੰਦਰ ਉਹੋ 'ਸਮਝੌਤਾ' ਪਸਰਿਆ ਹੋਇਆ ਹੈ।

ਜਿਨ੍ਹਾਂ ਘਰਾਂ ਵਿਚ ਪਤੀ-ਪਤਨੀ ਦੋਵੇਂ ਲੇਖਕ ਹਨ, ਉਥੇ ਸਮਝੌਤਾ ਸਥਾਈ ਰੂਪ ਧਾਰ ਲੈਂਦਾ ਹੈ। ਜੇ ਸਿਰਫ ਪਤਨੀ ਲੇਖਕ ਹੈ ਤਾਂ ਗੈਰ-ਲੇਖਕ ਪਤੀ ਲਈ ਰਵਾਇਤੀ ਬੀਵੀ ਬਣੇ ਰਹਿਣ ਦੇ ਨਾਲ ਨਾਲ ਉਹਨੂੰ ਇਕ ਲਛਮਣ-ਰੇਖਾ ਵਿਚ ਰਹਿ ਕੇ ਲੇਖਕ ਬਣਨ ਦੀ ਇਜਾਜ਼ਤ ਮਿਲ ਜਾਂਦੀ ਹੈ। ਜੇ ਸਿਰਫ ਪਤੀ ਲੇਖਕ ਹੈ ਤਾਂ ਗੈਰ-ਲੇਖਕ ਪਤਨੀ ਪਤੀ ਨੂੰ ਗੈਰ ਜ਼ੁੰਮੇਵਾਰ ਸਮਝਦੀ ਹੈ। ਉਸਨੂੰ 'ਜ਼ੁੰਮੇਵਾਰ' ਬਣਾਨ ਲਈ ਹਰ ਤਰੀਕਾ ਵਰਤਦੀ ਹੈ। ਕਦੀ ਨਾ-ਮਿਲ–ਵਰਤਣ ਲਹਿਰ ਚਲਾਉਂਦੀ ਹੈ। ਕਦੀ 'ਵਰਕ-ਟੂ-ਰੂਲ' ਲਾਗੂ ਕਰ ਦੇਂਦੀ ਹੈ। ਕਦੀ ਬੱਚਿਆਂ ਨੂੰ ਪਤੀ ਦੇ ਵਿਰੁਧ ਸਬਕ ਪੜ੍ਹਾਉਂਦੀ ਹੈ। ਉਸਦਾ ਸੁਭਾਅ ਚਿੜਚਿੜਾ ਹੁੰਦਾ ਹੁੰਦਾ ਸਖ਼ਤ ਹੋ ਜਾਂਦਾ ਹੈ। ਪਤੀ ਦੇ ਨਾਲ ਨਾਲ ਉਹ ਬਾਕੀ ਲੇਖਕਾਂ ਤੋਂ ਵੀ ਅੱਕ ਜਾਂਦੀ ਹੈ! ਨਫ਼ਰਤ ਕਰਨ ਲੱਗ ਪੈਂਦੀ ਹੈ। ਕਿਤਾਬਾਂ ਦੀ ਦੁਸ਼ਮਣ ਬਣ ਜਾਂਦੀ ਹੈ। ਕਿਤਾਬਾਂ ਵਾਲੇ ਖਾਨੇ ਵਿਚ ਟੁਟੀਆਂ ਹੋਈਆਂ ਜੁਤੀਆਂ ਟਿਕਾ ਦੇਂਦੀ ਹੈ। ਪਤੀ ਦੀ ਪ੍ਰਾਪਤੀ ਨੂੰ ਆਪਣੀ ਅਪ੍ਰਾਪਤੀ ਸਮਝਦੀ ਹੈ। ਕਲਮ ਉਹਦੀ ਸੌਂਕਣ ਬਣ ਜਾਂਦੀ ਹੈ। ਉਹ ਹਾਂਡੀ ਵਾਂਗ ਉਬਲਦੀ ਹੈ, ਆਪਣੇ ਕੰਢੇ ਸਾੜਦੀ ਹੈ। ਘਰ ਵਿਚ ਕਲੇਸ਼ ਰਹਿੰਦਾ ਹੈ। ਬੱਚਿਆਂ ਦਾ ਜੀਣਾ ਦੁਭਰ ਹੋ ਜਾਂਦਾ ਹੈ। ਇੱਕ ਪਾਸੇ ਕਲਮ ਚਲਦੀ ਹੈ, ਦੂਜੇ ਪਾਸੇ ਜੀਭ ਚਲਦੀ ਹੈ। ...ਆਪਣੇ ਮੁਲਕ ਵਿਚ ਤਲਾਕ ਦਾ ਸ਼ਿਕੰਜਾ ਸਖ਼ਤ ਹੋਣ ਕਰਕੇ ਭਾਂਡੇ ਖੜਕ ਖੜਕ ਕੇ ਚਿੱਬ-ਖੜਿੱਬੇ ਹੋ ਜਾਂਦੇ ਹਨ। ਅੰਤ ਚਿੱਬਾਂ ਵਿਚ ਚਿੱਬ ਫਿਟ ਹੋ ਜਾਂਦੇ ਹਨ। ਭਾਂਡੇ ਖੜਕਣੇ ਬੰਦ ਹੋ ਜਾਂਦੇ ਹਨ। ਅਮਨ ਚੈਨ ਦਾ ਵਰਤਾਰਾ ਹੁੰਦਾ ਹੈ। ਦੋਹਾਂ ਵਿਚੋਂ ਇਕ ਜੀਅ ਰੱਬ ਵੱਲ ਨੂੰ ਮੂੰਹ ਕਰ ਲੈਂਦਾ ਹੈ, ਭਾਵ ਸਾਥੀ ਦੇ ਨਾਲ ਰਹਿੰਦਾ ਹੋਇਆ ਵੀ ਬੇ-ਮੁਖ ਹੋ ਜਾਂਦਾ ਹੈ। ਲੋੜ ਕਸੂਰ ਲੱਭਣ ਦੀ ਨਹੀਂ, ਸਥਿਤੀ ਨੂੰ ਸਮਝਣ ਦੀ ਹੈ। ਝਗੜਾ ਤਾਂ ਗੈਰ-ਸਾਹਿੱਤਕ ਜੋੜਿਆਂ ਵਿਚ ਵੀ ਹੁੰਦਾ ਹੈ ਪਰ ਲੇਖਕਾਂ ਲਈ ਰੋਜ਼ਾਨਾ ਜ਼ਿੰਦਗੀ ਵੀ ਸਾਹਿੱਤ ਦਾ ਅੰਗ ਹੁੰਦੀ ਹੈ। ਉਸਦਾ ਪਰਛਾਵਾਂ ਕਲਮ 'ਤੇ ਪੈਂਦਾ ਹੈ। ਇਸੇ ਲਈ ਤਾਲਸਤਾਏ ਜਾਂ ਮੁਣਸ਼ੀ ਪ੍ਰੇਮ ਚੰਦ ਵਰਗੇ 'ਨਰ-ਲੇਖਕਾਂ' ਦੀਆਂ ਜ਼ਿੰਦਗੀਆਂ ਦੇ ਕੁਝ ਪੰਨੇ ਇਸ ਰੰਗਣ ਵਿਚ ਵੀ ਰੰਗੇ ਹੋਏ ਮਿਲਦੇ ਹਨ। ਤੀਵੀਂ ਦਾ ਸਾਹਿੱਤ ਪ੍ਰਤਿ ਇੱਕ ਰਵੱਈਆ ਇਹ ਵੀ ਹੈ।

ਨਾਰੀ ਨੇ ਹਾਜ਼ਰ ਨਾਜ਼ਰ ਰੂਪ ਵਿਚ ਮਨੁਖ ਨੂੰ ਸਾਹਿੱਤ ਦਿੱਤਾ ਹੈ। ਮਰਦ ਹਜ਼ਾਰਾਂ ਵਰ੍ਹਿਆਂ ਤੋਂ, ਲਿਖ ਲਿਖ ਕੇ ਨਾਰੀ ਮਨ ਨੂੰ ਵਿਸ਼ਲੇਸ਼ਤ ਕਰਦਾ ਆ ਰਿਹਾ ਹੈ, ਨਾਰੀ-ਸ਼ਰੀਰ ਨੂੰ ਰੂਪਾਇਤ ਕਰਦਾ ਆ ਰਿਹਾ ਹੈ, ਨਾਰੀ-ਸੰਕਲਪ ਨੂੰ ਪਰਿਭਾਸ਼ਿਤ ਕਰਦਾ ਆ ਰਿਹਾ ਹੈ। ਨਾਰੀ ਉਹਦਾ ਵਿਸ਼ਾ ਹੈ, ਤੇ ਵਿਕਾਰ ਵੀ। ਮਰਦ ਤੀਵੀਂ ਲਈ ਸਭ ਕੁਝ ਕਰਨ ਨੂੰ ਤਿਆਰ ਹੈ, ਬਸ਼ਰਤਿ ਕਿ ਤੀਵੀਂ ਆਪਣੇ ਆਪ ਕੁਝ ਨਾ ਕਰੇ। ਜੋ ਮਰਦ ਕਹੇ, ਉਹੋ ਕਰੇ। ਉਹਦੇ ਹੁਕਮ ਵਿਚ ਜੀਏ, ਉਹਦੀ ਰਜ਼ਾ ਵਿਚ ਮਰੇ। ਇਸ ਪੱਖੋਂ ਪਤੀ-ਵ੍ਰਤਾ ਧਰਮ ਦਾ ਪਾਲਣ ਹੀ ਆਦਰਸ਼ ਸਿਧਾਂਤ ਹੈ। ਪਤੀ, ਹਰ ਹਾਲ ਵਿਚ, ਭਗਵਾਨ ਹੈ। ਮਰਦ ਤੀਵੀਂ ਬਿਨਾਂ ਅਧੂਰਾ ਹੈ, ਤੀਵੀਂ ਮਰਦ ਬਿਨਾਂ ਕੁਝ ਵੀ ਨਹੀਂ।...

ਕਿਸੇ ਹੱਦ ਤੱਕ ਠੀਕ ਵੀ ਹੈ। ਦੋ ਦੋਸਤ, ਚਾਹੁੰਦੇ ਹੋਏ ਵੀ, ਇਕ ਦੂਜੇ ਨੂੰ ਉਪਰ

ਨਹੀਂ ਚੁਕ ਸਕਦੇ । ਇੱਕ ਨੂੰ ਆਪਣੇ ਪੈਰ ਧਰਤੀ ਤੇ ਰੱਖਣੇ ਪੈਂਦੇ ਹਨ, ਦੂਜਾ ਉਹਦੇ ਮੋਢਿਆਂ ਤੇ ਖੜ੍ਹ ਸਕਦਾ ਹੈ । ਇੱਕ ਦੀ ਖ਼ੁਸ਼ੀ ਲਈ ਦੂਜੇ ਨੂੰ ਕੁਰਬਾਨੀ ਦੇਣੀ ਪੈਂਦੀ ਹੈ ਅਤੇ ਕੁਰਬਾਨੀ ਜੇਕਰ ਖੁਸ਼ੀ ਖੁਸ਼ੀ ਦਿੱਤੀ ਜਾਏ ਤਾਂ ਇਤਿਹਾਸਕ ਬਣ ਜਾਂਦੀ ਹੈ । ਪਰ ਕੁਰਬਾਨੀ ਦਏ ਕੌਣ ? ਇਸ ਦਾ ਫ਼ੈਸਲਾ ਹਿਸਾਬ ਕਿਤਾਬ ਲਾ ਕੇ ਨਹੀਂ ਕੀਤਾ ਜਾ ਸਕਦਾ । ਕੁਰਬਾਨੀ ਵੀ ਪਿਆਰ ਵਰਗਾ ਜਜ਼ਬਾ ਹੈ, ਜਿਹੜਾ ਦਲੀਲ ਦੇ ਸਾਹਮਣੇ ਪਾਣੀ ਪਾਣੀ ਹੋ ਜਾਂਦਾ ਹੈ । ਕਵਿਤਾ ਅਤੇ ਕੁਰਬਾਨੀ ਵਾਂਗ ਤੀਵੀਂ ਦਾ ਵੀ ਦਲੀਲ ਨਾਲ ਵੈਰ ਹੁੰਦਾ ਹੈ ।

**ਮੁਕਤੀ ਲਈ ਤੜਪ :**

ਅਸੀਂ ਸਭ ਗੁਲਾਮ ਹਾਂ । ਆਪਣੀ ਸਹੂਲਤ ਲਈ ਗੁਲਾਮ ਰਹਿਣਾ ਵੀ ਚਾਹੁੰਦੇ ਹਾਂ। ਆਪਣੀ ਖੁਸ਼ੀ ਲਈ ਮੁਕਤ ਹੋਣਾ ਵੀ ਚਾਹੁੰਦੇ ਹਾਂ । ਗੁਲਾਮੀ ਵਿਚ ਮੁਕਤੀ ਹੈ । ਮੁਕਤੀ ਵਿਚ ਗੁਲਾਮੀ ਹੈ । ਮਨੁਖ ਮੁਕਤੀ ਲਈ ਭਟਕ ਰਿਹਾ ਹੈ । ਤੜਪ ਰਿਹਾ ਹੈ ।...

ਕੋਈ ਪਿਆਰ ਕਰਕੇ ਮੁਕਤ ਹੋਣਾ ਚਾਹੁੰਦਾ ਹੈ ।

ਕੋਈ ਲਿੰਗ ਮਾਰਗ ਰਾਹੀਂ ਇਸ ਅਵੱਸਥਾ ਨੂੰ ਪਹੁੰਚਦਾ ਹੈ ।

ਕੋਈ ਡਿਕਟੇਟਰਸ਼ਿਪ 'ਚੋਂ ਮੁਕਤੀ ਭਾਲਦਾ ਹੈ ।

ਸਾਧਨ-ਹੀਣ ਲੋਕ ਸਿਰਜਣਾ ਦੇ ਅਮਲ ਰਾਹੀਂ ਮੁਕਤੀ ਵੱਲ ਵਧਦੇ ਹਨ ।

ਸਿਰਜਣਾ ਦੇ ਪਲਾਂ ਵਿਚ ਮਨੁਖ ਮੁਕਤ ਹੁੰਦਾ ਹੈ । ਉਹ ਉਸ ਵੇਲੇ ਸਭ ਨਾਲੋਂ ਟੁਟ ਚੁਕਾ ਹੁੰਦਾ ਹੈ, ਸਭ ਨਾਲ ਜੁੜ ਚੁਕਾ ਹੁੰਦਾ ਹੈ । ਨਰ-ਨਾਰੀ ਦੇ ਭੇਦ ਤੋਂ ਵੀ ਮੁਕਤ ਹੋ ਚੁੱਕਾ ਹੁੰਦਾ ਹੈ ।...ਪਲ ਲੰਘ ਜਾਂਦੇ ਹਨ । ਗੁਲਾਮੀ ਦਾ ਦੌਰ ਸ਼ੁਰੂ ਹੋ ਜਾਂਦਾ ਹੈ । ਚੌਵੀ ਘੰਟੇ ਤਾਂ ਕੋਈ ਵੀ ਬੰਦਾ ਲੇਖਕ ਬਣਿਆ ਨਹੀਂ ਰਹਿ ਸਕਦਾ । ਜਦੋਂ ਉਹ ਲੇਖਕ ਨਹੀਂ, ਉਦੋਂ ਉਹ ਗੁਲਾਮ ਹੈ । ਤੀਵੀਂ ਹੈ, ਭਾਵੇਂ ਮਰਦ ਹੈ ।

ਹਰ ਮਨੁਖ ਵਿਚ ਕੋਈ ਨਾ ਕੋਈ ਘਾਟ ਹੁੰਦੀ ਹੈ । ਖੱਪਾ ਹੁੰਦਾ ਹੈ । ਉਹ ਉਹਦੀ ਪੂਰਤੀ ਚਾਹੁੰਦਾ ਹੈ, ਤੇ ਚਾਹੁੰਦਾ ਹੈ ਕਿ ਕਿਸੇ ਨੂੰ ਪਤਾ ਵੀ ਨਾ ਲਗੇ । ਲੋਕਾਂ ਸਾਹਮਣੇ ਉਹ ਲੋੜ ਤੋਂ ਵਧ ਲਦਿਆ ਹੁੰਦਾ ਹੈ, ਆਪਣੇ ਸਾਹਮਣੇ ਖਾਲੀ ਖਾਲੀ ਹੁੰਦਾ ਹੈ । ਆਪਣੇ ਸਮਾਨੰਤਰ ਉਹ ਇੱਕ ਸੁਪਨ-ਬੁਤ ਦੀ ਸਿਰਜਣਾ ਕਰਨਾ ਚਾਹੁੰਦਾ ਹੈ । ਤਿੜਕਦਾ ਵੇਖਕੇ ਮਰਨ ਮਾਰਨ ਨੂੰ ਤਿਆਰ ਹੋ ਜਾਂਦਾ ਹੈ । ਜਿਹੜੇ ਦੋ, ਇੱਕ ਦੂਜੇ ਦੀ ਕਮਜ਼ੋਰੀ ਜਾਣਦੇ ਹਨ, ਉਹਨਾਂ ਦਾ ਪਿਆਰ ਹੋ ਜਾਂਦਾ ਹੈ । ਦੋਸਤੀ ਜਾਂ ਦੋਸਤੀ ਵਰਗੇ ਸਮਝੌਤੇ ਦਾ ਆਧਾਰ ਮਨੁਖਾਂ ਦਾ ਗੁਣ ਨਹੀਂ ਹੁੰਦੇ ਸਗੋਂ ਔਗੁਣਾਂ ਦੀ ਸਾਂਝ ਉਹਨਾਂ ਨੂੰ ਬੰਨ੍ਹੀ ਰੱਖਦੀ ਹੈ ।

ਸਾਡੇ ਸੰਵਿਧਾਨ ਵਿਚ ਲਿਖਣ ਦੀ ਆਜ਼ਾਦੀ ਹੈ । ਤੇ ਬੋਲਣ ਦੀ ਵੀ । ਇਸ ਲਈ ਤੀਵੀਂ ਮਰਦ ਦੋਵੇਂ ਆਜ਼ਾਦ ਹਨ । ਲੇਖਕ ਤੇ ਗ਼ੈਰ-ਲੇਖਕ ਦੋਵੇਂ ਆਜ਼ਾਦ ਹਨ । ਸਿਧਾਂਤਕ ਤੌਰ 'ਤੇ ਆਜ਼ਾਦ ਹਨ । ਸਮੂਹਿਕ ਰੂਪ ਵਿਚ ਆਜ਼ਾਦ ਹਨ । ਪਰ ਵਿਅਕਤੀਗਤ ਤੌਰ 'ਤੇ ਹਰ ਇਕ ਦੀ ਆਜ਼ਾਦੀ ਉਹਦੇ ਸਾਥੀ ਜਾਂ ਸਾਥੀਆਂ 'ਤੇ ਨਿਰਭਰ ਕਰਦੀ ਹੈ । ਆਜ਼ਾਦੀ ਕੁਦਰਤ ਦੀ ਦੇਣ ਹੈ । ਰਿਸ਼ਤੇ ਮਨੁੱਖ ਦੇ ਆਪਣੇ ਬਣਾਏ ਹੋਏ ਹਨ । ਬੱਸ ਸਾਰਾ ਝਗੜਾ ਪ੍ਰਕਿਰਤੀ ਤੇ ਸੰਸਕ੍ਰਿਤੀ ਦਾ ਹੈ । ਮਨੁਖ ਆਪਣੇ ਲਈ ਸੰਗਲ ਵੀ ਆਪ

ਤਿਆਰ ਕਰਦਾ ਹੈ, ਕੜੀਆਂ ਬੇੜੀਆਂ ਨੂੰ ਪਲੋਸਦਾ ਪਿਆਰਦਾ ਵੀ ਹੈ। ਗੁਲਾਮੀ ਦੀ ਦੁਹਾਈ ਵੀ ਮਚਾਉਂਦਾ ਹੈ। ਉਹਨੂੰ ਖੁਦ ਪਤਾ ਨਹੀਂ ਕੀ ਚਾਹੁੰਦਾ ਹੈ।

ਮਰਦ ਤੀਵੀਂ ਨੂੰ ਚਾਹੁੰਦਾ ਹੈ। ਤੀਵੀਂ ਮਰਦ ਨੂੰ ਚਾਹੁੰਦੀ ਹੈ। ਮਰਦ 'ਭੋਗਤਾ' ਹੈ, ਤੇ ਤੀਵੀਂ 'ਭੋਗ' ਹੈ। ਮਰਦ ਤੀਵੀਂ ਦੀ ਉਸਤਤ ਕਰਦਾ ਹੈ। ਤੀਵੀਂ ਸੁਣਦੀ ਹੈ। ਮਰਦ ਲਿਖਦਾ ਹੈ ਤੀਵੀਂ ਪੜ੍ਹੇ ਭਾਵੇਂ ਨਾ ਉਹਦੀ ਮਰਜ਼ੀ। ਅਸਲ ਵਿਚ ਮਰਦ ਕਿਸੇ ਤੀਵੀਂ ਵਿਸ਼ੇਸ਼ ਨਾਲ ਗੱਲ ਕਰਨੀ ਚਾਹੁੰਦਾ ਹੈ। ਬਹਾਨਾ ਕੋਈ ਬਣਦਾ ਨਹੀਂ। ਰਸਾਈ ਹੁੰਦੀ ਨਹੀਂ ਉਹੀਓ ਗੱਲ ਉਹ ਅਖਬਾਰਾਂ ਰਸਾਲਿਆਂ ਵਿਚ ਛਪਵਾ ਦੇਂਦਾ ਹੈ, ਕਿਉਂਕਿ ਜ਼ਾਤੀ ਤੌਰ 'ਤੇ ਚਿੱਠੀ ਲਿਖਣ ਦਾ ਹੌਂਸਲਾ ਨਹੀਂ ਹੁੰਦਾ। ਤੀਵੀਂ ਦੀ ਇਹ ਅਧਾਉਤੀ ਬੇ-ਰੁਖੀ ਜਾਂ ਮਰਦ ਦਾ ਇਕ ਪਾਸੜ ਪਿਆਰ ਸਾਹਿੱਤ ਬਣੀ ਜਾਂਦਾ ਹੈ। ਆਦਮੀ ਏਨਾ ਸਿਆਣਾ ਹੋ ਚੁਕਾ ਪਰ ਹੁਣ ਤੱਕ ਸਮਝ ਨਹੀਂ ਸਕਿਆ ਕਿ ਜੇ ਸੰਸਾਰ ਦੀ ਹਰ ਚੀਜ਼ ਪਰਿਵਰਤਨ-ਸ਼ੀਲ ਹੈ ਤਾਂ ਮਨੁਖ ਵਿਚ ਇਕਸਾਰਤਾ ਕਿਵੇਂ ਹੋ ਸਕਦੀ ਹੈ। ਮਨੁਖ ਨਵੀਨਤਾ ਦਾ ਸ਼ੈਦਾਈ ਹੈ। ਖੜੋਤ ਤੋਂ ਅੱਕ ਜਾਂਦਾ ਹੈ। ਰੁਟੀਨ ਖੁਦਕੁਸ਼ੀ ਹੈ। ਸਾਹਿੱਤ ਵਿਚ ਉਹ ਕੁਦਰਤ ਦੇ ਨੇੜੇ ਹੁੰਦਾ ਹੈ, ਇਸ ਲਈ ਆਜ਼ਾਦ ਹੁੰਦਾ ਹੈ। ਖੁਸ਼ ਹੁੰਦਾ ਹੈ। ਪਰ ਧਰਤੀ 'ਤੇ ਆਉਂਦਾ ਹੀ ਪੁਰਾਣੀ ਅੱਗ ਵਿਚ ਭੁਜਣ ਲੱਗ ਪੈਂਦਾ ਹੈ। ਆਰਥਿਕ ਲੋੜਾਂ ਦੀ ਪੂਰਤੀ ਮਾਹੌਲ ਨੂੰ ਸੁਖਾਵਾਂ ਤਾਂ ਬਣਾ ਸਕਦੀ ਹੈ, ਸਿਰਜਣਸ਼ੀਲਤਾ ਸੁਤੰਤਰ ਸਮਸਿਆ ਹੈ।

ਮਨੁਖ ਸਿਆਣਾ ਹੋ ਹੀ ਨਹੀਂ ਸਕਦਾ।

ਕਿਉਂਕਿ ਮਨੁਖ ਸਿਆਣਾ ਹੁੰਦਾ ਹੁੰਦਾ ਬੁਢਾ ਹੋ ਜਾਂਦਾ ਹੈ। ਮਰ ਜਾਂਦਾ ਹੈ।

ਜੰਮਣ ਵੇਲੇ ਹਰ ਮਨੁਖ ਬੱਚਾ ਹੁੰਦਾ ਹੈ।

ਬਚਪਨ ਤੋਂ ਜ਼ਿੰਦਗੀ ਸ਼ੁਰੂ ਹੁੰਦਾ ਹੈ/ਹੁੰਦੀ ਰਹੇਗੀ।

ਮਨੁਖ ਸਦਾ ਵਾਂਗ ਮੁਕਤੀ ਦੀ ਭਾਲ ਵਿਚ ਰਹੇਗਾ।

ਦਰ-ਅਸਲ ਸਾਹਿੱਤ ਆਪਣੇ ਆਪ ਵਿਚ ਇਕ ਸਮਾਨੰਤਰ ਸੰਸਾਰ ਹੁੰਦਾ ਹੈ। ਸਾਹਿੱਤ ਦੇ ਤੀਵੀਂ ਮਰਦ ਸੁਤੰਤਰ ਹੁੰਦੇ ਹਨ। ਉਹ ਪਤੀ ਪਤਨੀ ਨਹੀਂ ਹੁੰਦੇ। ਉਹਨਾਂ ਦੀਆਂ ਕੋਈ ਜ਼ੁੰਮੇਵਾਰੀਆਂ ਨਹੀਂ ਹੁੰਦੀਆਂ। ਉਹ ਆਦਮੀ ਨਹੀਂ, ਆਦਮੀ ਦਾ ਸੁਪਨਾ ਹੁੰਦੇ ਹਨ। ਸੁਪਨੇ ਦੀ ਰੀਸ ਕਰਦਾ ਕਰਦਾ ਬੰਦਾ ਘਰ ਦਾ ਦਰਵਾਜ਼ਾ ਦੂਜੇ ਬੰਨੇ ਲਾ ਬਹਿੰਦਾ ਹੈ ਤੇ ਪਿਛਲੇ ਦਰਵਾਜ਼ੇ ਤੇ ਬਹਿ ਕੇ ਤੀਵੀਂ ਦੇ ਖਿਲਾਫ ਲਿਖਦਾ ਰਹਿੰਦਾ ਹੈ। ਮਰਦ ਸਰਾਪਿਆ ਹੋਇਆ ਹੈ। ਭਟਕਦਾ ਹੈ। ਤੀਵੀਂ ਸੰਪੰਨ ਹੈ। ਸੰਤੁਸ਼ਟ ਹੈ। ਰੱਜੀ ਹੋਈ ਹੈ। ਉਹਨੂੰ ਲਿਖਣ ਦੀ ਲੋੜ ਨਹੀਂ।

ਹਾਂ ਜੀ, ਤਾਂ ਤੇ ਸਾਹਿੱਤਕਾਰ ਲਿੰਗ ਮੁਕਤ ਹੋਇਆ। ਲਿੰਗ ਮੁਕਤ ਤੀਵੀਂ ਸਾਹਿੱਤ ਦੇ ਖੇਤਰ ਵਿਚ ਪ੍ਰਵੇਸ਼ ਕਰ ਰਹੀ ਹੈ। ਸਾਹਿੱਤਕਾਰ ਬਣ ਰਹੀ ਹੈ। ਸਾਹਿੱਤ, ਮਰਦ ਦੀ ਜਾਗੀਰ ਨਹੀਂ। ਇਹ ਵੱਖਰੀ ਗੱਲ ਹੈ ਕਿ ਮਰਦ ਤੀਵੀਂ ਨੂੰ ਆਪਣੀ ਜਾਗੀਰ ਸਮਝਦਾ ਹੈ, ਸਹਿੱਤ ਨੂੰ ਵੀ ਸਮਝ ਸਕਦਾ ਹੈ। ਹੁਣ ਤਕ ਉਸਦੀ ਜਾਗੀਰ ਰਹੀ ਵੀ ਹੈ। ਜੇ ਤੀਵੀਂ ਵਾਲਾ ਭਰਮ ਟੁਟਾ ਹੈ ਤਾਂ ਸਾਹਿੱਤ ਵਾਲਾ ਵੀ ਟੁਟ ਰਿਹਾ ਹੈ। ਹੁਣ ਔਰਤ ਸਿਰਫ ਮਾਂ ਭੈਣ ਦੇ ਰੂਪ ਵਿਚ ਹੀ ਨਹੀਂ, ਤੀਵੀਂ ਦੇ ਰੂਪ ਵਿਚ ਪ੍ਰਵਾਨਗੀ ਚਾਹੁੰਦੀ ਹੈ।

ਮਾਂ-ਭੈਣ-ਧੀ-ਪਤਨੀ-ਪ੍ਰੇਮਿਕਾ ਤੋਂ ਇਲਾਵਾ ਉਹ ਆਪਣਾ ਤੀਵੀਂ ਬਿੰਬ ਵੀ ਕਾਇਮ ਰੱਖਣਾ ਚਾਹੁੰਦੀ ਹੈ। ਯਤਨਸ਼ੀਲ ਹੈ। ਆਪਣਾ ਪੁਰਾਣਾ ਬਿੰਬ ਆਪ ਹੀ ਤੋੜ ਰਹੀ ਹੈ। ਨਵੇਂ ਬਿੰਬ ਦਾ ਨਿਰਮਾਣ ਵੀ ਉਸਨੇ ਆਪ ਹੀ ਕਰਨਾ ਹੈ। ਮਰਦ ਦੇ ਖੰਭਾਂ ਨਾਲ ਉਡਣਾ ਹੁਣ ਉਹਨੂੰ ਰਾਸ ਨਹੀਂ ਆ ਸਕਦਾ। ਉਹ 'ਘਰਵਾਲੀ' ਹੁੰਦੀ ਹੋਈ ਵੀ ਘਰ ਤੋਂ ਬਾਹਰ ਨਿਕਲ ਆਈ ਹੈ। ਘਰ ਤੋਂ ਨਿਕਲ ਕੇ ਰਾਹ ਸਿਰਫ ਬਾਜ਼ਾਰ ਵੱਲ ਹੀ ਨਹੀਂ ਜਾਂਦਾ, ਸਵੈਮਾਣ ਵੱਲ ਵੀ ਜਾਂਦਾ ਹੈ। ਮਰਦ ਵਾਂਗ ਹੁਣ ਤੀਵੀਂ ਵੀ ਪ੍ਰਕਿਰਤੀ ਅਤੇ ਸੰਸਕ੍ਰਿਤੀ ਨਾਲ ਦੋ-ਚਾਰ ਹੋ ਰਹੀ ਹੈ। ਰਾਖਵੀਂ ਰੋਸ਼ਨੀ ਤੋਂ ਬਾਹਰ ਝਾਕਣਾ ਉਹਨੂੰ ਨਸੀਬ ਹੋ ਰਿਹਾ ਹੈ। ਉਹਦੇ ਅਨੁਭਵਾਂ ਨੂੰ ਜ਼ਬਾਨ ਵੀ ਲੱਗ ਰਹੀ ਹੈ। ਮਨੁੱਖਤਾ ਨੂੰ ਬੋਲੀ ਸਿਖਾਉਣ ਵਾਲੀ ਤੀਵੀਂ ਆਪ ਸਿਰਫ 'ਮੂਰਤੀ' ਬਣਕੇ ਨਹੀਂ ਰਹਿ ਸਕਦੀ। ਉਹ ਦਿਨ ਗਏ ਜਦੋਂ ਡੋਲੀ ਆਉਂਦੀ ਸੀ ਤੇ ਅਰਥੀ ਨਿਕਲਦੀ ਸੀ। ਤੀਵੀਂ ਬੇ-ਜੀਭੀ ਗਾਂ ਹੁੰਦੀ ਸੀ। ਤਰਸ ਦੀ ਪਾਤਰ ਹੁੰਦੀ ਸੀ। 'ਅਬਲਾ ਜੀਬਨ ਜੀਵਨ ਹਾਏ, ਤੁਮਹਾਰੀ ਯਹੀ ਕਹਾਨੀ।

ਆਂਚਲ ਮੇਂ ਹੈ ਦੂਧ, ਔਰ ਆਂਖੋਂ ਮੇਂ ਪਾਨੀ

ਜੋ ਅੱਜ ਤਕ ਨਹੀਂ ਸੀ ਹੋਇਆ, ਅੱਜ ਹੋ ਰਿਹਾ ਹੈ। 'ਪਰਦੇ ਦੀ ਅਧਿਕਾਰੀ' ਹੁਣ ਆਪਣੇ ਅਸਲ ਅਧਿਕਾਰਾਂ ਪ੍ਰਤਿ ਸੁਚੇਤ ਹੋ ਰਹੀ ਹੈ। ਉਸਨੂੰ ਸਿਰਫ ਜ਼ਬਾਨ ਹੀ ਨਹੀਂ ਤਲਵਾਰ ਵੀ ਚਲਾਉਣੀ ਆਉਂਦੀ ਹੈ ਤੇ ਕਲਮ ਵੀ। ਭੀੜ ਦੀ ਕੋਈ ਸ਼ਖਸੀਅਤ ਨਹੀਂ ਹੁੰਦੀ, ਵਿਅਕਤੀ ਦੀ ਹੁੰਦੀ ਹੈ। ਆਪਣੀ ਸ਼ਖਸੀਅਤ ਦੀ ਪਛਾਣ ਹੀ ਵਿਅਕਤੀ ਨੂੰ ਤੀਸਰੀ ਅੱਖ ਦੇਂਦੀ ਹੈ। ਪਿਉ, ਭਰਾ, ਪਤੀ, ਪੁੱਤ ਤੇ ਪ੍ਰੇਮੀ ਲਈ ਸਮਰਪਿਤ ਸ਼ਖਸੀਅਤ ਹੁਣ ਆਤਮ ਨਿਰਭਰ ਹੋ ਕੇ ਗੱਲ ਕਰਨ ਜੋਗੀ ਹੋ ਗਈ ਹੈ। ਲੋੜ ਇਸ ਗੱਲ ਦੀ ਹੈ ਕਿ ਤੀਵੀਂ ਅੱਜ ਸਾਹਿੱਤ ਵਾਲੀ ਤੀਵੀਂ ਨਾਲ ਬਰ ਨਾ ਮੇਚੇ। ਮਰਦ ਦੇ ਬੁਣੇ ਹੋਏ ਭਰਮ-ਜਾਲ 'ਚੋਂ ਬਾਹਰ ਨਿਕਲੇ। ਆਪਣੇ ਖੰਭਾਂ ਵਿਚ ਉਡਾਣ ਭਰੇ। ਪ੍ਰਤੀਕਾਂ, ਬਿੰਬਾਂ, ਵਿਸ਼ੇਸ਼ਣਾਂ ਤੇ ਅਲੰਕਾਰਾਂ ਚੋਂ ਨਿਕਲ ਕੇ ਯਥਾਰਥ ਦੀ ਜ਼ਮੀਨ ਉਤੇ ਆਵੇ।

ਯਥਾਰਥ ਦੀ ਜ਼ਮੀਨ ਤਿਆਰ ਹੈ ਪਰ ਏਥੇ ਜੀਵਨ ਸਿਰਫ ਸਾਂਹ ਹੋਂਦ ਸਦਕਾ ਹੀ ਸੰਭਵ ਹੈ। ਪਹਿਲਾਂ ਮਰਦ ਨਾਰੀ ਨੂੰ ਨਿੰਦਦਾ ਰਿਹਾ। ਹੁਣ ਨਾਰੀ ਮਰਦ ਨੂੰ ਨਿੰਦਦੀ ਰਹੇ ਤਾਂ ਗੱਲ ਕੀ ਬਣੀ। ਮਰਦ ਨੇ 'ਮੂਰਖਤਾ' ਕੀਤੀ ਤਾਂ ਔਰਤ ਨੂੰ ਹੀ ਸਿਆਣਪ ਵਰਤਣੀ ਚਾਹੀਦੀ ਹੈ। ਚਾਹੀਦਾ ਤਾਂ ਹੋਰ ਵੀ ਬਹੁਤ ਕੁਝ ਹੈ ਪਰ ਹਾਲ ਦੀ ਘੜੀ ਸਾਨੂੰ ਆਪਣੇ ਨੁਕਤੇ 'ਤੇ ਵਾਪਸ ਆਉਣਾ ਚਾਹੀਦਾ ਹੈ। ਗੱਲ ਕਿਸੇ ਸਿਰੇ ਲਾਉਣੀ ਚਾਹੀਦੀ ਹੈ।

ਗੱਲ ਤਾਂ ਜਿੱਥੇ ਪਹੁੰਚਣੀ ਸੀ ਪਹੁੰਚ ਗਈ। ਤੀਵੀਂ ਦੇ ਬਹਾਨੇ ਸਾਹਿੱਤ ਦੀ ਗੱਲ ਜਾਂ ਸਾਹਿੱਤ ਦੇ ਬਹਾਨੇ ਤੀਵੀਂ ਦੀ ਗੱਲ। ਦੋਹਾਂ ਦੇ ਬਹਾਨੇ ਆਪਣੀ ਗੱਲ। ਬੱਸ, ਤੀਵੀਂ ਅਤੇ ਸਾਹਿੱਤ ਨੂੰ ਅਲੱਗ ਨਹੀਂ ਕੀਤਾ ਜਾ ਸਕਦਾ। ਪਹਿਲਾਂ ਤੀਵੀਂ ਸਾਹਿੱਤ ਨਾਲ ਅਸਿਧੇ ਤੌਰ 'ਤੇ ਜੁੜੀ ਹੋਈ ਸੀ, ਹੁਣ ਸਿੱਧੇ ਤੌਰ ਤੇ ਸੰਬੰਧਿਤ ਹੈ। ਪਹਿਲਾਂ ਤੀਵੀਂ ਸਾਹਿੱਤ ਵਿਚ ਅਭੇਦ ਸੀ, ਹੁਣ ਸਾਹਿੱਤ ਭੇਦ ਤੋਂ ਜਾਣੂ ਹੈ। ਪਹਿਲਾਂ ਵਸਤੂ ਸੀ, ਹੁਣ ਵਿਅਕਤੀ ਹੈ। ਜਿੱਥੇ ਵਿਅਕਤੀ ਹੈ ਓਥੇ ਅਭਿਵਿਅਕਤੀ ਵੀ ਜ਼ਰੂਰ ਹੋਵੇਗੀ। ○

[ਬੀ/28, ਅਫਸਰ ਕਲੋਨੀ, ਰੋਪੜ]

ਧਰਮ ਕੰਮੇਆਣਾ

## ਆਰ-ਪਾਰ

ਉਹ ਚੰਦਰਾ ਉੱਤੋਂ-ਉਤੋਂ ਵੇਖਿਆਂ
ਸਿਲਕ ਜਿਹਾ ਮੁਲਾਇਮ ਲੱਗਦਾ ਹੈ ਪਰ ਅੰਦਰੋਂ
ਕਿਸੇ ਗ਼ਰੀਬ ਜੱਟ ਦੇ ਮੋਢਿਆਂ ਤੋਂ ਘਸੇ ਖੱਦਰ ਦੇ ਝੱਗੇ ਵਰਗਾ ਹੈ

o

ਉਹ ਇਕ ਐਸੇ ਘਰ ਜੰਮਿਆ ਹੈ
ਜਿੱਥੇ ਕੰਧਾਂ-ਕੰਧਾਂ 'ਤੇ ਹੱਸਣ—ਪਰ ਦਿਲ ਵਿਚਲੀ ਗੱਲ ਨਾ ਦੱਸਣ
ਜਿੱਥੇ ਮੋਹ ਦਾ ਪਹਿਨ ਮਖੌਟਾ
ਰਿਸ਼ਤੇ-ਰਿਸ਼ਤਿਆਂ ਨੂੰ ਚੁੰਮਣ—ਰਿਸ਼ਤੇ-ਰਿਸ਼ਤਿਆਂ ਨੂੰ ਚੱਟਣ
ਰਿਸ਼ਤੇ-ਰਿਸ਼ਤਿਆਂ ਨੂੰ ਲੁੱਟਣ
ਤੇ ਕਦੇ-ਕਦੇ ਇਹ ਰਿਸ਼ਤੇ ਇਕ ਦੂਜੇ ਦੇ ਮੂੰਹ 'ਤੇ ਥੁੱਕਣ

o

ਉਹਨੂੰ ਜਦ ਸੰਦਲੀ ਹਵਾ ਦੇ ਬੁੱਲੇ ਵਰਗੇ
ਭੋਲੇ ਜਹੇ ਦਿਨਾਂ ਦੀ ਮਿੱਠੀ ਜਹੀ ਯਾਦ ਆਉਂਦੀ ਹੈ
ਜਦੋਂ ਗਲੀ ਵਿੱਚ 'ਬਾਂਦਰ-ਕਿੱਲਾ' ਖੇਡਦੇ ਨੂੰ ਮਾਂ
ਰੋਟੀ ਖਾਣ ਲਈ ਗਾਲ੍ਹਾਂ ਕੱਢਕੇ ਬੁਲਾਇਆ ਕਰਦੀ ਸੀ
ਤੇ ਜਦੋਂ ਬਿੱਲੀ ਦੇ ਘੁੱਗਰੀ ਪਾਕੇ—ਉਹਨੂੰ ਗਲੀਆਂ 'ਚ ਭਜਾਕੇ
ਹੱਸ-ਹੱਸ ਦੂਹਰੇ ਹੋ ਜਾਈਦਾ ਸੀ
ਤਾਂ ਉਹ ਚੰਦਰਾ ਹੋਰ ਹੀ ਵਹਿਣਾਂ 'ਚ ਵਹਿ ਤੁਰਦਾ ਹੈ
ਤੇ ਉਹਦੀਆਂ ਝੀਲ ਵਰਗੀਆਂ ਅੱਖਾਂ 'ਚ ਹੜ੍ਹ ਆ ਜਾਂਦਾ ਹੈ

o

ਉਹਨੂੰ ਉਹ ਛਮਕ ਜਹੀ ਕੁੜੀ ਬਹੁਤ ਯਾਦ ਆਉਂਦੀ ਹੈ ਜੋ ਕਹਿੰਦੀ ਹੁੰਦੀ ਸੀ,
"ਮਰਜਾਣਿਆ ! ਤੂੰ ਤਾਂ ਮੈਨੂੰ 'ਜੱਟੀਓਂ' 'ਹੀਰ' ਬਣਾ ਤਾ"
ਤੇ ਕਮਬਖ਼ਤ ਕਬਰਾਂ ਤੱਕ ਇਕੱਠੇ ਜਾਣ ਦੇ ਵਾਅਦੇ ਕਰਦੀ-ਕਰਦੀ
ਇਕ ਦਿਨ ਚੁੱਪ-ਚੁਪੀਤੇ ਹੀ ਹੱਥਾਂ ਚੋਂ ਸਾਬਣ ਵਾਂਗ ਤਿਲਕ ਗਈ
ਤੇ ਉਹ ਕਿਸੇ ਸ਼ਿਕਾਰੀ ਦੀ ਗੋਲੀ ਨਾਲ ਫੱਟੜ ਹੋ ਕੇ
ਰੋਹੀ ਦੇ ਵਿਚਕਾਰ ਡਿੱਗੇ ਮ੍ਰਿਗ ਵਾਂਗ ਤੜਫਕੇ ਰਹਿ ਗਿਆ
...ਤੇ ਫਿਰ ਕਈ ਵਰ੍ਹਿਆਂ ਪਿੱਛੋਂ
(ਜਿਵੇਂ ਕੋਈ ਸਿਵਿਆਂ ਚੋਂ ਉੱਠਕੇ ਆ ਗਿਆ ਹੋਵੇ)
ਉਹ ਕੁੜੀ ਇਕ ਬੱਚੇ ਨੂੰ ਉਂਗਲੀ ਲਾਕੇ ਤੁਰੀ ਆਉਂਦੀ ਮਿਲੀ

(ਬੱਚਾ, ਜੀਹਦੇ ਬਾਪ ਦਾ ਨਾਂ
ਮੁਹੱਲੇ ਦਾ ਚੌਂਕੀਦਾਰ ਗਲਤੀ ਨਾਲ ਹੋਰ ਲਿਖ ਬੈਠਾ ਸੀ)
ਤੇ ਸਾਰੇ ਦਾ ਸਾਰਾ ਮੋਹ ਅੱਖੀਆਂ 'ਚ ਭਰਕੇ
ਉਹਦੇ ਕੰਬਦੇ ਹੋਏ ਹੱਥਾਂ ਨੂੰ ਆਪਣੇ ਹੱਥਾਂ 'ਚ ਫੜਕੇ
ਹੌਲੀ ਜਹੇ ਬੋਲੀ (ਜਿਵੇਂ ਬਰੀਕੀ ਤਾਪ ਚੜ੍ਹਿਆ ਹੋਵੇ)
"ਵੈਰੀਆ ਆਪਣੀ ਸਿਹਤ ਦਾ ਖਿਆਲ ਰੱਖਿਆ ਕਰ"
ਤੇ ਉਸਨੂੰ ਇਉਂ ਜਾਪਿਆ ਜਿਵੇਂ ਕੋਈ ਜਲਾਦ
ਸੂਲੀ ਚੜ੍ਹਨ ਵਾਲੇ ਤੋਂ ਆਖ਼ਰੀ ਖਾਹਿਸ਼ ਪੁੱਛ ਰਿਹਾ ਹੋਵੇ

o

ਉਹ ਜਿਸ ਦਿਨ ਮੋਟੀਆਂ-ਮੋਟੀਆਂ ਅੱਖਾਂ ਵਾਲੀ ਟੱਪਰੀਵਾਸ ਕੁੜੀ ਦੇ
ਮੱਥੇ 'ਤੇ ਖੁਣੇ ਚੰਦ ਵਰਗੇ ਸੁਨੱਖੇ ਜਹੇ ਸੁਪਨਿਆਂ ਦੇ ਗੀਟੇ
'ਸਾਊ-ਨਾਗਰਿਕਾਂ' ਵਾਂਗ ਰੋਜ਼ਗਾਰ ਦਫ਼ਤਰ ਦੀਆਂ ਫ਼ਾਇਲਾਂ ਹੇਠ ਰੱਖ ਆਇਆ ਸੀ
ਤਾਂ ਬਹੁਤ ਛਟ-ਪਟਾਇਆ ਸੀ

ਉਹਨੂੰ ਇਸ ਗੱਲ ਦਾ ਬਹੁਤ ਦੁੱਖ ਹੈ
ਕਿ ਉਹ ਬੁੱਢੇ ਹੋਏ ਮਾਪਿਆਂ ਲਈ ਪਿੱਪਲ ਦੀ ਛਾਂ ਵਰਗਾ ਕੁੱਝ ਨਹੀਂ ਬਣ ਸਕਿਆ
ਉਹਦੀ ਉਮਰ ਦੇ 'ਘਾਨਾ-ਵਾਲ' ਵਿੱਚ ਸਾਹ ਲੈਣ ਲਈ ਕੋਈ ਥਾਂ ਨਹੀਂ

o

ਉਹ ਹੁਣ ਅਕਸਰ ਹੀ ਕਹਿੰਦਾ ਹੈ ਦੋਸਤੋ ਇਹ ਕਿਹੋ ਜਿਹਾ ਸ਼ਹਿਰ ਹੈ
ਜਿਸਦੇ ਬਜ਼ਾਰਾਂ ਵਿੱਚ ਕੁੜੀਆਂ ਨਹੀਂ ਮੇਕਅਪ ਘੁੰਮਦੀ ਹੈ
ਸੜਕਾਂ 'ਤੇ ਦਹਾੜਦੀਆਂ 'ਸੀ. ਆਰ. ਪੀ.' ਦੀਆਂ ਜੀਪਾਂ ਆਖਦੀਆਂ ਨੇ
ਕਿ ਹਾਲਤ ਤਨਾਓਪੂਰਨ ਹੈ
ਅਖ਼ਬਾਰ ਚੀਕਦੇ ਨੇ ਕਿ ਫ਼ੱਕਰੋ ਖ਼ੈਰ ਨਹੀਂ
ਤੇ ਗੂੰਗੀਆਂ ਕੰਧਾਂ 'ਤੇ ਫਿਰਕੂ ਨਾਹਰੇ ਭੌਂਕਦੇ ਨੇ "ਮਨੁੱਖਤਾ— ਮੁਰਦਾਬਾਦ"
ਤੇ ਉਹ ਹੁਣ ਹੋਰ ਵੀ ਉਦਾਸ ਰਹਿੰਦਾ ਹੈ

o

ਜੀਹਦਾ ਮੈਂ ਜ਼ਿਕਰ ਕਰ ਰਿਹਾ ਹਾਂ
ਉਹ ਗੌਤਮ ਦੇ ਬੁੱਧ ਹੋ ਜਾਣ ਦੇ ਵਿੱਚ ਵਿਚਾਲੇ ਦਾ ਕੋਈ ਸਫ਼ਰ ਹੈ
ਉਹ ਰੰਗਪੁਰ ਦੀਆਂ ਨਲੀ-ਚੋਚ ਤੀਵੀਆਂ ਵੱਲੋਂ
ਹੀਰ ਨੂੰ ਪੇਕੀਂ ਯਾਰ ਹੰਢਾਕੇ ਆਉਣ 'ਤੇ ਮਾਰੇ ਗਏ
ਮਿਹਣਿਆਂ ਦੀ ਅਣਲਿਖੀ ਕਥਾ ਹੈ
ਵਾਘਿਓਂ ਪਾਰ ਕੂਕਦੇ ਆਲਮ ਲੁਹਾਰ ਦੀਆਂ ਹੇਕਾਂ ਨੇ
ਉਹਨੂੰ ਕਈ ਵਾਰੀਂ ਧਾਹੀਂ ਰੁਆਇਆ ਹੈ

ਤੇ ਸੁਰਿੰਦਰ ਕੌਰ ਦੇ ਸੱਜਰੇ ਚੋਏ ਸ਼ਹਿਦ ਵਰਗੇ ਬੋਲਾਂ ਨਾਲ
ਉਸ ਨੂੰ ਅੰਤਾਂ ਦਾ ਮੋਹ ਹੈ
ਉਹਨੂੰ ਰੌਣੀ ਕੀਤੇ ਵਾਹਣ 'ਚ ਹੱਸਦਾ ਚੰਦ ਬਹੁਤ ਸੋਹਣਾ ਲੱਗਦਾ ਹੈ
ਤੇ ਮੁੰਜਰਾਂ 'ਤੇ ਆਏ ਝੋਨੇ ਦੀ ਮਹਿਕ ਨੂੰ
ਉਹਦਾ ਕਲਾਵੇ 'ਚ ਲੈਣ ਨੂੰ ਜੀਅ ਕਰਦਾ ਹੈ
ਉਹ ਨੀਲੇ ਆਕਾਸ਼ 'ਤੇ ਸਲੇਟੀ ਬੱਦਲ ਬਣਕੇ ਫੈਲਣਾ ਚਾਹੁੰਦਾ ਹੈ
ਇਸੇ ਲਈ ਉਸਨੂੰ
ਕਿਸੇ ਪੁਰਾਣੀ ਫ਼ਿਲਮ ਦੇ ਘਸੇ ਹੋਏ ਪ੍ਰਿੰਟ ਵਰਗੇ ਮਾਹੌਲ ਨਾਲ ਅੰਤਾਂ ਦੀ ਚਿੜ ਹੈ
ਉਹ ਕਾਲਿਜ ਦੀ ਕੰਨਟੀਨ 'ਤੇ
'ਬਟਿਆਂ 'ਚ' ਪੀਤੀ ਚਾਹ ਦਾ—ਅਣਭੁਗਤਾਇਆ ਬਿੱਲ ਹੈ

o

ਆਪਣੀ ਮਰੀ ਹੋਈ ਉਮਰ 'ਚੋਂ ਉਹ ਹਾਲੇ ਵੀ ਕੁੱਝ ਨਾ ਕੁੱਝ ਬਚਾ ਲਿਆਇਆ ਹੈ
ਮਹਿੰਗੇ ਮੋਚੀ ਦੀ ਚਿਲਮ 'ਚ ਭਖ਼ਦੇ ਅੰਗਿਆਰ ਵਰਗਾ
ਪਹਿਲੀ ਵਾਰੀਂ ਕਿਸੇ ਮੁੰਡੇ ਨਾਲ ਗੱਲ ਕਰਨ ਲੱਗਿਆਂ
ਕਿਸੇ ਅੱਲੜ੍ਹ ਕੁੜੀ ਦੇ ਚਿਹਰੇ 'ਤੇ ਆ ਗਈ ਲਾਲੀ ਵਰਗਾ
ਤੇ ਇਹ ਸਭ ਇਸ ਬਚੇ ਹੋਏ ਜਿਉਂਦੇ ਹਿੱਸੇ ਦੀ ਹੀ ਰਹਿਮਤ ਹੈ
ਕਿ ਕੁਝ ਦਿਨ ਪਹਿਲਾਂ, ਉਹਦੇ ਘਰ
ਮੂੰਹ-ਸਾਜਰੇ ਹੀ ਪੁਲੀਸ ਦਾ ਛਾਪਾ ਪਿਆ ਸੀ
ਤੇ ਉਹਨੂੰ ਪਿੰਡ ਦੇ ਅੱਡੇ 'ਚ ਲਿਆ ਕੇ ਉਹਦੀ ਕੂਣੀ 'ਤੇ ਡਾਂਗ ਮਾਰ ਕੇ
ਟੀਰਾ ਜਿਹਾ ਠਾਣੇਦਾਰ ਗਰਜਿਆ ਸੀ
"ਦੱਸ ਉਏ ਵੱਡਿਆ ਕਾਮਰੇਡਾ ਕਿੱਥੇ ਰੱਖੇ ਨੇ ਹਥਿਆਰ"
ਉਹ ਪੀੜ ਨਾਲ ਦੂਹਰਾ ਹੁੰਦਾ
ਪਹਿਲਾਂ ਤਾਂ ਪੂਰਬ ਦੀ ਕੁੱਖ 'ਚੋਂ ਨਿਕਲਦੇ ਆਉਂਦੇ ਸੂਰਜ ਵੱਲ ਸੀ ਝਾਕਿਆ
ਤੇ ਫਿਰ ਚੁੱਪ-ਚੁਪੀਤੇ ਹੀ ਉਸਨੇ ਆਪਣਾ ਹੱਥ
ਕੰਮੀਆਂ ਦੇ ਵਿਹੜੇ ਵੱਲੀਂ ਸੀ ਕਰ ਦਿੱਤਾ...
(ਕੰਮੀਆਂ ਦਾ ਵਿਹੜਾ ਜੀਹਦੇ ਬਾਸ਼ਿੰਦੇ, ਸੁੱਕੀਆਂ ਰੋਟੀਆਂ ਖਾ ਕੇ ਵੀ
ਮਖਣੀ ਵਰਗੇ ਬਿੰਦੇ ਸੁਭਾ ਰੱਖਦੇ ਨੇ
ਤੇ ਪਿੰਡੇ 'ਤੇ ਖੱਦਰ ਹੰਢਾਕੇ ਵੀ ਰੇਸ਼ਮ ਨਾਲੋਂ ਕੂਲੀਆਂ ਗੱਲਾਂ ਕਰ ਸਕਦੇ ਨੇ)

o

ਜੀਹਦਾ ਮੈਂ ਜ਼ਿਕਰ ਕਰ ਰਿਹਾ ਹਾਂ
ਉਹ ਸ਼ਕਲੋਂ ਸੂਰਤੋਂ ਇੰਜ ਲੱਗਦੈ ਜਿਵੇਂ ਕਿਸੇ ਜੋਗੀ ਨੇ
ਵਰ੍ਹਿਆਂ ਦੀ ਸਮਾਧੀ ਬਾਅਦ ਹੁਣੇ-ਹੁਣੇ ਅੱਖਾਂ ਖੋਲ੍ਹੀਆਂ ਹੋਣ...

[ਪਿੰਡ ਤੇ ਡਾਕਘਰ ਕੰਮੇਆਣਾ, ਤਹਿਸੀਲ ਤੇ ਜ਼ਿਲਾ ਫਰੀਦਕੋਟ]

# ਗਣਤੰਤਰ ਦੀ

## ਇਸ 34ਵੀਂ ਵਰ੍ਹੇਗੰਢ ਤੇ

ਅਸੀਂ ਸਾਰੇ ਮਿਲ ਕੇ ਪ੍ਰਣ ਕਰੀਏ ਕਿ—

—ਆਪਣੀਆਂ ਪ੍ਰਾਪਤੀਆਂ ਨੂੰ ਮਜ਼ਬੂਤ ਕਰਾਂਗੇ। ਕੌਮੀ ਉਸਾਰੀ ਦੇ ਕੰਮਾਂ ਲਈ ਆਪਣੇ ਆਪ ਨੂੰ ਸਮਰਪਤ ਕਰਾਂਗੇ।

—ਸਾਰੇ ਸੰਭਵ ਸਾਧਨਾਂ ਦੀ ਵਰਤੋਂ ਕਰਾਂਗੇ।

—ਫ਼ਜ਼ੂਲ ਦੇ ਖ਼ਰਚੇ ਘੱਟ ਕਰਕੇ ਸਾਦਗੀ ਦਾ ਮਾਹੌਲ ਬਣਾਵਾਂਗੇ।

—ਸੁਨਹਿਰਾ ਭਵਿੱਖ ਹਰ ਬੰਦੇ ਤੋਂ ਇਹ ਕਾਮਨਾ ਕਰਦਾ ਹੈ ਕਿ ਉਹ ਮੋਢੇ ਨਾਲ ਮੋਢਾ ਡਾਹ ਕੇ ਮਿਲਵਰਤਣ ਦੀ ਭਾਵਨਾ ਨਾਲ ਕੰਮ ਕਰੇ।



ਸਾਨੂੰ ਕਮਜ਼ੋਰ ਕਰਨ ਦੀ ਕੋਸ਼ਿਸ਼ ਵਿਚ ਲੱਗੀਆਂ ਸਾਰੀਆਂ ਤਾਕਤਾਂ ਤੋਂ ਖ਼ਬਰਦਾਰ ਰਹੋ

**ਅੱਜ ਅਤੇ ਆਉਣ ਵਾਲੇ ਕੱਲ੍ਹ ਦੇ ਖ਼ਤਰਿਆਂ ਦਾ ਮੁਕਾਬਲਾ ਕਰਨ ਲਈ ਸਾਰੇ ਤਿਆਰ ਰਹੋ**

DAVP 83/420

## ਰਿਸ਼ਤਿਆਂ ਦਾ ਕੀ ਰੱਖੀਏ ਨਾਂ [ਆਤਮਜੀਤ]

ਮੈਂ ਆਤਮਜੀਤ ਦੇ ਨਾਟਕ "ਰਿਸ਼ਤਿਆਂ ਦਾ ਕੀ ਰੱਖੀਏ ਨਾਂ" ਨੂੰ ਸਆਦਤ ਹਸਨ ਮੰਟੋ ਦੀ ਕਹਾਣੀ "ਟੋਭਾ ਟੇਕ ਸਿੰਘ" ਦਾ ਨਾਟਕੀ ਰੂਪਾਂਤਰ ਹੋਣ ਤੋਂ ਅਲੱਗ ਇਸਨੂੰ ਇਕ ਆਜ਼ਾਦ ਟੈਕਸਟ ਮੰਨ ਕੇ ਇਸਦਾ ਅਧਿਐਨ ਕਰ ਰਿਹਾ ਹਾਂ। ਪੰਜਾਬੀ ਦੀਆਂ ਬਹੁਤ ਸਾਰੀਆਂ ਮੌਲਿਕ ਰਚਨਾਵਾਂ ਸਬ ਟੈਕਸਟ ਦੀ ਪੱਧਰ ਤੋਂ ਉਪਰ ਨਹੀਂ ਉਠਦੀਆਂ ਜਦ ਕਿ ਰੂਪਾਂਤਰ ਤਾਂ ਹੁੰਦੇ ਹੀ ਅਸਲ ਟੈਕਸਟ ਦੀ ਮੈਟਾ ਟੈਕਸਟ ਹਨ। ਸਿਰਫ ਕੁਝ ਇਕ ਰੂਪਾਂਤਰ ਹੀ ਅਜੇਹੀ ਮਿਸਾਲ ਰਖਦੇ ਹਨ ਜਿਹੜੇ ਮੂਲ ਟੈਕਸਟ ਜਿੰਨੀ ਪੂਰਨ ਅਤੇ ਸੁਤੰਤਰ ਹੋਂਦ ਦਾ ਦਾਹਵਾ ਕਰ ਸਕਦੇ ਹਨ। ਬਰੈਖ਼ਤ ਦਾ 'ਥਿਰੀ ਪੈਨੀ ਅਪੇਰਾ', ਇਨਾਸਕੋ ਦਾ 'ਮਾਹਾਤ ਦੀ ਸੇਡ', ਲੋਰਕਾ, ਸ਼ੇਕਸਪੀਅਰ ਜਾਂ ਕਾਮੂ ਦੇ ਕੁਝ ਨਾਟਕੀ ਰੂਪਾਂਤਰ ਹੀ ਇਸ ਸ਼੍ਰੇਣੀ ਵਿਚ ਆਉਂਦੇ ਹਨ।

ਆਤਮਜੀਤ ਦਾ ਨਾਟਕ "ਰਿਸ਼ਤਿਆਂ ਦਾ ਕੀ ਰੱਖੀਏ ਨਾਂ" ਕਾਲੇ ਮਜ਼ਾਕ ਦੀ ਜ਼ੱਦ ਵਿਚ ਆਉਂਦਾ ਹੈ। ਇਸ ਨਾਟਕ ਦੇ ਛੇ "ਪਾਗਲ" ਪਾਤਰ ਕੁਝ ਸਾਲਾਂ ਤੋਂ ਇਕ ਪਾਗਲ-ਖਾਨੇ ਵਿਚ ਰਹਿ ਰਹੇ ਸਨ ਕਿ ਹਿੰਦ ਪਾਕ ਦੀ ਵੰਡ ਹੋ ਗਈ ਅਤੇ ਇਹ ਪਾਗਲਖਾਨਾ ਹੁਣ ਪਾਕਿਸਤਾਨ ਵਿਚ ਆ ਗਿਆ। ਪਹਿਲਾਂ ਸ਼ਾਇਦ ਇਹ ਨਾ ਹੋਵੇ ਪਰ ਹੁਣ ਇਸ ਪਾਗਲਖਾਨੇ ਦੇ ਇਹ ਪਾਗਲ ਇਕ ਦੂਜੇ ਦੇ ਬਹੁਤ ਨੇੜੇ ਆ ਚੁਕੇ ਹਨ। ਉਹ ਸੋਚਦੇ ਵੀ ਇਕੋ ਜਿਹੇ ਢੰਗ ਨਾਲ ਹਨ ਭਾਵੇਂ ਸਾਰਿਆਂ ਦੀਆਂ ਸੂਝਾਂ ਅਲੱਗ ਅਲੱਗ ਹਨ। ਉਹ ਇਕ ਦੂਜੇ ਦਾ ਦਰਦ ਸਮਝਦੇ ਹਨ। ਲਗਾਤਾਰ ਇਥੇ ਰਹਿੰਦਿਆਂ ਉਹਨਾਂ ਨੇ ਇਸ ਸਥਿਤੀ ਨੂੰ ਅਪਣਾ ਲਿਆ ਹੈ ਅਤੇ ਹੁਣ ਉਹਨਾਂ ਦੀ ਗੱਲਬਾਤ, ਤਰਕ ਅਤੇ ਜੀਣ ਤਰਜ਼ ਵਿਚ ਇਕੋ ਜਿਹੀ ਗੁੰਝਲ ਹੈ। ਅਸੀਂ ਇਹ ਆਖ ਸਕਦੇ ਹਾਂ ਕਿ ਉਹਨਾਂ ਦਾ ਇਕ ਪੂਰਣ ਭਾਈਚਾਰਾ ਬਣ ਚੁੱਕਾ ਹੈ।

ਇਹ ਸਾਰੇ ਪਾਤਰ ਇਕ ਖਾਸ ਦੁਖਾਂਤਕ ਸਥਿਤੀ ਨਾਲ ਦਰਪੇਸ਼ ਹਨ। ਇਹ ਸਾਂਝੀ ਸਥਿਤੀ ਹੈ ਪਾਕਿਸਤਾਨ ਬਣ ਜਾਣ ਕਾਰਨ ਇਹਨਾਂ ਦਾ ਭਾਰਤ ਅਤੇ ਪਾਕਿਸਤਾਨ ਵਿਚਕਾਰ ਵੰਡਿਆ ਜਾਣਾ। ਇਹ ਵੰਡ ਉਹਨਾਂ ਨੂੰ ਮਨਜ਼ੂਰ ਨਹੀਂ ਹੈ ਕਿਉ ਕਿ ਇਹ ਵੰਡ ਉਹਨਾਂ ਦੀ ਆਪਣੀ ਪਾਈ ਹੋਈ ਵੰਡ ਨਹੀਂ। ਉਹ ਵੰਡੇ ਨਹੀਂ ਜਾਣਾ ਚਾਹੁੰਦੇ, ਇਸ ਲਈ ਇਹ ਮੁਲਕਈ ਵੰਡ ਉਹਨਾਂ ਦੀ ਸਮਝ ਤੋਂ ਪਰੇ ਦੀ ਗੱਲ ਹੈ। ਇਸ ਦਾ ਉਹਨਾਂ ਲਈ ਕੋਈ ਅਰਥ ਨਹੀਂ ਹੈ। ਅਸਲ ਵਿਚ ਉਹਨਾਂ ਦੀ ਜੁਰਅਤ ਉਹਨਾਂ ਦੇ ਖਬਤੀ ਸੁਭਾ ਵਿਚੋਂ ਆਉਂਦੀ ਹੈ— ਉਹਨਾਂ ਦੀ ਸਨਕ ਵਿਚੋਂ, ਜਿਸ ਸਨਕ ਲਈ ਪਾਗਲਖਾਨੇ ਤੋਂ ਬਾਹਰਲਾ

ਸਮਾਜ ਜ਼ਿੰਮੇਵਾਰ ਹੈ। ਉਹਨਾਂ ਦੀ ਮਨੋ ਸਥਿਤੀ ਅਜਿਹੀ ਹੈ ਜਿਥੇ ਸੱਚ ਨੂੰ ਮਨੋਰਥ ਦਾ ਜਾਮਾ ਨਹੀਂ ਪੁਆਇਆ ਜਾ ਸਕਦਾ, ਜਿਥੇ ਸ਼ਬਦ ਸੱਚ ਨੂੰ ਲਕੋਣ ਲਈ ਨਹੀਂ, ਸੱਚ ਨੂੰ ਵਿਅੱਕਤ ਕਰਨ ਅਤੇ ਹੰਢਾਉਣ ਲਈ ਵਰਤੇ ਜਾਂਦੇ ਹਨ।

ਇਹ ਪਾਤਰ ਕਿਸੇ ਨਾ ਕਿਸੇ ਮਾਨਸਿਕ ਦੁਰਘਟਨਾ ਦਾ ਸ਼ਿਕਾਰ ਹੋ ਕੇ ਆਪਣਾ ਦਿਮਾਗੀ ਸੰਤੁਲਨ ਗੁਆ ਬੈਠੇ ਹਨ।

ਬਚਨ ਸਿੰਘ ਨੂੰ ਆਪਣੀ ਪੈਲੀ ਦੇ ਵੰਡੇ ਜਾਣ ਦਾ ਦੁੱਖ ਹੈ। ਉਹ ਸਮਝਦਾ ਹੈ ਕਿ ਜ਼ਮੀਨ ਸਾਂਝੀ ਰਹਿਣੀ ਚਾਹੀਦੀ ਹੈ ਪਰ ਉਸਦਾ ਛੋਟਾ ਭਰਾ ਸੁੱਖਾ ਆਪਣੀ ਪੈਲੀ ਵੱਖ ਕਰ ਲੈਂਦਾ ਹੈ ਅਤੇ ਇਸੇ ਵੰਡ ਦੇ ਗਮ ਸਦਕਾ ਬਚਨ ਸਿੰਘ ਪਾਗਲਖਾਨੇ ਵਿਚ ਪਹੁੰਚ ਜਾਂਦਾ ਹੈ। ਮੱਖਣ ਸਿੰਘ ਵਿਚ ਅੰਗਰੇਜ਼ੀ ਵਫਾਦਾਰੀ ਦਾ ਅਹਿਸਾਸ ਭਰਿਆ ਹੋਇਆ ਹੈ। ਇਹ ਅਹਿਸਾਸ ਭਾਰਤ ਦੀ ਆਜ਼ਾਦੀ ਲਈ ਲੜਦੇ ਲੋਕਾਂ ਵੱਲ ਵੇਖਦਿਆਂ ਠੀਕ ਨਹੀਂ ਬੈਠਦਾ ਅਤੇ ਏਸੇ ਅਹਿਸਾਸ ਪ੍ਰਤੀ ਗੁਨਾਹਗਾਰ ਹੋਣ ਕਾਰਨ ਉਹ ਪਾਗਲ ਹੋ ਗਿਆ ਹੈ ਅਤੇ ਆਪਣੀ ਗਲਤੀ ਨੂੰ ਦਿਮਾਗ 'ਤੇ ਚੜ੍ਹਾਈ ਫਿਰ ਰਿਹਾ ਹੈ। ਉਹ ਸਹੀ ਅਰਥਾਂ ਵਿਚ ਇਕ ਅਜਿਹਾ ਯੋਧਾ ਹੈ ਜਿਹੜਾ ਜਿੱਤ ਕੇ ਵੀ ਹਾਰ ਗਿਆ ਹੋਵੇ। ਰੂਪ ਲਾਲ ਰੋਟੀ ਰੋਜ਼ੀ ਅਤੇ ਇਸ਼ਕ ਵਿਚਕਾਰ ਟੱਕਰਾਓ ਦਾ ਸ਼ਿਕਾਰ ਹੈ। ਉਸ ਨੂੰ ਇਹ ਵਹਿਮ ਲੈ ਬੈਠਾ ਕਿ ਉਸਦੀ ਵਕਾਲਤ ਨੇ ਉਸ ਦੀ ਸ਼ੀਲਾ ਨੂੰ ਉਸ ਤੋਂ ਖੋਹ ਲਿਆ ਹੈ ਕਿਉਂਕਿ ਅਗਰ ਲਾਹੌਰ ਵਿਚ ਉਸਦੀ ਵਾਹ ਵਾਹ ਚੱਲ ਰਹੀ ਵਕਾਲਤ ਦਾ ਲਾਲਚ ਉਸਨੂੰ ਨਾ ਹੁੰਦਾ ਤਾਂ ਉਹ ਅੰਮ੍ਰਿਤਸਰ ਆਪਣੀ ਸ਼ੀਲਾ ਕੋਲ ਰਹਿ ਸਕਦਾ ਸੀ ਪਰ ਹਾਲਤ ਇਹ ਹੈ ਕਿ ਨਾ ਹੁਣ ਉਹ ਵਕਾਲਤ ਬਚਾ ਸਕਿਆ ਹੈ ਅਤੇ ਨਾ ਆਪਣੀ ਸ਼ੀਲਾ। ਭਾਵੇਂ ਉਹ ਅਜੇ ਵੀ ਇਹਨਾਂ ਨੂੰ ਲਗਾਤਾਰ, ਬਾਵਜੂਦ ਹਿੰਦ-ਪਾਕਿ ਵੰਡ ਦੇ ਅਤੇ ਆਪਣੇ ਪਾਗਲਪਣ ਦੇ, ਬਚਾਉਣ ਦੀ ਕੋਸ਼ਿਸ਼ ਕਰ ਰਿਹਾ ਹੈ। ਸਲੀਮ ਫਰਜ਼ੀ ਛਾਬੜੀ 'ਤੇ ਗਰਮ ਗਰਮ ਛੋਲੇ ਅਤੇ ਮਲਾਈ ਵਾਲੀ ਕੁਲਫੀ ਵੇਚਣ ਵਾਲਾ ਕਦੇ ਸ਼ਮਸ਼ਾਦ ਦਾ ਚਹੇਤਾ ਪਤੀ ਸੀ, ਪਰ ਸ਼ਮਸ਼ਾਦ ਉਸ ਨੂੰ ਛੱਡ ਕੇ ਇਕ ਵਿਉਪਾਰੀ ਨਾਲ ਬੰਬਈ ਨੱਸ ਗਈ ਸੀ। ਸ਼ਮਸ਼ਾਦ ਲਈ ਉਸਦਾ ਪਿਆਰ ਉਸ ਨੂੰ ਲੈ ਬੈਠਾ। ਅੱਜ ਇਹ ਸ਼ਮਸ਼ਾਦ ਦੇ ਨੱਸ ਜਾਣ ਦੀ ਸਚਾਈ ਨੂੰ ਭੁਲਾਉਣ ਦੀ ਅਸੰਭਵਤਾ ਵਿਚ ਹੀ ਸੰਤੁਲਨ ਗੁਆ ਬੈਠਾ ਹੈ। ਪ੍ਰੋਫੈਸਰ ਜਰਨੈਲ ਸਿੰਘ 'ਤੇ ਵੀ ਪਿਆਰ ਦੀ ਕਿਸੇ ਗਹਿਰੀ ਚੋਟ ਦਾ ਅਸਰ ਹੋਇਆ ਲਗਦਾ ਹੈ। ਉਹ ਹਰ ਪਿਆਰ ਕਰਨ ਵਾਲੇ ਪ੍ਰਤੀ ਬਹੁਤ ਉਦਾਰਚਿਤ ਰਵੱਈਆ ਰਖਦਾ ਹੈ, ਉਸ ਦੇ ਮਨ ਉਤੇ ਵਿਦਿਅਕ ਢਾਂਚੇ ਦੀਆਂ ਕਮਜ਼ੋਰੀਆਂ ਅਤੇ ਪ੍ਰਿੰਸੀਪਲਾਂ ਦੀਆਂ ਵਧੀਕੀਆਂ ਦਾ ਵੀ ਅਸਰ ਦਿਸਦਾ ਹੈ। ਉਹ ਵਿਦਿਆ ਨੂੰ ਮੁੜ ਠੀਕ ਰਾਹ 'ਤੇ ਪਾਣ ਦਾ ਅਜੇ ਵੀ ਉਪਰਾਲਾ ਕਰਦਾ ਜਾਪਦਾ ਹੈ। ਨੂਰਦੀਨ ਨੂੰ ਇਹੋ ਗ਼ਮ ਖਾ ਗਿਆ ਕਿ ਹੈ ਉਸ ਦੇ ਪਿਤਾ ਸ਼ਾਹਿਦ ਨੇ ਪੈਸੇ ਦੇ ਕੇ ਉਸ ਨੂੰ ਝੂਠੀ ਮੂਠੀ ਦਾ ਪਾਗਲ ਕਰਾਰ ਦੇ ਕੇ ਫਾਂਸੀ ਦੀ ਸਜ਼ਾ ਤੋਂ ਉਸਨੂੰ ਬਚਾ ਲਿਆ ਹੈ। ਫਾਂਸੀ ਤੋਂ ਇਸ ਗਲਤ ਤਰੀਕੇ ਨਾਲ ਬਚਣ ਦਾ ਗੁਨਾਹ ਹੀ ਉਸਦੇ ਪਾਗਲਪਣ ਲਈ ਜ਼ੁੰਮੇਵਾਰ ਹੈ ਅਤੇ ਹੁਣ ਸੱਚੀ ਮੁੱਚੀ ਹੀ ਉਹ ਪਾਗਲ ਬਣ ਕੇ ਇਹ ਗੁਨਾਹ ਉਤਾਰ ਰਿਹਾ ਹੈ।

ਪਾਗਲਾਂ ਦਾ ਇਕ ਆਪਣਾ ਸੰਸਾਰ ਹੁੰਦਾ ਹੈ। ਇਹ ਸੰਸਾਰ ਸੱਚ ਦੇ ਬਹੁਤ ਨੇੜੇ

ਹੁੰਦਾ ਹੈ ਕਿਉਂਕਿ ਇਸ ਵਿਚ ਬਨਾਵਟ, ਦਿਖਾਵਾ, ਅਤੇ ਰੱਖ ਰਖਾਉ ਨਹੀਂ ਹੁੰਦਾ। ਏਸੇ ਲਈ ਜਦ ਕਦੇ ਇਸ ਅਚੰਭਤ ਸੱਚ ਦਾ ਕੋਈ ਸੁਨੇਹਾ ਬਚਦਾ ਬਚਾਂਦਾ ਸਾਡੀ 'ਸਭਿਯ ਦੁਨੀਆ' ਤਕ ਪਹੁੰਚਦਾ ਹੈ ਤਾਂ ਇਕ ਧਮਾਕੇ ਵਾਂਗ ਅਸੀਂ ਪਹਿਲੀ ਵੇਰ ਇਸ ਗੱਲ ਨਾਲ ਦੋ ਚਾਰ ਹੁੰਦੇ ਹਾਂ। ਅਤੇ ਇਹ ਕ੍ਰਿਸ਼ਮਾ ਵਾਪਰਦਾ ਹੈ।

ਇਸ ਨਾਟਕ ਵਿਚ ਜ਼ਿੰਦਗੀ ਦੇ ਦੋ ਸੱਚਾਂ ਦੀ ਟੱਕਰ ਹੈ। ਇਕ ਪਾਸੇ ਸਭਯ ਸਮਾਜ ਵਿਚ ਵਾਪਰ ਰਹੀਆਂ ਘਟਨਾਵਾਂ ਦਾ ਸੱਚ ਹੈ। ਦੂਜੇ ਬੰਨੇ ਪਾਗਲਖਾਨੇ ਦੇ ਇਹਨਾਂ ਛੇ ਪਾਤਰਾਂ ਦਾ ਇਕ ਸਾਂਝਾ ਨਿੱਜੀ ਸੱਚ ਹੈ। ਇਕ ਸੱਚ ਤੋਂ ਦੂਸਰੇ ਸੱਚ ਤੀਕ ਜਾਂਦੀ ਸੜਕ ਬੰਦ ਹੋ ਗਈ ਹੈ। ਬਾਹਰ ਵਾਪਰ ਰਹੀਆਂ ਹੋਰਨਾਂ ਚੀਜ਼ਾਂ ਵਾਂਗ ਹਿੰਦ-ਪਾਕਿ ਵੰਡ ਦਾ ਹਾਦਸਾ ਵਾਪਰ ਜਾਂਦਾ ਹੈ। ਜਦ ਇਹਨਾਂ ਨੂੰ ਪਤਾ ਲਗਦਾ ਹੈ ਤਾਂ ਇਹ ਇਸ ਸਥਿਤੀ ਨੂੰ ਕਬੂਲਣੋਂ ਨਾਂਹ ਕਰ ਦਿੰਦੇ ਹਨ। ਪਾਗਲ ਨਾਂਹ ਕਰ ਸਕਦਾ ਹੈ—ਸੱਚ ਨੂੰ ਆਪਣੀਆਂ ਅੱਖਾਂ ਨਾਲ, ਜੀਭ ਨਾਲ ਚੱਖ ਵੇਖ ਅਤੇ ਤੋਲ ਸਕਦਾ ਹੈ—ਬਾਹਰ ਇਹ ਦਲੇਰੀ ਖਤਮ ਹੋ ਗਈ ਹੈ। ਹਿੰਦ-ਪਾਕਿ ਦੀ ਇਸ ਵੰਡ ਦਾ ਇਹਨਾਂ ਪਾਗਲਾਂ ਲਈ ਕੋਈ ਅਰਥ ਨਹੀਂ ਹੈ। ਭਾਵੇਂ ਇਹ ਵੰਡ ਸਾਡੀਆਂ ਸੋਚਾਂ ਨੂੰ ਵੀ ਜਾਇਜ਼ ਨਹੀਂ ਲਗਦੀ, ਪਰ ਅਸੀਂ ਸ਼ਾਇਦ ਅਨਿਆਂ ਅਤੇ ਝੂਠ ਨੂੰ ਪੀ ਜਾਣ ਦੇ ਆਦੀ ਹੋ ਗਏ ਹਾਂ। ਪਾਗਲਾਂ ਨੂੰ ਅਜਿਹੀ ਕੋਈ ਮਜਬੂਰੀ ਨਹੀਂ ਹੈ। ਇਸ ਲਈ ਉਹ ਇਸ ਵੰਡ ਦੀ ਅਤਰਕਤਾ ਦੀ ਖਿੱਲੀ ਉਡਾਉਂਦੇ ਹਨ। ਨਾਟਕਕਾਰ ਨੇ ਇੰਝ ਪਾਗਲਾਂ ਨੂੰ 'ਸਭਯ ਸਮਾਜ' ਦੇ ਸਨਮੁੱਖ ਰੱਖ ਕੇ ਇਕ ਗਹਿਰਾ ਕਟਾਖਸ਼ ਕੀਤਾ ਹੈ। ਇਹ ਚੋਟ ਸਾਡੀ ਚੇਤਨਾ ਨੂੰ ਜਗਾਉਂਦੀ ਹੈ ਅਤੇ ਸਾਨੂੰ ਇਸ ਅਣਮਨੁੱਖੀ ਵੰਡ ਦੇ ਗਹਿਰੇ ਅਹਿਸਾਸ ਚੋਂ ਲੰਘਾਂਦੀ ਹੈ। ਇਹ ਸਫ਼ਰ ਕੇਵਲ ਅਸੀਂ ਇਹਨਾਂ ਛੇ ਪਾਗਲਾਂ ਦੇ ਨਾਲ ਨਾਲ ਹੀ ਕਰ ਸਕਦੇ ਹਾਂ ਕਿਉਂਕਿ ਕੇਵਲ ਇਹਨਾਂ ਨੂੰ ਹੀ ਇਸ ਸਫ਼ਰ ਦੀ ਜੁਰਅਤ ਹੈ। ਸਾਡੀ ਸ਼ਕਤੀ ਖਤਮ ਹੋ ਚੁੱਕੀ ਹੈ ਅਤੇ ਅਸੀਂ ਇਹਨਾਂ ਪਾਤਰਾਂ ਵੱਲ ਇਸ ਸ਼ਕਤੀ ਲਈ ਵੇਖਦੇ ਹਾਂ।

ਮਿਸ਼ੈਲ ਫੂਕੋ ਨੇ ਆਪਣੀ ਕਿਤਾਬ 'ਪਾਗਲਪਣ ਅਤੇ ਸਭਿਅੱਤਾ' ਵਿਚ ਪਾਗਲਾਂ ਪ੍ਰਤੀ ਸਭਯ ਸਮਾਜ ਦੇ ਜ਼ੁਲਮ ਦਾ ਜ਼ਿਕਰ ਕੀਤਾ ਹੈ। ਪਾਗਲਪਣ ਦਾ ਇਕ ਆਪਣਾ ਤਰਕ ਹੁੰਦਾ ਹੈ, ਜਿਹੜਾ ਤਰਕ ਸਭਿਅਤਾ ਭੁਲਾ ਚੁੱਕੀ ਹੈ। ਪਾਗਲ ਨੂੰ ਸਭਯ ਮਨੁੱਖ ਨੇ ਰੋਗੀ ਕਰਾਰ ਦੇ ਕੇ ਇਲਾਜ ਕਰਨ ਦੇ ਬਹਾਨੇ ਉਸ ਨੂੰ ਇਕ ਦੋਸ਼ੀ ਵਾਲੀ ਸਜ਼ਾ ਦਿੱਤੀ ਹੈ। ਪਾਗਲਖਾਨਾ ਹਸਪਤਾਲ ਨਾਲੋਂ ਇਕ ਜਿਹਲ ਦੇ ਵੱਧ ਨੇੜੇ ਹੁੰਦਾ ਹੈ ਜਿੱਥੇ ਸਭਯ ਮਨੁੱਖ ਇਸ ਸੱਚ ਨੂੰ ਸਜ਼ਾ ਦੇ ਸਕਦੇ ਹਨ। ਇੰਝ ਇਹ ਪਾਗਲ ਭਾਈਚਾਰਾ ਜਿਹੜਾ ਇਸ ਨਾਟਕ ਵਿਚ ਵੇਖਣ ਨੂੰ ਮਿਲਦਾ ਹੈ ਇਹ ਵੀ ਫੂਕੋ ਦੇ ਕਥਨ ਦੀ ਪੁਸ਼ਟੀ ਕਰਦਾ ਹੈ। ਪਾਗਲਾਂ ਦਾ ਵੰਡਿਅ ਜਾਣਾ ਉਹਨਾਂ ਲਈ ਦੂਹਰੀ ਸਜ਼ਾ ਹੈ ਜਿਹੜੀ ਸਭਯ ਮਨੁੱਖ ਉਹਨਾਂ ਨੂੰ ਦੇ ਰਹੇ ਹਨ।

ਜੇਕਰ ਗੱਲ ਨਿਰੀ ਇਹਨਾਂ ਛੇ ਪਾਤਰਾਂ ਦੇ ਨਿੱਜੀ ਦੁਖਾਂਤ ਤੀਕ ਸੀਮਤ ਰਹਿੰਦੀ ਤਾਂ ਨਾਟਕ ਇਕ ਐਸਬਰਡ ਵਿਧੀ ਦਾ ਨਾਟਕ ਬਣ ਕੇ ਰਹਿ ਜਾਣਾ ਸੀ। ਪਰ ਗੱਲ ਇਹ ਨਹੀਂ ਹੈ। ਵੰਡ ਦੀ ਨਿਰਾਰਥਕਤਾ—ਇਹਨਾ ਪਾਤਰਾਂ ਦਾ ਹੀ ਨਿੱਜੀ ਦੁਖਾਂਤ ਨਹੀਂ ਸਗੋਂ ਸਾਡਾ ਸਭ ਦਾ ਨਿੱਜੀ ਦੁਖਾਂਤ ਬਣ ਗਿਆ ਹੈ। ਨਿੱਜ ਤੋਂ ਉਠ ਕੇ ਗੱਲ ਬਾਹਰਲੀ ਹਵਾ ਵਿਚ ਆ ਗਈ ਹੈ। ਪਾਗਲਖਾਨੇ ਦਾ ਸੱਚ—ਇਕ ਵੱਡੇ ਪਾਗਲਖਾਨੇ ਦਾ ਸੱਚ ਬਣ ਗਿਆ ਹੈ ਜਿਸ

ਨੂੰ ਅਸੀਂ 'ਸਭਯ ਸਮਾਜ' ਆਖਦੇ ਹਾਂ।

ਅਸੀਂ ਇਹਨਾਂ ਮੁੱਠੀ ਕੁ ਪਾਗਲ ਪਾਤਰਾਂ ਦੇ ਰਿਣੀ ਹਾਂ ਜਿਹਨਾਂ ਦੀ ਨਿੱਜੀ ਸ਼ਨਾਖਤ ਸਾਡੇ ਲਈ ਵੱਡੇ ਸੱਚ ਹੋ ਨਿਬੜੇ ਹਨ। ਹੁਣ ਅਸੀਂ ਜੋ ਕੁਝ ਪਾਗਲਖਾਨੇ ਵਿਚ ਵਾਪਰਦਾ ਹੈ ਉਸ ਤੋਂ ਅਣਭਿੱਜ ਨਹੀਂ ਹੋ ਸਕਦੇ। ਪਾਗਲਖਾਨਾ ਇਕ ਮਹਿਜ਼ ਹਾਦਸਾ ਨਹੀਂ ਇਕ ਦਸ਼ਾ ਹੈ। ਏਸੇ ਤਰ੍ਹਾਂ ਵੰਡ ਵੀ ਸਾਡੀ ਅੰਦਰਲੀ ਸਚਾਈ ਨਹੀਂ। ਸੋ ਅਸੀਂ ਇਸ ਨੂੰ ਨਿਰਾਰਥਕ ਕਰਾਰ ਦੇ ਸਕਦੇ ਹਾਂ। ਇਸਨੂੰ ਮੰਨਣੋਂ ਨਾਂਹ ਕਹ ਸਕਦੇ ਹਾਂ। ਅਸੀਂ ਇਸ ਨੂੰ ਇਕ ਪਾਗਲਪਣ ਦਾ ਸਿੱਟਾ ਕਹਿ ਸਕਦੇ ਹਾਂ। ਇਹੋ ਚੇਤਨਾ ਇਸ ਨਾਟਕ ਦੀ ਟੈਕਸਟ ਦੀ ਗੁੱਝੀ ਸ਼ਕਤੀ ਦਾ ਭੇਦ ਹੈ।

ਕਿਸਮਤ ਦਾ ਕੇਹਾ ਮਜ਼ਾਕ ਹੈ ਕਿ ਬਚੇਨ ਸਿੰਘ ਜਿਹੜਾ ਜ਼ਮੀਨ ਦੀ ਵੰਡ ਨੂੰ ਨਹੀਂ ਰੋਕ ਸਕਿਆ ਸੀ ਹੁਣ ਉਹ ਹਿੰਦ-ਪਾਕਿ ਦੀ ਵੰਡ ਨੂੰ ਵੀ ਨਹੀਂ ਰੋਕ ਸਕਦਾ। ਉਸ ਪਾਸ ਇਸ ਝੂਠੀ ਵੰਡ ਨੂੰ ਰੋਕਣ ਦਾ ਕੋਈ ਹੀਲਾ ਨਹੀਂ ਹੈ—ਹੁਣ ਉਸ ਪਾਸ ਕੇਵਲ ਕਿਸੇ ਮੁਲਾਕਾਤੀ ਦੇ ਦਿੱਤੇ ਕੁਝ ਮਰੂੰਡੇ ਹੀ ਹਨ ਜਿਹੜੇ ਉਹ ਆਪਣੇ ਪਿੰਡ ਟੋਬਾ ਟੇਕ ਸਿੰਘ ਦੇ ਬੱਚੇ ਬੱਚੇ ਵਿਚ ਆਪਣੇ ਖਿਆਲਾਂ ਵਿਚ ਵਸਦੀ ਆਪਣੀ ਧੀ ਬੀਰੀ ਰਾਹੀਂ ਵੰਡ ਸਕਦਾ ਹੈ। ਪਰ ਕੀ ਟੋਬਾ ਟੇਕ ਸਿੰਘ ਉਹੋ ਜਿਹਾ ਹੈ ਜਿਸ ਤਰ੍ਹਾਂ ਦਾ ਉਸਦੇ ਤਸੱਵਰ ਵਿਚ ਹੈ। ਅੱਜ ਅਸੀਂ ਇਸ ਅਸਲੀਅਤ ਨੂੰ—ਬਚਨ ਸਿੰਘ ਤੋਂ ਅੱਡ ਹੋ ਕੇ ਵੇਖਦੇ ਹਾਂ ਤਾਂ ਅਸੀਂ ਡੂੰਘੀ ਪੀੜ ਨਾਲ ਵਲੂੰਧਰੇ ਜਾਂਦੇ ਹਾਂ। ਸਾਡਾ ਦੁੱਖ ਸਚਾਈ ਦੇ ਸਨਮੁਖ ਹੋਣ ਦਾ ਹੈ - ਜਿਹੜੀ ਸਚਾਈ ਇਹਨਾਂ ਛੇ ਪਾਤਰਾਂ ਦੀ ਰਗੜ ਨਾਲ ਆਉਂਦੀ ਹੈ। ਅਸੀਂ ਇਸ ਸਚਾਈ ਦੇ ਦਰਸ਼ਕ ਜਾਂ ਪਾਠਕ ਹਾਂ, ਇਸ ਲਈ ਪੂਰਾ ਦੁੱਖ ਨਹੀਂ ਤਾਂ ਇਸਦਾ ਕੁਝ ਹਿੱਸਾ ਸਾਡੇ ਹਿੱਸੇ ਵੀ ਆਉਂਦਾ ਹੈ। ਇਹੀ ਇਸ ਟੈਕਸਟ ਦਾ ਮੰਤਵ ਹੈ—ਇਸਦਾ ਸੁਨੇਹਾ ਹੈ—ਇਸ ਦਾ ਗੁੱਝਾ ਬੋਲ ਹੈ।

ਸੋ ਅਸੀਂ ਵੇਖਦੇ ਹਾਂ ਕਿ ਇਹ ਨਾਟਕ ਮੰਟੋ ਦੀ ਕਹਾਣੀ ਦਾ ਕੇਵਲ ਨਾਟਕੀ ਰੂਪਾਂਤਰ ਹੀ ਨਹੀਂ ਹੈ ਸਗੋਂ ਇਸ ਵਿਚ ਇਕ ਵੱਖਰੀ ਅਤੇ ਅਜ਼ਾਦ ਦੇਹ ਵਾਲੀ ਪੂਰੀ ਟੈਕਸਟ ਹੈ। ਮੰਟੋ ਦੇ ਪਾਤਰ ਜਿਥੇ ਭੀੜ ਦੇ ਬੰਦਿਆਂ ਵਾਂਗ ਪਛਾਣੇ ਨਹੀਂ ਜਾਂਦੇ ਅਤੇ ਉਹਨਾਂ ਵਿਚੋਂ ਕੇਵਲ ਬਚਨ ਸਿੰਘ ਹੀ ਪਛਾਣਿਆ ਜਾਂਦਾ ਹੈ—ਉਥੇ ਆਤਮਜੀਤ ਦੇ ਪਾਗਲ ਪਾਤਰ ਨੈਣ ਨਖਸ਼, ਨਾਂ ਅਤੇ ਥੇਹ ਵਾਲੇ ਬੰਦੇ ਹਨ। ਇਹਨਾਂ ਦਾ ਸਜੀਵ ਇਹਨਾਂ ਦੀ ਪਛਾਣ ਹੈ। ਇਹਨਾਂ ਪਾਤਰਾਂ ਦੀ ਇਕ ਗਹਿਰੀ ਧਰਾਤਲਤਾ ਹੈ ਜਿਸ ਉਤੇ ਨਾਟਕੀ ਸੱਚ ਉਸਰਦਾ ਹੈ।

ਇਹਨਾਂ ਪਾਤਰਾਂ ਦਾ ਜੁੜਵਾਂ ਚਿਤਰਨ ਇਤਨਾ ਪੂਰਨ ਹੈ ਕਿ ਅਸੀਂ ਇਹਨਾਂ ਪਾਤਰਾਂ ਦੀਆਂ ਸਨਕਾਂ ਤੋਂ ਅਣਗੌਲੇ ਨਹੀਂ ਰਹਿ ਸਕਦੇ ਕਿਉਂਕਿ ਇਹ ਸਮੁੱਚੀ ਮਨੁੱਖਤਾ ਦਾ ਧਰਾਤਲ ਹਨ ਅਤੇ ਹਰ ਕੋਈ ਇਹ ਗਮ ਭੋਗ ਰਿਹਾ ਹੈ—ਕਿਸੇ ਨਾ ਕਿਸੇ ਮਿਕਦਾਰ ਵਿਚ। ਇਹ ਕਿਹਾ ਅਜੀਬ ਹਾਦਸਾ ਹੈ ਕਿ ਫੌਜੀ ਮੱਖਣ ਸਿੰਘ ਨੂੰ ਵਾਇਰਲੈਸ ਨਾਲ ਮੋਹ ਹੈ ਅਤੇ ਉਹ ਟੀਂ ਟੀਂ ਕਰਕੇ ਮੈਸੇਜ ਭੇਜਦਾ ਹੈ ਤਾਂ ਉਸਦੇ ਨਿੱਕੇ ਮੁੰਡੇ ਨੂੰ ਵੀ ਸੀਟੀ ਬਜਾਣ ਦਾ ਸ਼ੌਕ ਹੈ। ਇਹ ਕਹਿਰ ਦੀ ਗਲਪੀ ਰਚਨਾਤਮਿਕਤਾ ਕਲਾ ਦੀ ਕਮਾਲ ਹੈ ਜਿਸ ਵਿਚ ਸਚਾਈ ਇਸ ਤਰ੍ਹਾਂ ਪੈਦਾ ਹੋ ਜਾਂਦੀ ਹੈ ਜਿਵੇਂ ਦਰਖਤਾਂ ਨੂੰ ਪੱਤੇ ਲਗਦੇ ਹਨ ਜਾਂ ਫੁੱਲ। ਇਹੀ ਗੱਲ

ਬਚਨ ਸਿੰਘ ਦੀ ਬੀਗੀ ਦੇ ਪ੍ਰਗਟ ਹੋਣ ਵਾਲੇ ਸਭਾਉ ਤੋਂ ਪਤਾ ਲਗਦੀ ਹੈ। ਉਸ ਵਿਚ ਵੀ ਵੰਡ ਪ੍ਰਤੀ ਨਫ਼ਰਤ ਦੇ ਅਹਿਸਾਸ ਹਨ ਬਿਲਕੁਲ ਆਪਣੇ ਪਿਉ ਵਾਂਗ, ਅਤੇ ਉਹ ਤਾਂ ਕੁੱਤੀ ਦੇ ਕਤੂਰੇ ਵੀ ਸਾਂਝ ਰੱਖਣ ਖਾਤਰ ਸਾਰੇ ਸਣੇ ਕੁੱਤੀ ਦੇ ਚਾਰੋ ਨੂੰ ਦੇ ਦੇਣ ਦਾ ਵਿਚਾਰ ਰਖਦੀ ਹੈ।

ਨਾਟਕ ਵਿਚਲਾ ਬਚਨ ਸਿੰਘ ਅੰਤ ਵਿਚ ਦਰਖਤਾਂ ਦੀਆਂ ਜੜ੍ਹਾਂ ਬਚਾਉਣ ਖਾਤਰ (ਉਹ ਇਹਨਾਂ ਨੂੰ ਲੱਭਣ ਲਈ ਮਿੱਟੀ ਖੋਦਦਾ ਹੈ ਕਿਉਂਕਿ ਜੜ੍ਹਾਂ ਨੂੰ ਮਜ਼ਬੂਤ ਕਰਨ ਲਈ ਪਹਿਲਾਂ ਇਹਨਾਂ ਨੂੰ ਲੱਭਣਾ ਜ਼ਰੂਰੀ ਹੈ) ਧਰਤੀ ਪੁੱਟਦਾ ਹੈ ਅਤੇ ਮੰਟੋ ਦੀ ਕਹਾਣੀ ਦਾ ਬਚਨ ਸਿੰਘ 'ਨੋ ਮੈਨਜ਼ ਲੈਂਡ' ਉਤੇ ਗਿਰਕੇ ਮਰ ਜਾਂਦਾ ਹੈ। ਸੋ ਜਿਥੇ ਨਾਟਕ ਦੇ ਬਚਨ ਸਿੰਘ ਦਾ ਪਾਤਰ ਅੰਤ ਵਿਚ ਕੁਝ ਕੁਝ ਮੈਲੋਡਰਾਮੈਟਿਕ ਹੋ ਗਿਆ ਜਾਪਦਾ ਹੈ ਉਥੇ ਟੋਬਾ ਟੇਕ ਸਿੰਘ ਦੀ ਕਹਾਣੀ ਦਾ ਇਹ ਬਚਨ ਸਿੰਘ ਆਪਣੇ ਪੂਰੇ ਭੂਤਕਾਲ ਨਾਲ ਜੁੜਿਆ ਹੋਣ ਦਾ ਦਮ ਭਰਦਾ ਹੈ। ਉਸਦਾ ਆਖਰੀ ਕਾਰਜ ਵੀ ਉਸਦੇ ਇਸ ਦਹੁਰਾਉ ਨਾਲ ਜੁੜਿਆ ਹੋਇਆ ਹੈ ਜਿਹੜਾ ਵੰਡ ਦੀ ਸਚਾਈ ਨੂੰ ਆਪਣੇ ਸਰੀਰ ਦੇ ਆਖਰੀ ਸਾਹ ਨਾਲ ਰੱਦ ਕਰਦਾ ਹੋਇਆ ਮਰ ਜਾਂਦਾ ਹੈ। ਦੋਵੇਂ ਬਚਨ ਸਿੰਘ ਅਸਲ ਵਿਚ ਇਕੋ ਹਨ—ਦੋਹਾਂ ਦੀ ਭਿੰਨਤਾ ਸਫ਼ਰ ਅਤੇ ਕਾਲ ਦੀ ਭਿੰਨਤਾ ਹੈ—ਹਾਲਾਤ ਦੀ ਭਿੰਨਤਾ ਹੈ। ਨਾਟਕ ਦਾ ਬਚਨ ਸਿੰਘ ਇਸ ਵਿਚਰ ਰਹੇ ਕਾਲ ਦਾ ਬਚਨ ਸਿੰਘ ਹੈ ਅਤੇ ਮੰਟੋ ਦਾ ਬਚਨ ਸਿੰਘ ਬੀਤ ਚੁਕੀ ਸੰਤਾਲੀ ਦੀ ਦੇਸ਼-ਵੰਡ ਵਾਲਾ ਬਚਨ ਸਿੰਘ।

ਨਾਟਕ ਦਾ ਬਚਨ ਸਿੰਘ ਹੋ ਚੁੱਕੀ ਵੰਡ ਦੇ ਨਾਲ ਨਾਲ ਹੋਰ ਅਜਿਹੀਆਂ ਆਣ ਵਾਲੀਆਂ ਸਮਾਜੀ ਵੰਡਾਂ ਨਾਲ ਵੀ ਲੜਨ ਦਾ ਦਮ ਭਰਦਾ ਹੈ। ਉਸ ਦੀ ਲੜਾਈ ਸੰਕੇਤਕ ਹੈ। ਉਸ ਦੀ ਜੰਗ ਜੜ੍ਹਾਂ ਦੀ ਮਜ਼ਬੂਤੀ ਲਈ ਜੰਗ ਹੈ ਕਿਉਂਕਿ ਤਾਂ ਹੀ ਇਸ ਉਤੇ ਉਗਿਆ ਹੋਇਆ ਦਰਖਤ ਨਾਖੁਸ਼ਗਵਾਰ ਹਵਾਵਾਂ ਦਾ ਸਾਹਮਣਾ ਕਰ ਸਕਦਾ ਹੈ। ਸਾਨੂੰ ਸੱਚੀਮੁੱਚੀ ਅੱਜ ਬਹੁਤ ਸਾਰੇ ਬਚਨ ਸਿੰਘਾਂ ਦੀ ਲੋੜ ਹੈ ਅਤੇ ਬਹੁਤ ਸਾਰੇ ਆਤਮਜੀਤਾਂ ਦੀ ਜਿਹੜੇ ਅਜਿਹੇ ਪਾਤਰਾਂ ਨੂੰ ਸਿਰਜ ਸਕਣ। [ਗੁਰਦੇਵ ਚੌਹਾਨ]

**ਰੰਗਾਂ ਦੀ ਮਹਿਫਲ** [ਗੁਰਦੀਪ]

'ਰੰਗਾਂ ਦੀ ਮਹਿਫ਼ਲ' (ਪੰਨੇ : 96, ਮੁੱਲ : 15 ਰੁਪਏ, ਲੋਕਾਇਤ ਪ੍ਰਕਾਸ਼ਨ, ਚੰਡੀਗੜ੍ਹ) ਗੁਰਦੀਪ ਦੀ ਤੀਜੀ ਕਾਵਿ-ਪੁਸਤਕ ਹੈ ਜਿਸ ਵਿਚ ਉਸ ਦੀਆਂ 80 ਦੇ ਕਰੀਬ ਗਜ਼ਲਾਂ ਸ਼ਾਮਲ ਹਨ। ਗ਼ਜ਼ਲ ਕਾਵਿ-ਰੂਪ ਨੇ ਪੰਜਾਬੀ ਵਿਚ ਆਪਣੀ ਉਚਿਤ ਥਾਂ ਤੇ ਵੱਖਰੀ ਪਛਾਣ ਬਣਾ ਲਈ ਹੈ ਅਤੇ ਵਿਚਾਰ ਅਧੀਨ ਪੁਸਤਕ ਇਸ ਖੇਤਰ ਵਿਚ ਆਪਣਾ ਨਿਵੇਕਲਾ ਯੋਗਦਾਨ ਪਾਉਂਦੀ ਪ੍ਰਤੀਤ ਹੁੰਦੀ ਹੈ।

ਇਕ ਕਵੀ ਭਾਵੇਂ ਕੋਈ ਵੀ ਕਾਵਿ-ਰੂਪ ਅਪਣਾਏ ਜਾਂ ਕਿਸੇ ਵੀ ਵਸਤੂ ਨੂੰ ਆਪਣੀ ਰਚਨਾ ਦਾ ਅੰਗ ਬਣਾਏ ਪਰ ਉਸ ਦੀ ਇਹ ਸਾਰੀ ਘਾਲਣਾ ਤਾਂ ਹੀ ਕਿਸੇ ਟਿਕਾਣੇ ਲਗਦੀ ਹੈ ਜੇ ਉਹ ਇਸ ਸਾਹਿਤ-ਰੂਪ ਦੀ ਬੁਨਿਆਦੀ ਲੋੜ 'ਤੇ ਪੂਰਾ ਉਤਰੇ ਭਾਵ ਕਿਸੇ ਡੂੰਘੇ ਅਹਿਸਾਸ ਦਾ ਸੰਚਾਰ ਸ਼ਿੱਦਤ ਨਾਲ ਕਰ ਸਕਣ ਦੇ ਸਮਰੱਥ ਹੋਵੇ। ਇਸ ਕਾਰਜ ਵਿਚ

ਉਸਦੀ ਅਨੁਭਵ ਸ਼ਕਤੀ, ਜਾਣਕਾਰੀ ਤੇ ਅਧਿਐਨ ਦਾ ਵਿਸਤਾਰ, ਆਪਣੇ ਸਾਹਿਤਕ ਵਿਰਸੇ ਦੀ ਸਮਝ ਅਤੇ ਪ੍ਰਗਟਾਵੇ ਦੀਆਂ ਨਵੀਆਂ ਭਾਸ਼ਾਈ ਜੁਗਤਾਂ ਸਹਾਈ ਹੁੰਦੀਆਂ ਹਨ। ਇਨ੍ਹਾਂ ਗੁਣਾਂ ਦੀ ਹੋਂਦ ਸਦਕਾ ਹੀ ਉਹ ਆਪਣੀ ਨਿਵੇਕਲੀ ਤੇ ਪ੍ਰਮਾਣਿਕ ਪਛਾਣ ਕਾਇਮ ਕਰ ਸਕਣ ਦੇ ਸਮਰੱਥ ਹੋ ਸਕਦਾ ਹੈ। 'ਰੰਗਾਂ ਦੀ ਮਹਿਫਲ' ਦੇ ਸ਼ਾਇਰ ਗੁਰਦੀਪ ਕੋਲ ਪਹਿਲੇ ਤਿੰਨ ਗੁਣ ਤਾਂ ਹਨ ਪਰ ਚੌਥੇ ਦੀ ਕਾਫੀ ਕਮੀ ਜਾਪਦੀ ਹੈ।

ਗ਼ਜ਼ਲ ਦਾ ਕਾਵਿ-ਰੂਪ ਅਸੀਂ ਫਾਰਸੀ ਉਰਦੂ ਪਾਸੋਂ ਗ੍ਰਹਿਣ ਕੀਤਾ ਹੈ। ਨਿਸ਼ਚੇ ਹੀ ਪੰਜਾਬੀ ਗ਼ਜ਼ਲਕਾਰ ਨੂੰ ਇਸ ਕਾਵਿ-ਰੂਪ ਦੀ ਪਰੰਪਰਾ ਤੇ ਪ੍ਰਗਟਾ-ਜੁਗਤਾਂ ਤੋਂ ਜਾਣੂ ਅਤੇ ਇਨ੍ਹਾਂ ਤੋਂ ਪ੍ਰਭਾਵਿਤ ਹੋਇਆ ਖਿਆਲ ਕੀਤਾ ਜਾ ਸਕਦਾ ਹੈ। ਗੁਰਦੀਪ ਨੇ ਆਪਣੀਆਂ ਇਨ੍ਹਾਂ ਗ਼ਜ਼ਲਾਂ ਵਿਚ ਵਾਕਫੀਅਤ ਤੇ ਚੇਤਨਾ ਦਾ ਭਰਵਾਂ ਸਬੂਤ ਦਿੱਤਾ ਹੈ। ਪਰ ਉਸ ਦੀ ਗਜ਼ਲ ਅਜੇ ਵੀ ਉਰਦੂ ਗ਼ਜ਼ਲ ਦੀ ਪਰੰਪਰਾ ਦੇ ਤਕੜੇ ਪ੍ਰਭਾਵ ਹੇਠ ਹੈ ਜਿਸ ਤੋਂ ਮੁਕਤ ਹੋ ਕੇ ਉਸ ਨੂੰ ਪੰਜਾਬੀ ਦਿੱਖ ਵਾਲੀ ਗਜ਼ਲ ਰਚਨਾ ਵੱਲ ਰੁਚਿਤ ਹੋਣਾ ਪਵੇਗਾ।

ਇਨ੍ਹਾਂ ਗਜ਼ਲਾਂ 'ਚੋਂ ਸ਼ਾਇਰ ਦੇ ਅਹਿਸਾਸ ਦੀ ਡੂੰਘਾਈ, ਅਨੁਭਵ ਦੀ ਅਮੀਰੀ ਤੇ ਬੁਨਿਆਦੀ ਸੁਹਿਰਦਤਾ ਸਾਫ ਦਿਖਾਈ ਦਿੰਦੀਆਂ ਹਨ ਜੋ ਉਸਦੀ ਸ਼ਾਇਰੀ ਦੀ ਪ੍ਰਮਾਣਿਕਤਾ ਦਾ ਪਛਾਣ-ਚਿੰਨ੍ਹ ਹਨ। ਭਾਵੇਂ ਉਸ ਨੇ ਵੀ ਬਾਕੀ ਗ਼ਜ਼ਲਕਾਰਾਂ ਵਾਂਗ ਹੁਸਨ, ਇਸ਼ਕ, ਦਰਦ, ਭਟਕਣ, ਬੇਗਾਨਗੀ, ਸ਼ੌਕ-ਦੀਵਾਨਗੀ ਤੇ ਮੈਕਦੇ ਦਾ ਵੱਧ ਤੋਂ ਵੱਧ ਜ਼ਿਕਰ ਕੀਤਾ ਹੈ, ਪਰ ਆਪਣੇ ਬਿਲਕੁਲ ਵੱਖਰੇ ਅੰਦਾਜ਼ ਵਿਚ।

ਕਿਸੇ ਵੀ ਸੰਵੇਦਨਸ਼ੀਲ ਵਿਅਕਤੀ ਲਈ ਆਪਣੇ ਅਨਿਆਂਪੂਰਨ ਮਾਹੌਲ ਨਾਲ ਇਕਸੁਰ ਹੋ ਸਕਣਾ ਸੰਭਵ ਨਹੀਂ ਹੁੰਦਾ। ਕੰਡੇ ਦੀ ਚੋਭ ਵਰਗੇ ਅਹਿਸਾਸ ਤੋਂ ਅਜਨਬੀਅਤ ਜਾਂ ਓਪਰੇਪਣ ਦੀ ਭਾਵਨਾ ਪੈਦਾ ਹੁੰਦੀ ਹੈ ਜੋ ਅਜੋਕੀ ਸ਼ਾਇਰੀ ਦੇ ਮੁਖ ਵਿਸ਼ਿਆਂ 'ਚੋਂ ਇਕ ਹੈ। ਗੁਰਦੀਪ ਨੇ ਇਸ ਅਹਿਸਾਸ ਨੂੰ ਪ੍ਰਗਟਾਉਂਦੇ ਕਈ ਵਧੀਆ ਸ਼ਿਅਰ ਲਿਖੇ ਹਨ। ਨਮੂਨੇ ਵਜੋਂ :

ਗੁਜ਼ਰੇ ਅਜੀਬ ਹਾਦਸੇ ਏਥੇ ਯਕੀਨ 'ਤੇ,
ਦਿਲ ਉਠ ਗਿਆ ਇਬਾਦਤਾਂ ਦੀ ਸਫ ਲਪੇਟ ਕੇ।
ਨਾ ਕੋਈ ਰਿਹਾ ਬਾਕੀ ਤੇ ਨਾ ਪਹਿਚਾਣ ਹੀ ਕੋਈ,
ਜੁਦਾ ਹੋਈ ਹੈ ਮੈਥੋਂ ਇੰਜ ਮੇਰੀ ਜ਼ਾਤ ਐਤਕੀਂ।

ਓਪਰੇਪਣ ਦਾ ਇਹ ਅਹਿਸਾਸ ਸ਼ਾਇਰ ਦਾ ਆਪਣੀ ਪਛਾਣ ਦੀ ਤਲਾਸ਼ ਵਿਚ ਗੁੰਮ ਜਾਣ ਦਾ ਨਾਂ ਹੈ, ਦਾਸਤਾਂ ਸੁਣਾਉਂਦੇ ਹੋਏ ਹੁੰਗਾਰੇ ਦੀ ਉਡੀਕ ਵਿਚ ਥੱਕ ਜਾਣ ਦਾ ਨਾਂ ਹੈ, ਰੰਗਾਂ ਤੇ ਖੁਸ਼ਬੂਆਂ ਦੇ ਰੁੱਸ ਜਾਣ ਦਾ ਨਾਂ ਹੈ, ਆਪਣੇ ਤੇ ਮਹਿਬੂਬ ਦੁਆਲੇ ਅਲੰਘ ਪਾੜ 'ਚੋਂ ਪੈਦਾ ਹੋਈ ਪੀੜ ਦਾ ਨਾਂ ਹੈ। ਇਕ ਤਲਖੀ, ਇਕ ਬੇਚੈਨੀ ਜੋ ਸ਼ਾਇਰ ਨੂੰ ਸੰਸਿਆਂ ਤੇ ਤੰਗ ਹਨੇਰੇ ਰਸਤਿਆਂ 'ਚੋਂ ਲੰਘਣ 'ਤੇ ਮਜਬੂਰ ਕਰਦੀ ਹੈ। ਇਨ੍ਹਾਂ ਸਾਰੇ ਅਹਿਸਾਸਾਂ ਨੂੰ ਗੁਰਦੀਪ ਨੇ ਆਪਣੇ ਸ਼ਿਅਰਾਂ ਵਿਚ ਕੁਝ ਇਸ ਪ੍ਰਕਾਰ ਬੰਨ੍ਹਿਆ ਹੈ :

ਉਨ੍ਹਾਂ ਨਹੀਂ ਭਰਿਆ ਹੁੰਗਾਰਾ ਇਕ ਵੀ, ਦਾਸਤਾਂ ਸਾਰੀ ਸੁਣਾ ਬੈਠੇ ਅਸੀਂ।
ਮਹਿਫਲਾਂ ਵਿਚ ਨੇੜ ਤੇਰਾ ਭਾਲਦੇ, ਦੁਸ਼ਮਣਾਂ ਦੇ ਕੋਲ ਜਾ ਬੈਠੇ ਅਸੀਂ।

ਸਾਨੂੰ ਨੇਰ੍ਹਿਆਂ ਨਾਲ ਮਿਲਾਉਣ ਖਾਤਰ, ਤੇਰੀ ਗਲੀ ਦੀ ਰੌਸ਼ਨੀ ਨਾਲ ਆਈ।
ਸਾਨੂੰ ਮਿਲੇ ਇਕੱਠੇ ਜਵਾਨ-ਰੁੱਤੇ, ਤੇਰਾ ਹੁਸਨ ਤੇ ਦਰਦ ਦੀ ਆਸ਼ਨਾਈ।

ਅਜਿਹੀਆਂ ਪਰਿਸਥਿਤੀਆਂ ਵਿਚ ਜੀਣਾ ਵੀ ਪਲ ਪਲ ਮਰਨ ਦੇ ਬਰਾਬਰ ਹੁੰਦਾ ਹੈ। ਕੁਝ ਅਦਿੱਖ ਬੰਧਨ ਜੀਅ ਭਰਕੇ ਜੀਣ ਦੀ ਇਛਾ ਨੂੰ ਜਕੜੀ ਰਖਦੇ ਹਨ। ਤਾਂ ਹੀ ਗੁਰਦੀਪ ਇਹ ਸ਼ਿਅਰ ਕਹਿੰਦਾ ਹੈ :

ਵਾਅ ਵਰੋਲੇ ਵਾਂਗ ਨਾ ਨੱਚੇ ਕਦੀ,
ਪੈਰ ਮਿਣ ਮਿਣ ਕੇ ਟਿਕਾ ਹੁੰਦੇ ਰਹੇ।
ਜੀਣ ਦਾ ਲਾਂਝਾ ਨਾ ਮੁੱਕਾ ਉਮਰ ਭਰ,
ਸੰਸਿਆਂ ਵਿਚ ਦਿਨ ਲੰਘਾ ਹੁੰਦੇ ਰਹੇ।
ਕਤਲਗਾਹ ਵਰਗਾ ਅਦਾਲਤ ਦਾ ਮਾਹੌਲ,
ਦਿਲ ਸ਼ਿਕਾਇਤ ਕਰਨ ਲੱਗਾ ਵੀ ਡਰੇ।

ਇਸਦੇ ਬਾਵਜੂਦ ਸ਼ਾਇਰ ਦੀ ਜ਼ਿੰਦਾਦਿਲੀ ਉਸਦੇ ਆਪਣੇ ਮਾਹੌਲ ਨਾਲ ਮੁੜ ਜੁੜਨ ਦੀ ਤਾਂਘ ਵਿਚ ਹੈ, "ਉਸ ਤਰਫ" ਦੇ ਖੰਡਰਾਂ 'ਚ ਵੀ ਆਪਣੀ ਪਛਾਣ ਦੀ ਝਲਕ ਦੇਖਣ ਵਿਚ ਹੈ, ਇਸੇ ਲਈ ਉਹ ਕਹਿੰਦਾ ਹੈ :

ਉਸ ਤਰਫ ਖੰਡਰ ਨੇ ਕੁਝ ਪਹਿਚਾਣ ਦੇ,
ਆਪਣਾ ਭਾਵੇਂ ਕੋਈ ਓਧਰ ਨਹੀਂ।
ਮੈਂ ਬੇਪਹਿਚਾਣ ਹੋ ਚੁੱਕਾ ਹਾਂ ਉਥੇ ਕਿੰਝ ਜਾਵਾਂਗਾ,
ਬਿਨਾਂ ਜਾਏ ਵੀ ਉਥੇ ਰਹਿ ਨਹੀਂ ਹੋਣਾ ਮੇਰੇ ਕੋਲੋਂ।

ਹੁਣ ਉਸ ਮਹਿਸੂਸ ਕਰਦਾ ਹੈ ਕਿ ਉਹ ਇਕੱਲਾ ਨਹੀਂ, ਐਵੇਂ ਇਕੱਲੇ ਹੋਣ ਦਾ ਭਰਮ ਸਿਰਜ ਕੇ ਫ਼ਿਰਦਾ ਰਿਹਾ, ਉਸ ਦੀ ਤਲਾਸ਼ ਬਰਕਰਾਰ ਹੈ, ਉਹ ਕਿਸੇ ਵੀ ਰਾਹ 'ਤੇ ਤੁਰਨ ਅਤੇ ਕਿਤੇ ਵੀ ਜਾਣ ਦੀ ਦਲੇਰੀ ਰਖਦਾ ਹੈ :

ਦਿਲਾਂ ਅੰਦਰ ਇਕੱਲੇ ਹੋਣ ਦਾ ਸ਼ਿਕਵਾ ਜਿਹਾ ਕੀ ਹੈ,
ਨਾ ਤੇਰਾ ਹੁਸਨ ਤਨਹਾ ਹੈ ਨਾ ਮੇਰੇ ਗਮ ਹੀ ਨੇ 'ਕੱਲੇ।
ਅਸੀਂ ਰਾਹਾਂ ਤੇ ਥਾਵਾਂ ਦੀ ਕੋਈ ਗਿਣਤੀ ਨਹੀਂ ਕਰਨੀ,
ਅਸੀਂ ਜਾਵਾਂਗੇ ਜਿਥੋਂ ਤੀਕ ਤੇਰੀ ਆਰਜ਼ੂ ਘੱਲੇ।

ਗੁਰਦੀਪ ਦਾ ਇਹ ਦ੍ਰਿਸ਼ਟੀਕੋਣ ਹੀ ਉਸ ਨੂੰ ਪ੍ਰਗਤਿਵਾਦੀ ਕਾਵਿ-ਧਾਰਾ ਨਾਲ ਜੋੜਦਾ ਹੈ ਅਤੇ ਉਸ ਦੇ ਸਮਾਜਕ ਤੌਰ 'ਤੇ ਸੁਚੇਤ ਕਵੀ ਹੋਣ ਦੀ ਗਵਾਹੀ ਦਿੰਦਾ ਹੈ।

ਬੱਸ ਇਕ ਨੁਕਸ ਹੈ ਜਿਸਦਾ ਜ਼ਿਕਰ ਮੈਂ ਸ਼ੁਰੂ ਵਿਚ ਕਰ ਚੁੱਕਾ ਹਾਂ, ਉਹ ਹੈ ਗੁਰਦੀਪ ਦੀ ਭਾਸ਼ਾ ਵੱਲੋਂ ਬੇਧਿਆਨੀ। ਉਰਦੂ ਫਾਰਸੀ ਦੀ ਪ੍ਰਚਲਤ ਸ਼ਬਦਾਵਲੀ ਦੀ ਵਰਤੋਂ ਇਤਰਾਜ਼ਯੋਗ ਨਹੀਂ ਪਰ ਇਨ੍ਹਾਂ ਗਜ਼ਲਾਂ ਵਿਚ ਇਮਕਾਨ, ਕੁਰਬਤ, ਪੈਰਹਨ, ਮਹਿਵਰ, ਮਰਹਲੇ, ਅਸਰਾਰ, ਸਰਾਪਾ, ਤਹਿਰੀਰ ਆਦਿ ਵਰਗੇ ਦਰਜਨਾਂ ਅਜਿਹੇ ਲਫਜ਼ ਵਰਤੇ ਗਏ ਹਨ ਜਿਹੜੇ ਅਜੋਕੀ ਪੰਜਾਬੀ ਵਿਚ ਉੱਕਾ ਪ੍ਰਚਲਤ ਨਹੀਂ। ਇਨ੍ਹਾਂ ਸ਼ਬਦਾਂ ਦੀ ਬਹੁਲਤਾ ਤੋਂ ਇਉਂ ਭੁਲੇਖਾ ਪੈਂਦਾ ਹੈ ਜਿਵੇਂ ਇਨ੍ਹਾਂ 'ਚੋਂ ਬਹੁਤੀਆਂ ਗਜ਼ਲਾਂ ਪੰਜਾਬੀ ਦੀਆਂ ਮੌਲਿਕ ਸਿਰਜਣਾ

ਨਾ ਹੋਣ ਸਗੋਂ ਉਰਦੂ ਫਾਰਸੀ ਵਿਚ ਲਿਖੀਆਂ ਗਜ਼ਲਾਂ ਦਾ ਅਨੁਵਾਦ ਹੋਣ। ਗੁਰਦੀਪ ਨੂੰ ਪ੍ਰਚਲਤ ਪੰਜਾਬੀ ਮੁਹਾਵਰੇ ਦੇ ਨੇੜੇ ਰਹਿਣਾ ਚਾਹੀਦਾ ਹੈ ਕਿਉਂਕਿ ਉਸ ਨੇ ਸਮਕਾਲੀ ਤੇ ਆਉਣ ਵਾਲੀਆਂ ਪੰਜਾਬੀ ਨਸਲਾਂ ਨਾਲ ਕਵਿਤਾ ਰਾਹੀਂ ਸੰਵਾਦ ਰਚਾਉਣਾ ਹੈ। ਦਹਾਕਿਆਂ ਪਹਿਲਾਂ ਰੱਦ ਹੋ ਚੁੱਕੀ ਸ਼ਬਦਾਵਲੀ ਇਸ ਵਿਚ ਅੜਿੱਕਾ ਪਾਉਂਦੀ ਹੈ। ਆਸ ਹੈ ਗੁਰਦੀਪ ਵਰਗਾ ਸੁਚੇਤ ਕਵੀ ਇਸ ਜ਼ਰੂਰਤ ਨੂੰ ਧਿਆਨ ਗੋਚਰੇ ਕਰੇਗਾ। [ਹਰਭਜਨ ਹਲਵਾਰਵੀ]

**ਫੁੱਲ ਵੀ ਅੰਗਿਆਰ ਵੀ** [ਕਰਨਜੀਤ ਸਿੰਘ]

ਆਪਣੇ ਪਹਿਲੇ ਕਾਵਿ-ਸੰਗ੍ਰਹਿ 'ਰਿਸ਼ਤੇ' (1976) ਦੇ ਪ੍ਰਕਾਸ਼ਨ ਤੋਂ ਸੱਤ ਕੁ ਸਾਲ ਮਗਰੋਂ ਕਰਨਜੀਤ ਸਿੰਘ ਆਪਣੀ ਸੱਜਰੀ ਕਾਵਿ-ਪੁਸਤਕ 'ਫੁੱਲ ਵੀ ਅੰਗਿਆਰ ਵੀ' (ਪੰਨੇ: 80, ਮੁੱਲ: 16 ਰੁਪਏ, ਆਰਸੀ ਪਬਲਿਸ਼ਰਜ਼, ਦਿੱਲੀ) ਲੈ ਕੇ ਹਾਜ਼ਰ ਹੋਇਆ ਹੈ। ਉਹ ਪਿਛਲੇ ਕੁਝ ਵਰ੍ਹਿਆਂ ਤੋਂ ਮਾਸਕੋ ਵਿਚ ਰਹਿ ਕੇ ਰੂਸੀ ਪੁਸਤਕਾਂ ਦੇ ਪੰਜਾਬੀ ਵਿਚ ਅਨੁਵਾਦ ਦਾ ਕੰਮ ਕਰ ਰਿਹਾ ਹੈ। ਇਸ ਪੁਸਤਕ ਵਿਚ ਸ਼ਾਮਲ ਉਸ ਦੀਆਂ 23 ਕਵਿਤਾਵਾਂ, ਦੋ ਗੀਤਾਂ ਅਤੇ ਇਕ ਲੰਬੀ ਕਵਿਤਾ 'ਆਵਣ ਰੁੱਤਾਂ ਜਾਵਣ ਰੁੱਤਾਂ' ਦੇ ਅਧਿਐਨ ਤੋਂ ਜੋ ਪਹਿਲੀ ਗੱਲ ਸਪਸ਼ਟ ਹੁੰਦੀ ਹੈ ਉਹ ਇਹ ਹੈ ਕਿ ਕਵੀ ਏਨੇ ਵਰ੍ਹੇ ਵਿਦੇਸ਼ ਰਹਿ ਕੇ ਵੀ ਆਪਣੀ ਕਾਵਿ-ਪਰੰਪਰਾ ਨਾਲੋਂ ਟੁੱਟਿਆ ਨਹੀਂ ਸਗੋਂ ਉਪਰੋਕਤ ਦੱਸੀ ਲੰਬੀ ਕਵਿਤਾ ਦੁਆਰਾ ਉਸ ਨੇ ਪੰਜਾਬੀ ਕਾਵਿ ਵਿਚ ਇਕ ਨਵਾਂ ਪਸਾਰ ਜੋੜ ਦਿੱਤਾ ਹੈ।

ਇਸ ਸੰਗ੍ਰਹਿ ਵਿਚਲੀਆਂ ਬਹੁਤੀਆਂ ਕਵਿਤਾਵਾਂ ਵਿਚ ਕਵੀ ਆਪਣੇ ਨਿਜ ਨੂੰ ਫਰੋਲ ਕੇ ਇਸ ਦੀ ਨਵੇਂ ਸਿਰੇ ਤੋਂ ਪੁਸ਼ਟੀ ਕਰਨ ਦੇ ਆਹਰ ਵਿਚ ਰੁੱਝਾ ਪ੍ਰਤੀਤ ਹੁੰਦਾ ਹੈ। ਆਪਣੇ ਨਿੱਜ ਨੂੰ ਆਪਣੇ ਆਪ ਲਈ ਅਤੇ ਦੂਜਿਆਂ ਲਈ ਨਿਖੇੜ ਕੇ ਸਪਸ਼ਟ ਕਰਨ ਵਾਲੀਆਂ ਇਹ ਕਵਿਤਾਵਾਂ ਆਤਮ ਕਥਨ ਦੀ ਸੁਰ ਵਿਚ ਕਵੀ ਦੀ ਵਰਤਮਾਨ ਸਥਿਤੀ ਦਾ ਪ੍ਰਗਟਾਵਾ ਵੀ ਹਨ ਤੇ ਪ੍ਰੋੜ੍ਹਤਾ ਵੀ :

ਮੇਰੀਆਂ ਅੱਖਾਂ ਦੀ ਜੋਤ ਲਟ ਲਟ ਤਾਂ ਨਹੀਂ; ਪਰ ਬਲਦੀ ਹੈ
ਮੇਰੇ ਹੱਥਾਂ 'ਚ ਏਨੀ ਕੁ ਸੱਤਿਆ ਹੈ ਅਜੇ ਕਿ ਜ਼ਹਿਰ ਦਾ ਜਾਮ ਚੁੱਕ ਸਕਾਂ
ਮੈਂ ਸੂਰਜ ਨੂੰ ਤਲੀ 'ਤੇ ਰੱਖ ਕੇ
ਤੁਰਨ ਵਾਲਿਆਂ ਦੀ ਰਾਹਨੁਮਾਈ ਦਾ
ਕਦੇ ਦਾਅਵਾ ਨਹੀਂ ਕੀਤਾ
ਪਰ ਸੂਲਾਂ-ਅੱਟੇ ਰਾਹ 'ਤੇ, ਕੁਝ ਦੇਰ ਤਾਂ ਮੈਂ
ਤੇਰੇ ਛਾਲਿਆਂ ਦੀ ਪੀੜ, ਵੰਡਾ ਸਕਦਾ ਹਾਂ

ਕਰਨਜੀਤ ਸਿੰਘ ਪ੍ਰਗਤਿਵਾਦੀ-ਰੁਮਾਂਟਿਕ ਕਾਵਿ-ਧਾਰਾ ਦਾ ਕਵੀ ਹੈ। ਇਸ ਸੰਗ੍ਰਹਿ ਵਿਚਲੀਆਂ ਲਗਪਗ ਸਾਰੀਆਂ ਕਵਿਤਾਵਾਂ ਵਿਸ਼ੇ ਅਤੇ ਪੇਸ਼ਕਾਰੀ ਪੱਖੋਂ ਇਸੇ ਵਰਗ ਵਿਚ ਰੱਖੀਆਂ ਜਾ ਸਕਦੀਆਂ ਹਨ। ਇਨ੍ਹਾਂ ਵਿਚੋਂ ਇਸ ਕਾਵਿ-ਧਾਰਾ ਦੇ ਮੁੱਖ ਲੱਛਣ ਭਾਵ ਆਦਰਸ਼ਕ ਪ੍ਰੀਤ, ਨਿੱਜ ਤੇ ਪਰ ਵੇਦਨਾ, ਆਮ ਲੋਕਾਂ ਦੇ ਦੁੱਖ ਸੁਖ ਨਾਲ ਸਾਂਝ, ਸ਼੍ਰੇਣੀਗਤ ਸੋਝੀ ਤੇ ਕਾਵਿ-ਵਿਵਹਾਰ, ਪ੍ਰਕਿਰਤੀ ਦਾ ਗੂੜ੍ਹੇ ਰੰਗਾਂ ਵਿਚ ਚਿਤਰਣ, ਸੰਬੋਧਨੀ ਸੁਰ

ਆਦਿ ਸਹਿਜੇ ਹੀ ਦ੍ਰਿਸ਼ਟੀਗੋਚਰ ਹੁੰਦੇ ਹਨ। ਕਵੀ ਕਹਿੰਦਾ ਹੈ :

ਮੇਰਾ ਮਿੱਟੀ ਵਿਚ ਮਿੱਟੀ ਹੋਏ, ਲੋਕਾਂ ਵਿਚ ਨਿਹਚਾ
ਐਵੇਂ ਹੀ ਨਹੀਂ ਮੇਰੇ ਅੰਦਰ ਰੋਹ ਦਾ ਬੱਦਲ ਗੱਜਦਾ
ਮੈਨੂੰ ਝੂਠ ਸੱਚ ਦੀ ਸੋਝੀ।

ਉਹ ਸਥਾਪਤੀ ਨਾਲ ਬੱਝੇ ਬੁੱਧੀਜੀਵੀ ਨੂੰ ਇਉਂ ਚੁਣੌਤੀ ਦਿੰਦਾ ਹੈ :

ਮੈਂ ਦਾਅਵੇ ਨਾਲ ਕਹਿੰਦਾ ਹਾਂ
ਕਿ ਤੇਰੀ ਹਰ ਗੱਲ ਸਰਾਸਰ ਝੂਠੀ ਹੈ
ਤੇਰੀ ਜ਼ਮੀਰ, ਤੇਰੀ ਸੋਚ, ਤੇਰਾ ਨਿਸਚਾ
ਸਭ ਗੈਰਹਾਜ਼ਰ ਨੇ ਤੇਰੇ ਕਥਨ ਵਿਚੋਂ
ਤੇਰਾ ਹਰ ਸ਼ਬਦ ਬੇਪੈਰਾ, ਬੇਨੀਂਝਾ
ਵਰਨਾ ਤੂੰ ਮਦਾਰੀ ਦੀ ਡੁਗਡੁਗੀ 'ਤੇ
ਕਿਉਂ ਨੱਚਦਾ ?

ਪਰ ਉਸਨੂੰ ਆਪਣੀ ਸਮਰੱਥਾ ਦੇ ਨਾਲ ਨਾਲ ਆਪਣੀ ਸੀਮਾ ਦਾ ਵੀ ਅਹਿਸਾਸ ਹੈ :

ਕਦੇ ਤਾਂ ਸਾਗਰ ਬਣ ਕੇ ਪਸਰਾਂ, ਝੁੱਲਾਂ ਝੱਖੜ ਬਣ ਕੇ,
ਕਦੇ ਆਪਣੇ ਅੰਦਰ ਵੜ ਕੇ ਮੂੰਹ ਸਿਰ ਲਵਾਂ ਲੁਕੋਈ।

ਉਸ ਦੀ ਲੰਬੀ ਕਵਿਤਾ 'ਆਵਣ ਰੁੱਤਾਂ ਜਾਵਣ ਰੁੱਤਾਂ' ਵਿਚ ਮਾਸਕੋ ਦੇ ਬਦਲਦੇ ਮੌਸਮਾਂ ਸਿਆਲ, ਬਹਾਰ, ਹੁਨਾਲ ਤੇ ਪੱਤਝੜ—ਅਨੁਸਾਰ ਉਥੋਂ ਦੇ ਬਦਲਦੇ ਭੋਂ-ਦ੍ਰਿਸ਼ਾਂ ਤੇ ਜੀਵਨ-ਦ੍ਰਿਸ਼ਾਂ ਨੂੰ ਬੜੀ ਖੂਬਸੂਰਤੀ ਨਾਲ ਰੂਪਮਾਨ ਕੀਤਾ ਗਿਆ ਹੈ ਜੋ ਕਵੀ ਦੀ ਸੁਹਜ ਭਾਵਨਾ, ਪ੍ਰਗਟਾਉ, ਸੰਜਮ ਤੇ ਸ਼ਿਲਪ ਉਪਰ ਕਾਬੂ ਦਾ ਪ੍ਰਮਾਣ ਹੈ। ਇਹ ਜੀਵਨ-ਦ੍ਰਿਸ਼ ਬੜੇ ਸਜੀਵ ਤੇ ਗਤੀਸ਼ੀਲ ਹਨ। ਕੁਝ ਸਤਰਾਂ ਮੁਲਾਹਜ਼ਾ ਹੋਣ :

ਮਸਕਵਾ ਨੂੰ ਬੰਨ੍ਹ ਬਹਾਇਆ ਪੋਹ ਮਾਘ ਦੇ ਪਾਲੇ
ਨੰਗ ਮੁਨੰਗੇ ਰੁੱਖ ਹੋ ਗਏ ਕੁਝ ਭੂਰੇ, ਕੁਝ ਕਾਲੇ। (ਸਿਆਲ)
ਕੋਸੀ ਕੋਸੀ ਧੁੱਪ ਆਣ ਕੇ ਮਟਕ ਮਟਕ ਜਾਂ ਤੁਰਦੀ,
ਪੱਥਰ ਹੋਈ ਬਰਫ ਉਸਦੇ, ਪੈਰਾਂ ਹੇਠਾਂ ਖੁਰਦੀ। (ਬਹਾਰ)
ਚਿੱਟੀਆਂ ਰਾਤਾਂ ਦਾ ਕੀ ਕਹਿਣਾ, ਕੀਕਣ ਕਰੀਏ ਬਾਤ,
ਬੇਖੁਦ ਤੇ ਅਲਸਾਈ ਹੋਈ ਜੀਕਣ ਕਾਇਨਾਤ। (ਹੁਨਾਲ)
ਪੂਰਬ ਪੱਛਮ, ਉੱਤਰ ਦੱਖਣ ਰੰਗਾਂ ਦਾ ਇਕ ਛੰਭ,
ਰੀਝਾਂ, ਸੱਧਰਾਂ, ਚਾਵਾਂ ਨੂੰ ਹੈ ਦਿਲ ਦਾ ਵਿਹੜਾ ਤੰਗ। (ਪਤਝੜ)

ਅਜਿਹੀਆਂ ਸਤਰਾਂ ਜ਼ਿੰਦਗੀ ਨਾਲ ਡੂੰਘੀ ਮੁਹੱਬਤ ਕਰਨ ਵਾਲਾ ਕਵੀ ਹੀ ਲਿਖ ਸਕਦਾ ਹੈ ਜੋ ਇਸ ਡੂੰਘੇ, ਤੀਬਰ ਤੇ ਸਦੀਵੀ ਮਨੁੱਖੀ ਜਜ਼ਬੇ ਦੇ ਰੰਗ ਨੂੰ ਵੀ ਪਛਾਣਦਾ ਹੈ ਅਤੇ ਮਹਿਕ ਨੂੰ ਵੀ :

ਤੈਨੂੰ ਲਾਲ ਰੰਗ ਪਸੰਦ ਹੈ ਨਾ ?
ਮੈਨੂੰ ਵੀ ਬੜਾ ਚੰਗਾ ਲਗਦਾ ਹੈ

ਇਸ ਲਈ ਕਿ ਆਦਮੀ ਦੀਆਂ ਰਗਾਂ ਵਿਚ
ਦੌੜਦੇ ਲਹੂ ਦਾ ਰੰਗ ਲਾਲ ਹੈ
ਮਿਹਨਤ ਦਾ ਰੰਗ ਵੀ ਲਾਲ ਹੁੰਦਾ ਹੈ
ਅਤੇ ਮੁਹੱਬਤ ਦਾ ਵੀ।
ਬਦਨ ਰਾਖ ਹੋ ਜਾਂਦੇ ਹਨ, ਫੁੱਲ ਮੁਰਝਾ ਜਾਂਦੇ ਹਨ,
ਪਰ ਅਮਰ ਹੈ, ਫੁੱਲਾਂ ਦੀ ਮੁਹੱਬਤ ਦੀ ਮਹਿਕ।

ਕਰਨਜੀਤ ਸਿੰਘ ਦੀਆਂ ਇਹ ਕਵਿਤਾਵਾਂ ਇਸੇ ਰੰਗ ਤੇ ਮਹਿਕ ਨਾਲ ਗੜੁੱਚ ਹਨ।

[ਹਰਭਜਨ ਹਲਵਾਰਵੀ]

**ਡੁਬਦੇ ਚੜ੍ਹਦੇ ਸੂਰਜ** [ਜਗਜੀਤ ਬਰਾੜ]

'ਡੁਬਦੇ ਚੜ੍ਹਦੇ ਸੂਰਜ' (ਪੰਨੇ : 78, ਕੀਮਤ : 20 ਰੁਪਏ, ਦੀਪਕ ਪਬਲਿਸ਼ਰਜ਼, ਜਲੰਧਰ) ਜਗਜੀਤ ਬਰਾੜ ਦਾ ਕਾਵਿ-ਸੰਕਲਨ ਹੈ। ਗਲਪਕਾਰ ਵਜੋਂ ਉਹ ਪਹਿਲਾਂ ਹੀ ਹਸਤਾਖ਼ਰ ਪ੍ਰਵਾਨਿਤ ਹੋ ਚੁੱਕਾ ਸੀ ਤੇ ਸ਼ਾਇਰ ਵਜੋਂ ਇਸ ਸੰਕਲਨ ਰਾਹੀਂ ਭਰਵਾਂ ਹੁੰਗਾਰਾ ਮਿਲਿਐ। ਪਿਛਲੇ ਕੁਝ ਵਰ੍ਹਿਆਂ ਤੋਂ ਪੰਜਾਬੀ ਸ਼ਾਇਰੀ ਵਿਚ ਜਿਸ ਖੜੋਤ ਦਾ ਅਹਿਸਾਸ ਤੀਖਣ ਹੁੰਦਾ ਜਾ ਰਿਹੈ, ਇਹ ਸੰਕਲਨ ਉਸ ਵਿਚ ਇਕ ਹਿਲਜੁਲ/ਗਤੀ ਲਿਆਉਂਦਾ ਏ। ਗਹੁ ਨਾਲ ਵੇਖਿਆਂ ਇਹ ਸਪਸ਼ਟ ਹੁੰਦੈ ਕਿ ਪਿਛਲੇ ਕੁਝ ਵਰ੍ਹਿਆਂ ਤੋਂ ਪੰਜਾਬੀ-ਕਵਿਤਾ ਦਾ ਰੁਝਾਨ ਕਥਾਤਮਕ ਹੋ ਰਿਹੈ। ਪਰ ਕੁਝ ਪ੍ਰਾਪਤੀ ਦੇ ਨਾਲ ਅਪ੍ਰਾਪਤੀ, ਸੰਕਟ ਵਧੇਰੇ ਹੋਏ ਨੇ। ਜੁਝਾਰੂ-ਸ਼ਾਇਰੀ ਵਿਚਲੀ ਭਾਸ਼ਣੀ, ਕਥਨੀ ਇਸ ਵਿਚ ਵੀ ਆਈ ਏ। ਇਸ ਦੇ ਨਾਲ ਇਕ ਅਹਿਮ ਸੰਕਟ ਹੋਰ ਵੀ ਏ ਤੇ ਉਹ ਏ ਹਰ ਗੱਲ ਨੂੰ ਵਧਾ ਕੇ ਕਹਿਣ ਦਾ, ਗੱਲ ਚਾਹੇ ਕੋਈ ਵੀ ਹੋਏ। ਬੇਸ਼ੱਕ ਇਹ ਸੰਕਟ ਪੰਜਾਬੀ-ਸੁਭਾਅ ਦੇ ਖਾਸੇ ਸਦਕੇ, ਫਿਰ ਵੀ ਸ਼ਾਇਰ ਪੂਰੀ ਤਰ੍ਹਾਂ ਇਸ ਤੋਂ ਮੁਕਤ ਨਹੀਂ ਹੋਏ।

ਇਨ੍ਹਾਂ ਦੋਨਾਂ ਸੰਕਟਾਂ ਦੇ ਪ੍ਰਸੰਗ ਵਿਚ ਇਹ ਕਾਵਿ-ਸੰਕਲਨ ਇਕ ਆਸ ਬੰਨ੍ਹਦੈ। ਵਿਦੇਸ਼ ਵਸਦਿਆਂ, ਰਹਿੰਦਿਆਂ ਉਹ ਦੂਸਰੇ ਸ਼ਾਇਰਾਂ ਵਾਂਗ ਭਾਸ਼ਾ, ਵਸਤ ਪ੍ਰਤੀ ਬਹੁਤਾ ਉਥੋਂ ਨਾਲ ਨਹੀਂ ਬੱਝਾ। ਇਸ ਤਰ੍ਹਾਂ ਹੁੰਦਿਆਂ ਵੀ ਉਸਦੀ ਸ਼ਾਇਰੀ ਗਲੋਬਲ, ਆਧੁਨਿਕ ਚੇਤਨਾ ਦੇ ਹਾਣ ਦੀ ਬਣੀ ਰਹਿੰਦੀ ਏ। ਕਥਾ-ਸਹਿਜਤਾ ਵਾਂਗ ਕਾਵਿ-ਸਹਿਜਤਾ ਉਸਦੀ ਵਿਸ਼ੇਸ਼ਤਾ ਏ। ਇਹ ਸਹਿਜਤਾ ਹੀ ਉਸਨੂੰ ਭਾਸ਼ਣੀ, ਕਥਨੀ ਹੋਣ ਤੋਂ ਮੁਕਤ ਕਰਵਾਉਂਦੀ ਏ। ਉਹ ਕਿਸੇ ਵੀ ਗੱਲ ਨੂੰ ਉਛਾਲਣ ਨਾਲੋਂ ਸਹਿਜ-ਪ੍ਰਕ੍ਰਿਆ ਰਾਹੀਂ ਪ੍ਰਗਟਾਉਂਦਾ, ਪ੍ਰਭਾਵ-ਤੀਖਣਤਾ ਕਾਵਿਕਤਾ ਨੂੰ ਕਾਇਮ ਰਖਦੈ। 'ਖਤਰਾ', 'ਪਰਿਵਰਤਨ', 'ਮੈਂ', 'ਸੂਰਜ ਤੇ ਬੱਚੇ' ਆਦਿ ਕਈ ਕਵਿਤਾਵਾਂ ਇਸ ਪ੍ਰਸੰਗ ਵਿਚ ਵੇਖੀਆਂ ਜਾ ਸਕਦੀਆਂ ਨੇ।

ਕਥਾ ਸਾਹਿਤ ਵਾਂਗ ਉਸ ਦੀ ਸ਼ਾਇਰੀ ਵਿਚ ਵੀ ਵਿਭਿੰਨਤਾ, ਵਖਰੇਵਾਂ ਹੈ। ਮਾਨਵੀ-ਖੰਡਿਤਾ, ਮਸ਼ੀਨੀਕਰਣ, ਸਹਿਮ, ਜ਼ੁਲਮ, ਵਿਦਰੋਹ ਕਿੰਨੇ ਹੀ ਸੁਰ ਉਸਦੀ ਸ਼ਾਇਰੀ ਦੇ ਨੇ। ਉਹ ਝੁਕਣ, ਸਮਝੌਤਾ ਕਰਨ ਨਾਲੋਂ ਪਰਿਵਰਤਨ ਲਿਆਉਣ ਲਈ ਪ੍ਰਤੀਬੱਧ ਜਾਪਦੈ। 'ਪਰਿਵਰਤਨ', 'ਫੈਸਲਾ' ਆਦਿ ਨਜ਼ਮਾਂ ਇਸ ਸੰਦਰਭ ਵਿਚ ਹੀ ਆਉਣਗੀਆਂ :

ਮੈਂ ਖੇਤਾਂ 'ਚੋਂ ਲੰਘਦੇ-ਲੰਘਦੇ

ਦਿਲ 'ਤੇ ਪੱਥਰ ਧਰ ਲੀਤਾ ਹੈ, ਇਕ ਹੌਸਲਾ ਕਰ ਲੀਤਾ ਹੈ

ਬੱਦਲ ਬਣ ਕੇ ਵਰ੍ਹ ਜਾਵਾਂਗਾ। ਖੇਤਾਂ ਦਾ ਕੁਝ ਕਰ ਜਾਵਾਂਗਾ।

ਹੁਣ ਜੇ ਮੈਨੂੰ ਕਤਲ ਕਰੋ ਵੀ, ਤਾਂ ਮੈਂ ਕਤਲ ਨਹੀਂ ਹੋਵਾਂਗਾ

ਹੁਣ ਮੇਰੀ ਆਵਾਜ਼ ਹਵਾ ਵਿਚ ਰਲ ਚੁੱਕੀ ਹੈ

ਹਵਾ ਅਤੇ ਆਵਾਜ਼ ਦਾ ਕਾਤਲ ਕੌਣ ?

ਬੇਸ਼ੱਕ ਇਕੱਲਤਾ, ਭਟਕਣਾ ਆਦਿ ਵੀ ਉਸਦੀ ਸ਼ਾਇਰੀ 'ਚ ਮੌਜੂਦ ਨੇ, ਪਰ ਇਹ ਕੁਝ ਨਿੱਜੀ ਨਹੀਂ ਬਣਦਾ ਸਗੋਂ ਮਾਨਵੀ-ਸਥਿਤੀ ਦਾ ਸੂਚਕ ਏ। ਮਾਨਵੀ-ਸਥਿਤੀ ਦਾ ਮਹਿਜ਼ ਰੂਪਾਂਤਰਣ ਨਹੀਂ, ਕਾਵਿ ਸਿਰਜਣਾਤਮਕਤਾ ਵੀ ਏ। ਭਾਵ ਨੂੰ ਚਿੰਨ੍ਹਾਤਮਕ, ਪ੍ਰਤੀਕਾਤਮਕ ਬਣਾਉਣਾ ਉਸਦੀ ਪ੍ਰਾਪਤੀ ਏ। ਇਸ ਨੂੰ ਇੰਝ ਵੀ ਕਹਿ ਸਕਦੇ ਹਾਂ ਕਿ ਜਗਜੀਤ ਪੰਜਾਬੀ-ਕਾਵਿ ਮੁਹਾਵਰੇ ਤੋਂ ਕੁਝ ਪਰ੍ਹੇ ਹਟ ਕੇ ਨਵਾਂ ਕਾਵਿ-ਮੁਹਾਵਰਾ ਸਿਰਜਣ ਲਈ ਯਤਨਸ਼ੀਲ ਏ। ਉਸ ਅੰਦਰਲੀ ਚੇਤਨਾ, ਅਨੁਭਵ ਇਕ-ਪਰਤੀ ਨਹੀਂ, ਬਹੁ-ਪਰਤੀ ਏ। ਪੰਛੀ, ਚਿੱਟਾ, ਕਾਲਾ, ਸੂਰਜ ਕਾਵਿ-ਇਕਾਈਆਂ ਪ੍ਰਭਾਵੀ ਨੇ।

ਸਹਿਜਤਾ ਸਦਕਾ ਉਸ ਦੀ ਸ਼ਾਇਰੀ ਦੀ ਇਹ ਪ੍ਰਾਪਤੀ ਏ ਕਿ ਗੱਲ ਥੋਪਣ, ਉਗਲਣ ਦੀ ਬਜਾਏ ਸ਼ਬਦਾਂ ਰਾਹੀਂ ਸਿਰਜਦੈ, ਉਸਾਰਦੈ। ਇਸ ਤਰ੍ਹਾਂ ਕਰਦਿਆਂ ਉਸ ਦੀਆਂ ਨਜ਼ਮਾਂ ਸ਼ਬਦ-ਜਾਲ, ਸ਼ਬਦ-ਬੋਝ, ਵੀ ਨਹੀਂ ਬਣਦੀਆਂ। ਭਾਵਾਨੁਸਾਰ ਸ਼ਬਦਾਰਥ ਉਸਾਰਨਾ ਉਸਦਾ ਕਮਾਲ ਏ :

ਇਸ ਘਰ ਵਾਲੇ ਲੋਕ ਵਪਾਰੀ ਤੇਲ ਦੇ, ਉਸ ਘਰ ਵਾਲੇ ਲੋਕ ਮਾਚਸਾਂ ਵੇਚਦੇ

ਬਸਤੀ ਵਾਲੇ ਸਾਰੇ ਰਲਕੇ ਸੋਚਦੇ, ਆਪਣੇ ਘਰ ਉਹ ਅੱਗ ਤੋਂ ਕਿਵੇਂ ਬਚਾਵਣਗੇ ?

ਇਸ ਸਹਿਜਤਾ ਸਦਕਾ ਹੀ ਉਸਦੀ ਸ਼ਾਇਰੀ ਗੀਤਾਤਮਕ ਬਣਦੀ ਏ।

ਇਸ ਕਾਵਿ-ਸੰਕਲਨ ਵਿਚ ਜਗਜੀਤ ਦੀਆਂ ਕੁਝ ਗ਼ਜ਼ਲਾਂ ਵੀ ਸੰਕਲਿਤ ਨੇ ਜੋ ਜਦੀਦ ਗ਼ਜ਼ਲ ਦੇ ਨੇੜੇ ਨੇ। ਉਨ੍ਹਾਂ ਦੇ ਸ਼ਿਅਰਾਂ ਵਿਚਲੀ ਭਾਵ-ਸੂਖਮਤਾ, ਬਿੰਬਾਤਮਕਤਾ ਪ੍ਰਭਾਵੀ ਏ। ਗ਼ਜ਼ਲਾਂ ਮਹਿਜ਼ ਰੁਮਾਂਟਿਕ ਵੀ ਨਹੀਂ, ਕੁਝ ਸ਼ਿਅਰ, ਨਜ਼ਮਾਂ ਦੇ ਸਮਾਤੰਰ ਭਾਵ ਧਾਰਨੀ ਨੇ :

ਜੇ ਦਰਵਾਜ਼ਾ ਖੋਲ੍ਹਾਂ ਅੰਦਰ ਰੌਲੇ ਨਾਲ ਭਰੇ,

ਬੂਹਾ ਬੰਦ ਕਰਾਂ ਤਾਂ ਅੰਦਰ 'ਕੱਲੀ ਚੁੱਪ ਡਰੇ।

ਅੱਜ ਇਸ ਬਾਗ਼ 'ਚ ਕੌਣ ਹਵਾ ਹੈ ਜਿਹੜੀ ਪਹਿਰੇ ਬੈਠੀ,

ਸਭਨਾਂ ਰੁੱਖਾਂ ਦੇ ਹੀ ਪੱਤੇ ਲਗਦੇ ਡਰੇ ਡਰੇ। [ਅਵਤਾਰ ਜੌੜਾ]

**ਕਾਲ-ਅਕਾਲ** [ਨਰਿੰਦਰਪਾਲ ਸਿੰਘ]

ਕਾਲ-ਅਕਾਲ ਨਰਿੰਦਰਪਾਲ ਸਿੰਘ ਦਾ ਵੀਹਵਾਂ ਨਾਵਲ [ਪੰਜਾਬੀ ਰਾਈਟਰਜ਼ ਕੋਅਪਰੇਟਿਵ ਇੰਡਸਟਰੀਅਲ ਸੁਸਾਇਟੀ, ਲਿਮਟਿਡ, ਨਵੀਂ ਦਿੱਲੀ, ਪੰਨੇ 216, ਮੁੱਲ ਤੀਹ ਰੁਪਏ] ਹੈ ਦੇਸ਼ਭਗਤੀ ਦੇ ਵਚਿੱਤਰ ਜਿਹੇ ਆਦਰਸ਼ਕ ਵਾਤਾਵਰਨ ਰਾਹੀਂ ਉਸਾਰਿਆ

ਹੋਇਆ ਨਾਵਲ। ਨਾਵਲ ਦੀ ਕਹਾਣੀ ਇਕ ਅੰਨ੍ਹੇ ਪਿਉ ਦੇ ਸਫਲ ਡਾਕਟਰ ਪੁੱਤਰ ਦੇ ਇਰਦ ਗਿਰਦ ਘੁਮਾਈ ਗਈ ਹੈ। ਪਿਉ ਪੁੱਤਰ ਨੂੰ ਹੂਟੇ ਦੇਣ ਲਈ ਆਪਣੇ ਸਾਇਕਲ ਉਤੇ ਨਿੱਕੀ ਕਾਠੀ ਲਗਵਾ ਕੇ ਲਿਆਉਂਦਾ ਹੋਇਆ ਇਕ ਹਾਦਸੇ ਵਿਚ ਅੰਨ੍ਹਾ ਹੋ ਜਾਂਦਾ ਹੈ ਅਤੇ ਉਹ ਕਾਠੀ ਹੀ ਉਸ ਨੂੰ ਅੰਨ੍ਹੇ ਕਰਨ ਦਾ ਕਾਰਨ ਬਣ ਜਾਂਦੀ ਹੈ। ਇਸ ਕਰਕੇ ਆਪਣੇ ਹੋਰਾਂ ਧੀਆਂ-ਪੁੱਤਰਾਂ ਦੇ ਮੁਕਾਬਲੇ ਪਿਉ ਦੀ ਇਕਾਗਰਤਾ ਇਸ ਪੁੱਤਰ ਦੀ ਜ਼ਿੰਦਗੀ ਨਾਲ ਵਧੇਰੇ ਜੁੜ ਜਾਂਦੀ ਹੈ। ਮੌਕਾ-ਮੇਲ ਇਸ ਗੱਲ ਦਾ ਹੈ ਕਿ ਪੁੱਤਰ ਦੀ ਪਾਤਰ-ਉਸਾਰੀ ਵੀ ਪਿਉ ਦੀਆਂ ਭਾਵਨਾਵਾਂ ਦੇ ਐਨ ਅਨਕੂਲ ਹੋ ਰਹੀ ਹੈ। ਪਿਉ ਉਸ ਵੇਲੇ ਅੰਨ੍ਹਾ ਹੁੰਦਾ ਹੈ ਜਦੋਂ ਉਸ ਨੂੰ ਅਧਿਆਪਕੀ ਤੋਂ ਮੁੱਖ ਅਧਿਆਪਕੀ ਦੀ ਤਰੱਕੀ ਮਿਲਦੀ ਹੈ। ਜਦੋਂ ਹੀ ਉਹਦੀ ਗਰੀਬ ਜੇਹੀ ਜ਼ਿੰਦਗੀ ਵਿਚ ਅਮੀਰੀ ਦਾ ਸੁਪਨ ਪ੍ਰਵੇਸ਼ ਕਰਦਾ ਹੈ ਉਦੋਂ ਹੀ ਉਹਦੇ ਸੁਜਾਖੇ ਵਾਤਾਵਰਨ ਵਿਚ ਮੁਨਾਖਾਪਣ ਪ੍ਰਵੇਸ਼ ਕਰ ਜਾਂਦਾ ਹੈ। ਜਿਵੇਂ ਜਿਵੇਂ ਉਹਦਾ ਪੁੱਤਰ ਹਰਮੀਤ ਆਪਣੀ ਜ਼ਿੰਦਗੀ ਦੀਆਂ ਸਫਲ-ਪੌੜੀਆਂ ਚੜ੍ਹ ਰਿਹਾ ਹੈ ਤਿਵੇਂ ਤਿਵੇਂ ਉਹਦੇ ਦੂਸਰੇ ਪੁੱਤਰ ਅਸਫਲਤਾ ਵੱਲ ਵਧ ਰਹੇ ਹਨ। ਜਿਵੇਂ ਜਿਵੇਂ ਅਧਿਆਪਕੀ ਤੋਂ ਮਜਬੂਰਨ ਵਿਹਲਾ ਹੋ ਕੇ ਪਿਉ (ਪ੍ਰਿਤਪਾਲ) ਭਾਈ ਆਲਾ ਸਿੰਘ ਦਾ ਚੇਲਾ ਬਣਕੇ ਸਫਲ ਅਤੇ ਮਸਹੂਰ ਤਬਲਚੀ ਬਣ ਰਿਹਾ ਹੈ --ਤਿਵੇਂ ਤਿਵੇਂ ਉਹਦੇ ਜਸਵੀਰ ਅਤੇ ਸਤਵੰਤ ਨਾਲ ਸੰਬੰਧਾਂ ਦੀ ਕਾਨਾਫੂਸੀ ਸ਼ੁਰੂ ਹੋ ਜਾਂਦੀ ਹੈ। ਜਿਵੇਂ ਜਿਵੇਂ ਹਰਮੀਤ ਦਾ ਕਾਲਿਜ-ਜੀਵਨ ਅਤੇ ਉਸਦੀਆਂ ਸਫਲਤਾਵਾਂ ਆਪਣੀ ਮੰਜ਼ਲ ਵੱਲ ਵਧ ਰਹੀਆਂ ਹਨ ਤਿਵੇਂ ਤਿਵੇਂ ਉਹਦੇ ਪਿਆਰ-ਸੰਬੰਧਾਂ ਦੇ ਪੈਰਾਡਾਈਮ ਉਸਰ ਰਹੇ ਹਨ। ਇਕ ਤੋਂ ਬਾਅਦ ਇਕ ਸ਼ੁਰੂ ਹੋ ਰਹੇ ਇਹ ਪਿਆਰ-ਸੰਬੰਧ ਉਨਾਂ ਚਿਰ ਆਪਣੀ ਚਰਮ-ਸੀਮਾ ਨਹੀਂ ਛੂੰਹਦੇ ਜਿੰਨਾ ਚਿਰ ਹਰਮੀਤ ਦਾ ਡਾਕਟਰ ਬਣਨ ਦਾ ਸੁਪਨਾ, ਜਿਹੜਾ ਆਪਣੇ ਪਿਉ ਦੇ ਅੰਨ੍ਹੇਪਣ ਨੂੰ ਦੂਰ ਕਰਨ ਦੇ ਦਾਈਏ ਵਿਚੋਂ ਫੁਟਿਆ ਹੈ, ਪੂਰਾ ਨਹੀਂ ਹੋ ਜਾਂਦਾ। ਜਦੋਂ ਉਹਦਾ ਮਸ਼ਹੂਰ ਡਾਕਟਰ ਬਣਨ ਦਾ ਸੁਪਨਾ ਪੂਰਾ ਹੋ ਜਾਂਦਾ ਹੈ ਤਾਂ ਉਸਦੇ ਕਾਲਿਜ ਦੌਰਾਨ ਸੰਪਰਕ ਵਿਚ ਆਈ ਆਖਰੀ ਕੁੜੀ ਹਰਮੁਕਤਾ ਨਾਲ ਵਿਆਹ ਵੀ ਹੋ ਜਾਂਦਾ ਹੈ ਹਾਲਾਂਕਿ ਉਹ ਪਹਿਲਾਂ ਵਿਆਹੀ ਜਾ ਚੁੱਕੀ ਸੀ। ਕਮਾਲ ਇਹ ਹੈ ਕਿ ਜਦੋਂ ਹੀ ਹਰਮੀਤ ਦੁਨੀਆਂ ਦਾ ਮਸ਼ਹੂਰ ਡਾਕਟਰ ਬਣਕੇ ਲੰਡਨ ਤੋਂ ਵਾਪਸ ਹਿੰਦ ਆਉਣ ਬਾਰੇ ਸੋਚਦਾ ਹੈ, ਉਦੋਂ ਹੀ ਹਰਮੁਕਤਾ ਦਾ ਪਹਿਲਾ ਪਤੀ ਕਤਲ ਹੋ ਜਾਂਦਾ ਹੈ। ਹਰਮੀਤ ਅਤੇ ਮੁਕਤਾ ਦੇ ਪਿਆਰ ਦੇ ਵਿਰੋਧੀ ਹਰਮੁਕਤਾ ਦੇ ਪਿਤਾ ਦਾ ਫਸਤਾ ਵੀ ਨਾਲ ਹੀ ਵਢਿਆ ਜਾਂਦਾ ਹੈ। ਨਾਵਲਕਾਰ ਦੇ ਚਹੇਤੇ ਪਾਤਰਾਂ ਵਿਚੋਂ, ਜੋ ਜੋ ਕਿਸੇ ਨੇ ਸੋਚਿਆ, ਸਿਖਿਆ ਹੈ, ਉਹੀ ਉਹੀ ਹੋ, ਵਾਪਰ ਰਿਹਾ ਹੈ। ਇਹ ਚਾਹਤ ਅਕਸਰ ਹੀ ਸਭ ਕੁਝ ਹੋਣ ਵਾਪਰਨ ਵਿਚ 'ਅਕਾਲ ਪੁਰਖ' ਦੀ ਕਿਰਪਾ ਹੈ—ਅਕਾਲ ਪੁਰਖ ਕਦੇ ਭਾਈ ਆਲਾ ਸਿੰਘ ਵਰਗੇ ਸੰਤਾਂ ਦੇ ਰੂਪ ਵਿਚ ਪ੍ਰਗਟ ਹੁੰਦਾ ਹੈ ਕਦੇ 'ਸਾਹਿਬ ਸੂਰਮਾ ਸਿੰਘ ਜੀ' (ਪ੍ਰਿਤਪਾਲ) ਦੇ ਰੂਪ ਵਿਚ...... ਜ਼ਿੰਦਗੀ ਦੇ ਇਕ ਖੇਤਰ ਦੀ ਮਜਬੂਰਨ ਅਸਫਲਤਾ ਵਿਚੋਂ 'ਅਕਾਲ ਪੁਰਖ' ਉਤੇ ਟੇਕ ਰਖਕੇ ਦੂਸਰੇ ਖੇਤਰ ਦੀ ਸਫ਼ਲਤਾ ਵਿਚ ਪ੍ਰਵੇਸ਼ ਕਰਦੇ ਅਤੇ ਮੱਲਾਂ ਮਾਰਦੇ ਪਾਤਰਾਂ ਦੀ ਇਸ ਕਹਾਣੀ (ਨਾਵਲ) ਦਾ ਉਸਾਰ ਪੰਜਾਬੀ ਨਾਵਲਕਾਰੀ ਦੀ ਮੁਢਲੀ ਜੁਗਤ ਹੈ। ਸਰਲ-ਬਿਰਤਾਂਤ ਰਾਹੀਂ ਆਪਣੀ ਸਿਖ਼ਰ ਵੱਲ

ਦੂਹਾਦੂਹ ਵੱਧ ਰਹੀਆਂ ਇਹ ਘਟਨਾਵਾਂ ਨਾਵਲ ਨੂੰ ਸਰਲ-ਸੰਰਚਨਾ ਵਾਂਗ ਪੇਸ਼ ਕਰ ਰਹੀਆਂ ਹਨ । ਹਰਮੀਤ ਤੇ ਹਰਮੁਕਤਾ ਦੀ ਜ਼ਿੰਦਗੀ ਵਰਗੀਆਂ ਕਈ ਹੋਰ ਜ਼ਿੰਦਗੀਆਂ ਦੀ ਮੰਗ ਕਰਦਾ ਇਹ ਨਾਵਲ ਨਾਇਕ ਦੀ ਪੇਸ਼ਕਾਰੀ ਵੱਲ ਰੁਚਿਤ ਹੈ। ਨਾਵਲ ਦਾ ਨਾਇਕ ਹਰ ਮੈਦਾਨ ਫਤਿਹ ਕਰ ਰਿਹਾ ਹੈ। ਉਸਨੇ ਜੋ ਸੋਚਿਆ ਹੈ ਉਹੀ ਹੋ ਰਿਹਾ ਹੈ, ਸਿਵਾਏ ਆਪਣੇ ਪਿਤਾ ਹੀ ਨਿਗਾਹ ਠੀਕ ਕਰਨ ਦੇ। ਇਹ ਨਿੱਕੀ ਜੇਹੀ ਕਸਰ ਹੀ ਇਸ ਨਾਵਲ ਨੂੰ ਨਾਨਕ ਸਿੰਘ ਦੀ ਚਮਤਕਾਰੀ-ਜੁਗਤ ਤੋਂ ਥੋੜਾ-ਜਿਹਾ ਹਟਵੇਂ ਰੂਪ ਵਿਚ ਪੇਸ਼ ਕਰਦੀ ਹੈ। ਪਰ ਇਸ ਪੇਸ਼ਕਾਰੀ ਦੇ ਮੂਲ-ਸੁਭਾਅ ਦੀ ਦਿਸ਼ਾ ਹਟਵੀਂ ਨਹੀਂ ਹੈ। ਨਾਇਕ ਦੀਆਂ ਸਗਲ-ਸਫ਼ਲਤਾਵਾਂ ਦਾ ਆਧਾਰ ਵਾਸਤਵਿਕ-ਦਵੰਦਾਤਮਿਕਤਾ ਨਹੀਂ ਹੈ, ਗਾਇਬੀ ਸ਼ਕਤੀ ਹੈ। ਨਾਵਲਕਾਰ ਨੇ ਪੰਜਾਬ ਦੇ ਮੁਖ ਮੰਤਰੀ, ਦੇਸ਼ ਦੇ ਪ੍ਰਧਾਨ ਮੰਤਰੀ, ਰਾਸ਼ਟਰਪਤੀ ਅਤੇ ਰਾਸ਼ਟਰਪਤੀ ਦੇ ਸੈਨਿਕ ਸਕੱਤਰ ਦਾ ਜ਼ਿਕਰ ਕਰਕੇ ਅਜਿਹਾ ਪ੍ਰਭਾਵ ਦੇਣ ਦੀ ਕੋਸ਼ਿਸ਼ ਕੀਤੀ ਹੈ ਕਿ ਇਹ ਸਾਰੀ ਕਹਾਣੀ ਕੋਈ ਸੱਚੀ ਵਾਰਤਾ ਹੈ। ਇਹ ਦਮੋਦਰੀ-ਜੁਗਤ ਆਧੁਨਿਕ ਨਾਵਲਕਾਰੀ ਦੀ ਵਿਪਰੀਤੀ-ਜੁਗਤ ਹੈ। ਵਸਤੂ-ਯਥਾਰਥ ਅਤੇ ਸਾਹਿਤ-ਯਥਾਰਥ ਦੀ ਲੋੜੀਂਦੀ ਵਿੱਥ, ਜਿਸਨੇ ਇਸਨੂੰ ਗਾਲਪਨਿਕਤਾ ਪ੍ਰਦਾਨ ਕਰਨੀ ਸੀ, ਇਸ ਸਾਰੇ ਵਾਤਾਵਰਨ ਵਿਚੋਂ ਗ਼ੈਰਹਾਜ਼ਰ ਹੈ । ਇਸ ਵਿੱਥ ਦੀ ਗ਼ੈਰਹਾਜ਼ਰੀ ਹੀ ਇਸ ਨਾਵਲ ਨੂੰ ਮੁਢਲੀ ਨਾਵਲਕਾਰੀ ਨਾਲ ਜੋੜਦੀ ਹੈ। ਇਹ ਜੁਗਤ ਇਸ ਨਾਵਲ ਨੂੰ ਬੰਦ-ਸਿਸਟਮ ਬਣਾ ਦੇਂਦੀ ਹੈ। ਆਧੁਨਿਕ ਸਾਹਿਤਕਾਰੀ ਖੁੱਲੇ-ਸਿਸਟਮ ਦੀ ਸਾਹਿਤਕਾਰੀ ਹੈ। ਖੁਲ੍ਹਾ-ਸਿਸਟਮ ਲਿਖਣ-ਯੋਗਤਾ ਦਾ ਸਿਸਟਮ ਹੈ। ਬੰਦ-ਸਿਸਟਮ ਦੀ ਸੀਮਾ ਪੜ੍ਹਨਯੋਗਤਾ ਤੱਕ ਹੈ। ਇਸ ਪੜ੍ਹਨਯੋਗਤਾ ਦੀ ਸੀਮਾ ਪਾਠਕੀ-ਸੀਮਾ ਹੈ। 'ਕਾਲ-ਅਕਾਲ' ਪਾਠਕੀ-ਸੀਮਾ ਦਾ ਨਾਵਲ ਹੈ। ਪਾਠਕ ਵਾਂਗ ਲਿਖਿਆ ਹੋਇਆ ਨਾਵਲ ਜਿਹਾ ਪਾਠਕ ਨੂੰ ਆਪਣਾ ਸਰੋਤਾ ਬਣਾ ਲੈਂਦਾ ਹੈ। ਲੇਖਕ, ਲੇਖਕ ਨਾ ਰਹਿਕੇ ਵਕਤਾ ਬਣ ਜਾਂਦਾ ਹੈ। ਉਹ ਪਾਠਕ ਨੂੰ ਕੋਈ ਕਹਾਣੀ ਸੁਣਾ ਰਿਹਾ ਹੈ, ਪਾਠਕ ਕਹਾਣੀ ਸੁਣ ਰਿਹਾ ਹੈ ਤੇ ਵਕਤਾ ਦੇ ਨਾਲ ਨਾਲ ਤੁਰਿਆ ਜਾ ਰਿਹਾ ਹੈ। ਪਾਠਕ ਨੂੰ ਸਰੋਤਾ ਬਣਾ ਕੇ ਆਪਣੇ ਨਾਲ ਨਾਲ ਤੋਰ ਲੈਣਾ ਹੀ ਰਵਾਇਤੀ ਪੰਜਾਬੀ ਨਾਵਲਕਾਰੀ ਦੀ ਮੁਢਲੀ ਸਮਰੱਥਾ ਹੈ ਜਿਹੜੀ ਅਧੁਨਿਕ ਪੰਜਾਬੀ-ਨਾਵਲਕਾਰੀ ਦੀ ਸੀਮਾ ਬਣ ਗਈ ਹੈ। 'ਕਾਲ-ਅਕਾਲ' ਨੇ ਇਸੇ ਸਮਰੱਥਾ ਦੀ ਸੀਮਾ ਨੂੰ ਅਪਣਾ ਲਿਆ ਹੈ ਜਿਸ ਕਰਕੇ ਇਹ ਨਾਵਲ ਬੜਾ ਰੋਚਿਕ ਹੈ—ਬੜਾ ਸਰਲ। ਨਾਵਲ ਦਾ ਇਹ ਰੋਚਕੀ ਸਰਲ ਸੁਭਾਅ ਹੀ ਇਸ ਨਾਵਲ ਨੂੰ ਲੋਕ-ਪ੍ਰਿਆ ਬਣਾ ਸਕਦਾ ਹੈ।

[ਲਖਵਿੰਦਰ ਜੌਹਲ]

**ਕਾਲਾ ਪੱਤਣ** [ਕ੍ਰਿਪਾਲ ਕਜ਼ਾਕ]

ਕ੍ਰਿਪਾਲ ਕਜ਼ਾਕ ਸਾਡੇ ਉਨ੍ਹਾਂ ਲੇਖਕਾਂ ਵਿਚੋਂ ਹੈ ਜਿਹੜੇ ਗਲਪ ਦੇ ਕਹਾਣੀ ਰੂਪ ਵੱਲੋਂ ਸਹਿਜੇ ਹੀ ਨਾਵਲ ਰੂਪ ਵੱਲ ਪਰਤੇ ਹਨ। ਇਨ੍ਹਾਂ ਦੇ ਨਾਵਲਾਂ ਵਿਚ ਕਹਾਣੀ ਦੇ ਕੁਝ ਗੁਣ ਵਿਦਮਾਨ ਰਹਿਣ ਕਾਰਨ ਇਹ ਆਕਾਰ ਵਿਚ ਛੋਟੇ ਰਹਿੰਦੇ ਹਨ ਤੇ ਇਨ੍ਹਾਂ ਵਿਚ ਬਹੁ-ਪੱਖੀ ਤੇ ਬਹੁਘਟਨਾਵੀ ਪਾਸਾਰ ਨਹੀਂ ਹੁੰਦਾ ਸਗੋਂ ਇਕਹਿਰਾ ਜਿਹਾ ਬਿਰਤਾਂਤ ਹੁੰਦਾ ਹੈ ਤੇ ਇਹ ਛੇਤੀ ਹੀ ਟੀਸੀ ਵੱਲ ਨੂੰ ਭੱਜਦੇ ਹਨ। 'ਕਾਲਾ ਪੱਤਣ' ਨਾਵਲ ਇਸ ਲੱਛਣ ਦੀ ਉਘੜਵੀਂ

ਮਿਸਾਲ ਹੈ। ਇਹ ਨਾਵਲ ਇਸ ਵਿਸ਼ੇ ਨੂੰ ਆਪਣੇ ਕਲੇਵਰ ਵਿਚ ਲੈਂਦਾ ਹੈ ਕਿ ਮਰਦ ਦੀ
ਪ੍ਰਧਾਨਗੀ ਤੇ ਇਸ ਉਤੇ ਉਸਰੀਆਂ ਕਦਰਾਂ ਕੀਮਤਾਂ ਵਾਲੇ ਸਮਾਜ ਵਿਚ ਔਰਤ ਮਰਦ ਦੇ
ਲੈਂਗਿਕ ਸੰਬੰਧ ਬਰਾਬਰ ਦੀ ਧਰਾਤਲ 'ਤੇ ਨਹੀਂ ਖੜ੍ਹੋਤੇ ਹੁੰਦੇ। ਅਜਿਹੇ ਸਮਾਜ ਵਿਚ ਜੇ
ਔਰਤ ਆਰਥਿਕ ਸਵੈ-ਨਿਰਭਰਤਾ ਪ੍ਰਾਪਤ ਕਰ ਵੀ ਲਵੇ ਤਾਂ ਸਾਡੇ ਸੰਸਕਾਰ ਔਰਤ ਦੀ ਸਵੈ-
ਚੋਣ ਨੂੰ ਸਵੀਕਾਰ ਨਹੀਂ ਕਰਦੇ।

ਇਹ ਨਾਵਲ ਪਾਸ਼ ਨਾਮੀ ਔਰਤ ਦੇ ਦੁਖਾਂਤਕ ਵਿਆਹੁਤਾ ਜੀਵਨ ਨੂੰ ਬਿਆਨਦਾ
ਹੈ। ਇਸਦਾ ਵਿਆਹ ਜੰਗ ਸਿੰਘ ਨਾਲ ਹੋ ਜਾਂਦਾ ਹੈ ਜਿਸਦਾ ਪਿਛੋਕੜ ਸਾਡੇ
ਰੂੜ੍ਹੀਗਤ ਖੋਦੇ ਸੰਸਕਾਰਾਂ ਵੱਲੋਂ ਤਿਰਸਕਾਰ ਦਾ ਪਾਤਰ ਹੈ। ਜੰਗ ਸਿੰਘ ਆਪਣੇ ਦੋ ਭਰਾਵਾਂ
ਦਾ ਸਕਾ ਭਰਾ ਨਹੀਂ ਸਗੋਂ ਉਨ੍ਹਾਂ ਦੇ ਪਿਉ ਵੱਲੋਂ ਚਾਦਰ ਪਾਕੇ ਪਰਣਾਈ ਇਕ ਬਦਕਾਰ
ਔਰਤ ਦੀ ਔਲਾਦ ਹੈ ਜੋ ਕਿ ਉਸਦੇ ਨਾਲ 'ਪਿਛਿਓਂ ਕਿਤਿਓਂ' ਆਇਆ ਹੈ। ਪਿੰਡ
ਦੇ ਫਿਟਕਾਰਾਂ ਭਰੇ ਮਾਹੌਲ ਵਿਚ ਇਸ 'ਕੁਬੀਜ' ਦੀ ਪਰਵਰਿਸ਼ ਨਾਲ ਇਕ ਅਜਿਹਾ
ਨਿਰਭਾਵ ਚਰਿਤਰ ਉਗਮਦਾ ਹੈ ਜੋ ਮਾਨੋ ਸਮਾਜ ਪ੍ਰਤੀ ਬਦਲੇ ਦੀ ਭਾਵਨਾ ਕਾਰਨ ਇਸ
ਉਤੇ ਕਾਠੀ ਪਾਉਣ ਦੀ ਅਕਾਂਖਿਆ ਰਖਦਾ ਹੈ।

ਵੱਡਾ ਹੋ ਕੇ ਇਹੀ ਪਾਤਰ ਪੁਲੀਸ ਦੀ ਮਿਲੀਭੁਗਤ ਨਾਲ ਇਸਤਰੀਆਂ ਦੀ ਖਰੀਦ
ਵੇਚ ਤੇ ਸਮਗਲਿਗ ਜਹੇ ਕਾਲੇ ਧੰਦੇ ਕਰਦਾ ਹੈ, ਇਥੋਂ ਤਕ ਕਿ ਪਿੰਡ ਦਾ ਸਰਪੰਚ ਬਣਕੇ
ਇਸਦਾ ਚੌਧਰੀ ਬਣਦਾ ਹੈ ਤੇ ਬਲਾਕ ਸੰਮਤੀ ਦਾ ਚੇਅਰਮੈਨ ਬਣਨ ਦੀ ਲਾਲਸਾ ਕਰਦਾ
ਹੈ। ਇਹ ਆਖਰੀ ਲਾਲਸਾ ਹੀ ਉਸਨੂੰ ਜੇਲ੍ਹ ਲਿਜਾਣ ਦਾ ਕਾਰਨ ਬਣਦੀ ਹੈ। ਉਹ
ਨਾਜਾਇਜ਼ ਢੰਗ ਨਾਲ ਚੋਣਾਂ ਜਿੱਤਣ ਖ਼ਾਤਿਰ ਅਫ਼ਸਰਾਂ ਨੂੰ ਆਪਣੀ ਜ਼ਨਾਨੀ ਪੇਸ਼ ਕਰਨ ਤਕ
ਜਾਂਦਾ ਹੈ ਪਰ ਉਸਦੀ ਜ਼ਨਾਨੀ ਅਫ਼ਸਰਾਂ ਨੂੰ 'ਖੁਸ਼' ਕਰਨ ਤੋਂ ਇਨਕਾਰ ਕਰਦੀ ਹੈ ਤਾਂ ਪਤੀ
ਵਲੋਂ ਕਤਲ ਦਾ ਸ਼ਿਕਾਰ ਹੋ ਜਾਂਦੀ ਹੈ। ਉਹ ਆਪ ਤਾਂ ਮੌਤ ਦੇ ਮੂੰਹੋਂ ਬਚ ਨਿਕਲਦੀ ਹੈ
ਪਰ ਉਸਦੇ ਠੋਕਵੇਂ ਬਿਆਨ ਜੰਗ ਸਿੰਘ ਨੂੰ ਛੇ ਸਾਲ ਕੈਦ ਦੀ ਸਜ਼ਾ ਵਿਚ ਬੰਨ੍ਹ ਦਿੰਦੇ ਹਨ।

ਇਸਤੋਂ ਅੱਗੇ ਪਾਸ਼, ਜੋ ਕਿ ਇਕ ਬੱਚੀ ਦੀ ਮਾਂ ਵੀ ਹੈ, ਲਈ ਜ਼ਿੰਦਗੀ ਵਿਚ ਕੀ
ਸੰਭਾਵਨਾਵਾਂ ਹਨ? ਏਹੀ ਇਸ ਨਾਵਲ ਦੀ ਸਮੱਸਿਆ ਹੈ। ਉਹ ਇਕ ਕਾਲੇ ਪੱਤਣ ਵਿਚ
ਆਣ ਲੱਗੀ ਹੈ ਜਿਸ ਤੋਂ ਅੱਗੇ ਲੇਖਕ ਨੇ ਉਸ ਲਈ ਚਾਰੇ ਰਾਹ ਬੰਦ ਕਰ ਦਿਤੇ ਹਨ।
ਉਹ ਸ਼ਾਇਦ ਹੁਣ ਕਿਸੇ ਅਜਿਹੇ ਘਰ ਵਸਣਾ ਚਾਹੁੰਦੀ ਹੈ ਜਿਸ ਘਰ ਦੀਆਂ ਕੰਧਾਂ ਉਤੇ ਮੋਹ
ਦੀ ਛੱਤ ਤੇ ਮੁਹੱਬਤ ਦੇ ਭਿੱਤ ਹੋਣ। ਅਜਿਹਾ ਘਰ ਉਸਨੂੰ ਨਾ ਪਹਿਲੇ ਨਿਰਮੋਹੀ ਤੇ
ਵਹਿਸ਼ੀ ਪਤੀ ਕੋਲ ਮਿਲ ਸਕਦਾ ਹੈ, ਨਾ ਉਸਨੂੰ ਮਹਿਮਾਨ ਸਮਝਣ ਵਾਲੇ ਪਿਉਕਿਆਂ
ਕੋਲ, ਨਾ ਤਲਾਕ ਲੈ ਕੇ ਮਾਪਿਆਂ ਦੇ ਸੁਝਾਏ ਨਵੇਂ ਵਰ ਕੋਲ ਕਿਉਂਕਿ 'ਉਥੇ ਤਾਂ ਉਮਰ
ਦੇ ਆਖਰੀ ਕੋਹਾਂ ਤਕ, ਕਿਸੇ ਐਹੋ ਜਹੇ ਰੁੱਖ ਦੀ ਭੋਰਾ ਵੀ ਛਾਂ ਨਹੀਂ ਸੀ ਜਿਸ ਥੱਲੇ ਉਹ
ਧੀ ਦੀ ਸਿਖਰ ਦੁਪਹਿਰ ਕੱਟ ਸਕਦੀ...।' ਅਜੇਹਾ ਘਰ ਉਸਨੂੰ ਵਿਆਹ ਤੋਂ ਪਹਿਲਾਂ ਦੇ
ਆਪਣੇ ਹੀ ਪਿੰਡ ਦੇ ਮਹਿਬੂਬ ਨਿਰਮਲ ਕੋਲ ਵੀ ਨਹੀਂ ਮਿਲ ਸਕਦਾ ਕਿਉਂਕਿ ਭਾਵੇਂ
ਉਸਨੇ ਉਸਦੇ ਗ਼ਮ ਵਿਚ ਅਜੇ ਤਕ ਵਿਆਹ ਨਹੀਂ ਕਰਾਇਆ ਪਰ ਉਹ ਵੀ ਪਾਸ਼ ਨੂੰ
ਮੁੜ ਅਪਣਾ ਲੈਣ ਦਾ ਫੈਸਲਾ ਕਰਕੇ ਵੀ ਸ਼ਰੀਕਾਂ ਨਾਲ ਆਢਾ ਲੈਣ ਦੇ ਡਰੋਂ ਘਰ

ਤਿਆਗ ਗਿਆ ਹੈ।

ਐਪਰ ਸਾਡੀ ਜਾਚੇ ਪਾਸ਼ ਦੀ ਕਿਸੇ ਮੋਹ ਦੀ ਛੱਤ ਵਾਲੇ ਘਰ ਪਨਾਹ ਲੈਣ ਦੀ ਅਭਿਲਾਸ਼ਾ ਹੁਣ ਨਿਰਮੂਲ ਹੈ, ਕਿਉਂਕਿ ਵਿਆਹ ਤੋਂ ਪਹਿਲਾਂ ਪਾਸ਼ ਤੇ ਨਿਰਮਲ ਦੀ ਮੁਹੱਬਤ ਕਿਨ੍ਹਾਂ ਸਿਖਰਾਂ ਤੇ ਸੀ, ਉਨ੍ਹਾਂ ਘਰ ਵਸਾਉਣ ਲਈ ਸਮਾਜ ਦੀਆਂ ਕੰਧਾਂ ਨਾਲ ਕਿਹੜੀਆਂ ਟੱਕਰਾਂ ਲਈਆਂ, ਜੰਗ ਸਿੰਘ ਨਾਲ ਵਿਆਹ ਕਰਾਉਣ ਦੀ ਕੀ ਮਜਬੂਰੀ ਸੀ? ਨਾਵਲ ਦਾ ਕਥਾਨਕ ਇਨ੍ਹਾਂ ਮਹੱਤਵਪੂਰਨ ਗੱਲਾਂ ਦਾ ਵੇਰਵਾ ਦੇਣ ਵਿਚ ਊਣਾ ਰਹਿ ਗਿਆ ਹੈ। ਸ਼ਾਇਦ ਇਹ ਊਣਤਾਈ ਨਾਵਲ ਦੇ ਪੂਰਵ-ਕਥਿਤ ਕਹਾਣੀਨੁਮਾ ਨਿਭਾਅ ਕਾਰਨ ਉਤਪੰਨ ਹੋਈ ਹੈ ਪਰ ਲੇਖਕ ਇਸ ਵੱਲੋਂ ਸੁਚੇਤ ਜਾਪਦਾ ਹੈ ਤੇ ਉਹ ਨਾਵਲ ਦੇ ਅਖੀਰ ਵਿਚ ਇਕ ਹੋਰ ਇਸਤਰੀ-ਪਾਤਰ ਬਲਜੀਤ ਦੇ ਉਪਾਖਿਆਨ ਦਾ ਪ੍ਰਵੇਸ਼ ਕਰਕੇ ਨਾਵਲ ਨੂੰ ਵਿਸ਼ੇਗਤ ਰੂਪ ਵਿਚ ਵਿਸਥਾਰ ਦੇਣ ਦੀ ਚੇਸ਼ਟਾ ਕਰਦਾ ਹੈ।

ਪਾਸ਼ ਦੀ ਸਹੇਲੀ ਬਲਜੀਤ ਜੋ ਕਿ ਖ਼ੁਦ ਕਮਾਊ ਵੀ ਹੈ, ਦੀ ਵੀ ਆਪਣੇ ਮਾਪਿਆਂ ਦੀ ਸਹੇੜ ਨਾਲ ਨਹੀਂ ਸੀ ਨਿਭੀ ਕਿਉਂਕਿ ਉਹ ਉਸਨੂੰ ਜੁੱਤੀ ਦੀ ਥਾਂ ਰਖਦਾ ਸੀ। ਸਾਹਸੀ ਬਲਜੀਤ ਉਸਨੂੰ ਤਿਆਗ ਕੇ ਆਪਣੇ ਮਹਿਬੂਬ, ਜਿਸਨੇ ਉਸਨੂੰ 'ਮੁਕਟ' ਦੀ ਥਾਂ ਰੱਖਣ ਲਈ ਹਿੱਕ ਥਾਪੜੀ ਸੀ, ਨਾਲ ਵਿਆਹ ਰਚਾ ਲੈਂਦੀ ਹੈ ਪਰ ਇਹ ਮਰਦ ਵੀ ਸਮਾਂ ਪਾ ਕੇ ਦੋਸ਼ ਕਢਦੇ ਕਿ ਉਸਦਾ ਬੱਚਾ ਜੂਠ ਹੈ, ਉਹ ਹੋਰਨਾਂ ਨਾਲ ਕਿਉਂ ਬੋਲਦੀ ਹੈ, ਉਹ ਪਹਿਲੇ ਦੀ ਨਾ ਹੋ ਕੇ ਰਹੀ ਇਸ ਲਈ ਉਹ ਬੇਇਤਬਾਰੀ ਔਰਤ ਹੈ। ਤੇ ਉਹ ਉਸਨੂੰ ਨੌਕਰੀ ਕਰਨ ਤੋਂ ਵੀ ਵਰਜਦਾ ਹੈ। ਬਲਜੀਤ ਦੀ ਇਹ ਹੋਣੀ ਹੀ ਮਾਨੋ ਪਾਸ਼ ਦੇ ਕਿਸੇ ਅਗਲੇ ਤੇ ਸੰਭਾਵਤ ਕਾਂਡ ਵਿਚ ਵਿਲੀਨ ਹੋ ਜਾਂਦੀ ਹੈ ਜਿਸ ਕਰਕੇ ਉਸ ਵਲੋਂ ਕਿਸੇ ਵੀ ਮਹਿਬੂਬ ਜਾਂ ਗ਼ੈਰ-ਮਹਿਬੂਬ ਮਰਦ ਨੂੰ ਨਾ ਅਪਣਾਉਣ ਦਾ ਨਿਸਚਾ ਸੁਦ੍ਰਿੜ ਹੁੰਦਾ ਹੈ। ਦੋਨਾਂ ਦੀਆਂ ਬੱਚੀਆਂ ਦਾ ਵਰਤਮਾਨ ਕਲੰਕਿਤ ਹੋਣ ਕਰਕੇ ਭਵਿਖ ਵੀ ਪੂਰਵ-ਨਿਰਧਤ ਹੀ ਹੈ। ਤਾਤਪਰਜ ਇਹ ਕਿ ਔਰਤ ਭਾਵੇਂ ਆਰਥਿਕ ਸੁਤੰਤਰਤਾ ਵੀ ਗ੍ਰਹਿਣ ਕਰ ਲਏ, ਮਰਦ-ਉਚਤਾ ਦੀਆਂ ਕੀਮਤਾਂ ਦੇ ਧਾਰਨੀ ਮਰਦ ਔਰਤ ਤੋਂ ਹਮੇਸ਼ਾ ਸਤਵੰਤੀ ਹੋਣ ਦੀ ਉਮੀਦ ਰਖਦੇ ਹਨ ਤੇ ਏਹੀ ਬਲਜੀਤ ਦਾ ਉਪਾਖਿਆਨ ਇਸ ਨਾਵਲ ਵਿਚ ਵਿਸਥਾਰ ਪੇਸ਼ ਕਰਦਾ ਹੈ।

ਭਾਵੇਂ ਨਾਵਲ ਵਿਚ ਇਸਤਰੀ ਮਰਦ ਦੀ ਲੈਂਗਿਕ ਬਰਾਬਰੀ ਦੀ ਸਮੱਸਿਆ ਨੂੰ ਨਿਰਣਾਇਕ ਰੂਪ ਵਿਚ ਪੇਸ਼ ਨਹੀਂ ਕੀਤਾ ਗਿਆ, ਅਤੇ ਨਾ ਹੀ ਨਾਵਲ ਦੀ ਮੁਖ ਪਾਤਰ ਪਾਸ਼ ਨੂੰ ਉਸ ਸਾਹਮਣੇ ਦਰਪੇਸ਼ ਸੰਭਾਵਨਾਵਾਂ ਹੰਢਾਉਣ ਦਾ ਪੂਰਾ ਮੌਕਾ ਮਿਲਿਆ ਹੈ —ਇਸ ਦੇ ਬਾਵਜੂਦ ਇਹ ਨਾਵਲ ਚੋਖਾ ਸਫਲ ਹੈ। ਜੰਗ ਸਿੰਘ ਦੇ ਪਾਤਰ ਨਿਰਮਾਣ ਵਿਚ ਲੇਖਕ ਨੇ ਚੋਖੀ ਮਨੋਵਿਗਿਆਨਕ ਤੇ ਸਮਾਜ ਵਿਗਿਆਨਕ ਸੂਝ ਦਾ ਪ੍ਰਦਰਸ਼ਨ ਕੀਤਾ। ਪਿੰਡਾਂ ਦੀ ਧੜੇਬੰਦੀ ਅਤੇ ਰਾਜਨੀਤੀ ਵਿਚ ਪੁਲਸ ਤੇ ਅਫਸਰਸ਼ਾਹੀ ਦੇ ਨਿੱਜੀ ਸੁਆਰਥ ਤੇ ਹੋਰ ਵੇਰਵੇ ਲੇਖਕ ਪੂਰੇ ਯਥਾਰਥਵਾਦੀ ਢੰਗ ਨਾਲ ਪੇਸ਼ ਕਰ ਸਕਿਆ ਹੈ।

[ਬਲਜੀਤ ਸਿੰਘ ਬਾਸੀ]

## ਪ੍ਰਾਪਤ ਪੁਸਤਕਾਂ

1. ਸਿੰਘਾਵਲੀ [ਕਾਵਿ ਸੰਗ੍ਰਹਿ] ਸੰਤੋਖ ਸਿੰਘ ਧੀਰ
2. ਮੇਰੇ ਪਰਤ ਆਉਣ ਤਕ [ਕਾਵਿ ਸੰਗ੍ਰਹਿ] ਅਵਤਾਰ
3. ਮਿੱਟੀ 'ਚ ਉਕਰੇ ਅੱਖਰ [ਕਾਵਿ ਸੰਗ੍ਰਹਿ] ਚਰਨ ਸਿੰਘ
4. ਨੁਹਾਰ [ਕਾਵਿ ਸੰਗ੍ਰਹਿ] ਦਰਸ਼ਨ ਨੱਤ
5. ਤੀਜੀ ਅੱਖ ਦਾ ਜਾਦੂ [ਗਜ਼ਲ ਸੰਗ੍ਰਹਿ] ਸੁਲੱਖਣ ਸਰਹੱਦੀ
6. ਜ਼ਰਦ ਚਿਹਰੇ ਵਾਲੀ ਕਿਤਾਬ [ਗਜ਼ਲਾਂ] ਗੁਰਦੇਵ ਨਿਰਧਨ
7. ਉਹਨਾਂ ਨੇ ਆਖਿਆ ਸੀ [ਕਾਵਿ ਸੰਗ੍ਰਹਿ] ਬਲਬੀਰ ਪਰਵਾਨਾ
8. ਚੁਰਾਏ ਪਲਾਂ ਦਾ ਹਿਸਾਬ [ਕਾਵਿ ਸੰਗ੍ਰਹਿ] ਰਵਿੰਦਰ ਸਹਿਰਾਅ
9. ਇਕਾਈ ਦਹਾਈ ਸੈਂਕੜਾ [ਨਾਟਕ] ਹਰਸਰਨ ਸਿੰਘ
10. ਸ਼ਵੇਤਾਂਬਰ ਨੇ ਕਿਹਾ ਸੀ [ਕਹਾਣੀਆਂ] ਪ੍ਰੇਮ ਪ੍ਰਕਾਸ਼
11. ਬੰਨੇ ਬਨੇਰੇ [ਕਹਾਣੀਆਂ] ਮਹਿੰਦਰ ਫਾਰਗ
12. ਖਬਰਨਾਮਾ [ਕਹਾਣੀਆਂ] ਵਰਿੰਦਰ ਵਾਲੀਆ
13. ਮੌਤ ਦਾ ਸੁਪਨਾ [ਕਹਾਣੀਆਂ] ਇਕਬਾਲ ਅਰਪਨ
14. ਚਿਣਗਾਂ [ਕਹਾਣੀਆਂ] ਅਮਰ ਕੋਮਲ
15. ਬਲਦੇ ਸਿਵੇ ਬੁਝਦੇ ਅੰਗਿਆਰ [ਕਹਾਣੀਆਂ] ਸੁਰਜੀਤ ਸਿੰਘ ਕੰਵਲ
16. ਝੀਲਾਂ ਤੇ ਦਰਿਆ [ਕਹਾਣੀਆਂ] ਸੰ: ਅਮਰੀਕ ਅਮਨ, ਪ੍ਰਮਿੰਦਰਜੀਤ
17. ਬਲੱਡ ਕੈਂਸਰ [ਕਹਾਣੀਆਂ] ਜਸਪਾਲ ਸਿੰਘ
18, ਹਰਦੱਤ ਦਾ ਜ਼ਿੰਦਗੀ ਨਾਮਾ [ਨਾਵਲ] ਅੰਮ੍ਰਿਤਾ ਪ੍ਰੀਤਮ
19. ਜੰਗ ਜਾਰੀ ਹੈ [ਨਾਵਲ] ਦਲੀਪ ਸਿੰਘ ਜੁਨੇਜਾ
20. ਲੋਕ ਸੁਰਾਂ [ਰੇਖਾ ਚਿੱਤਰ] ਸ਼ਮਸ਼ੇਰ ਸਿੰਘ ਸੰਧੂ
21. ਭਾਈ ਵੀਰ ਸਿੰਘ ਸਾਹਿਤ-ਅਧਿਅਨ [ਆਲੋਚਨਾ] ਸੰ: ਡਾ: ਗੁਰਬਖਸ਼ ਸਿੰਘ

## ਪੰਜਾਬੀ ਰਾਈਟਰਜ਼ ਕੋਅਪਰੇਟਿਵ ਦੇ ਪ੍ਰਕਾਸ਼ਨ

22. ਰਾਤਾਂ ਹੋਈਆਂ ਵੱਡੀਆਂ [ਨਾਵਲ] ਸੁਰਿੰਦਰ ਸਿੰਘ ਨਰੂਲਾ
23. ਜ਼ਿੰਦਾਬਾਦ ਮੁਰਦਾਬਾਦ [ਨਾਵਲ] ਦਯਾਨੰਦ ਵਰਮਾ
24. ਵਿਦ੍ਰੋਹੀ ਪੂਜਾ [ਨਾਵਲ] ਛੋਟੇ ਭਰਾਨੀ
25. ਪਿਆਸੇ ਜਾਮ [ਗ਼ਜ਼ਲ ਸੰਗ੍ਰਹਿ] ਪ੍ਰਕਾਸ਼ ਸਾਥੀ
26. ਪੰਚਾਮ੍ਰਿਤ [ਉਪਨਿਸ਼ਦਾਂ ਦਾ ਅਨੁਵਾਦ] ਸੁਰਿੰਦਰ ਸਿੰਘ ਕੋਹਲੀ
27 ਚਿੱਟੇ ਘੋੜੇ ਦਾ ਸਵਾਰ [ਕਹਾਣੀਆਂ] ਮਨਮੋਹਨ ਸਿੰਘ ਬਾਵਾ
28. ਖਲਾਅ 'ਚ ਲਟਕਦੇ ਸੁਪਨੇ [ਕਹਾਣੀਆਂ] ਗੁਰਨਾਮ ਗਿੱਲ
29. ਮੇਰੀ ਯੂਰਪ ਯਾਤਰਾ [ਸਫਰਨਾਮਾ] ਪਰਤਾਪ ਸਿੰਘ
30. ਸਿਖਰ ਦੁਪਹਿਰ ਅਤੇ ਹਨੇਰਾ [ਨਾਟਕ] ਗੁਰਚਰਨ ਸਿੰਘ ਜਸੂਜਾ
31. ਵਿਚਾਰਾਂ ਦੇ ਪੜਾਅ [ਆਲੋਚਨਾ] ਗੋਵਿੰਦ ਨਾਥ ਰਾਜਗੁਰੂ
32. ਸਾਹਿਤ ਦੇ ਨਵੇਂ ਰੂਪ [ਆਲੋਚਨਾ] ਓਮ ਪ੍ਰਕਾਸ਼ ਸਿੰਘਲ

ਪਿਆਰੇ ਰਘਬੀਰ ਜੀ,

'ਵਾਪਸੀ' ਕਹਾਣੀ ਪੜ੍ਹਨ ਤੋਂ ਬਾਅਦ ਇੰਜ ਲੱਗਿਆ ਜਿਵੇਂ ਪਹਿਲੀ ਵਾਰ ਪੰਜਾਬ ਦੀ ਕਹਾਣੀ ਲਿਖੀ ਗਈ ਹੋਵੇ। ਪੰਜਾਬੀ ਕਹਾਣੀ ਦਾ ਜੇਕਰ ਕੋਈ ਮਾਡਲ ਤਿਆਰ ਕਰਨਾ ਹੋਵੇ ਤਾ ਇਸ ਕਹਾਣੀ ਨੂੰ ਆਧਾਰ ਬਣਾਇਆ ਜਾ ਸਕਦਾ ਹੈ। ਪੰਜਾਬੀ ਸੱਭਿਆਚਾਰ ਦੀਆਂ ਬਹੁਤ ਸਾਰੀਆਂ ਰੂੜ੍ਹੀਆਂ ਅਤੇ ਰੂੜ੍ਹ ਕਥਾਵਾਂ ਇਸ ਕਹਾਣੀ ਵਿਚ ਹਨ। ਇਸ ਦੇ ਨਾਲ, ਹੀ ਪੰਜਾਬੀ ਸੱਭਿਆਚਾਰ ਦੇ ਮੂਲ ਵਿਰੋਧ ਸਾਹਮਣੇ ਆਉਂਦੇ ਹਨ। ਇਸ ਕਹਾਣੀ ਦੀ ਸਭ ਤੋਂ ਵੱਡੀ ਵਿਸ਼ੇਸ਼ਤਾ ਅਤੇ ਖੂਬਸੂਰਤੀ ਇਸ ਗੱਲ ਵਿੱਚ ਹੈ ਕਿ ਇਸ ਕਹਾਣੀ ਦੇ ਸਾਰੇ ਪਾਤਰ ਆਪਣੇ ਆਪਣੇ Sequence ਦੇ ਆਪ ਨਾਇਕ ਹਨ। ਸੰਤਾ ਸਿੰਘ ਨੂੰ ਭਾਵੇਂ ਅਸੀਂ ਮੁਖ ਨਾਇਕ ਕਹਿ ਲਈਏ, ਜੋ ਸਾਰੀ ਕਹਾਣੀ ਦੇ ਆਰ ਪਾਰ ਫੈਲਿਆ ਹੋਇਆ ਹੈ ਅਤੇ ਜਿਸਨੇ ਸਾਰੀਆਂ ਘਟਨਾਵਾਂ ਨੂੰ ਇਕ ਸੂਤਰ ਵਿਚ ਪ੍ਰੋਇਆ ਹੋਇਆ ਹੈ, ਪਰੰਤੂ ਦੂਜੇ ਵੀ ਨਾਇਕ ਹਨ, ਮੈਂ ਉਨ੍ਹਾਂ ਨੂੰ ਪਾਤਰ ਨਹੀਂ ਕਹਾਂਗਾ ਕਿਉਂਕਿ ਉਹ ਆਪੋ ਆਪਣੀਆਂ ਸਮੱਸਿਆਵਾਂ ਨਾਲ ਜੂਝ ਰਹੇ ਹਨ ਅਤੇ ਉਨ੍ਹਾਂ ਦੇ ਹੱਲ ਲਈ ਯਤਨਸ਼ੀਲ ਹਨ। ਉਹ ਆਪਣੀ ਆਪਣੀ ਲੜਾਈ ਲੜ ਰਹੇ ਹਨ। ਸਮੱਸਿਆਵਾਂ ਦਾ ਹੱਲ ਢੂੰਡਦੇ, ਸੰਘਰਸ਼ ਕਰਦੇ ਮਨੁੱਖ ਪਾਤਰ ਨਹੀਂ ਸਗੋਂ ਨਾਇਕ ਹੁੰਦੇ ਹਨ। ਭਾਵੇਂ ਸਾਹਿਤਕ ਅਰਥਾਂ ਵਿਚ ਨਾਇਕ ਵੀ ਕਿਸੇ ਘਟਨਾਂ ਦੇ ਪਾਤਰ ਹੁੰਦੇ ਹਨ। ਪਰ ਮੈਂ ਇਨ੍ਹਾਂ ਨੂੰ ਤਕਨੀਕੀ ਸ਼ਬਦਾਵਲੀ ਦੇ ਤੌਰ 'ਤੇ ਵਰਤ ਰਿਹਾ ਹਾਂ। ਜਿਥੇ ਕੋਈ ਪਾਤਰ ਕੋਈ ਪ੍ਰਕਾਰਜ ਨਿਭਾਉਂਦਾ ਹੋਇਆ ਕਾਰਜ ਦੀ ਹਾਲਤ ਵਿੱਚ ਹੈ। ਜਿਵੇਂ ਕਰਮ ਕੌਰ ਦੀ ਆਪਣੀ ਸਮੱਸਿਆ ਹੈ ਜੋ ਕਿ ਪੰਜਾਬੀ ਸਮਾਜ ਸੱਭਿਆਚਾਰ ਵਿਚ ਔਰਤ ਦਾ ਭਾਰੀ ਦੁਖਾਂਤ ਹੈ। ਉਹ ਔਲਾਦ ਦੀ ਅਣਹੋਂਦ ਦੇ ਪ੍ਰਤੀਕਰਮ ਵਜੋਂ ਮਨਇੱਛਤ ਵਸਤੂ ਲਈ ਤੜਫ ਰਹੀ ਹੈ ਅਤੇ ਆਪਣੇ ਉਦੇਸ਼ ਦੀ ਪੂਰਤੀ ਲਈ ਹਰ ਹੀਲਾ ਵਰਤਣਾ ਚਾਹੁੰਦੀ ਹੈ। ਉਹ ਨਾਇਕ ਇਸ ਲਈ ਹੈ ਕਿ ਉਹ ਸੰਤਾ ਸਿੰਘ ਨੂੰ ਆਪਣੀ ਇੱਛਾ ਲਈ ਵਰਤਣਾ ਚਾਹੁੰਦੀ ਹੈ। ਸੰਤਾ ਸਿੰਘ ਸਮਾਜਕ ਭਾਈਚਾਰੇ ਅਤੇ ਰਿਸ਼ਤੇਦਾਰੀ ਪ੍ਰਬੰਧ ਤੋਂ ਉਦਾਸੀਨ ਹੈ। ਉਹ ਸ਼ਾਂਤੀ ਦੀ ਭਾਲ ਵਿਚ ਧਰਮ ਦਾ ਆਸਰਾ ਲੈਂਦਾ ਹੈ। ਉਹ ਗ੍ਰਹਿਸਤ ਅਤੇ ਦੁਨਿਆਂਵੀ ਕਾਰਜਾਂ ਤੋਂ ਉਪਰਾਮ ਹੋ ਜਾਂਦਾ ਹੈ। ਗ੍ਰਹਿਸਤ ਤੋਂ ਉਪਰਾਮ ਹੋਣਾ ਪੰਜਾਬੀ ਸੁਭਾਅ ਵਿੱਚ ਰਚਿਆ ਆਦਿਕਾਲੀਨ ਲੱਛਣ ਹੈ। ਹਰ ਪੰਜਾਬੀ ਦੇ ਧੁਰ ਅੰਦਰ ਕਿਧਰੇ ਕੋਈ ਜੋਗੀ ਛੁਪਿਆ ਬੈਠਾ ਹੈ ਜੋ ਮੌਕਾ ਲੱਗਣ 'ਤੇ ਮਨੁੱਖ ਨੂੰ ਸੰਸਾਰਕ ਧੰਦਿਆਂ ਨਾਲੋਂ ਤੋੜ ਕੇ ਉਦਾਸੀਨ ਹੋ ਜਾਂਦਾ ਹੈ। ਸੰਤਾ ਸਿੰਘ ਇਥੇ ਆਪਣੀ ਕਿਸਮ ਦਾ ਨਾਇਕ ਹੈ ਜਿਸ ਦੀ ਸ਼ਾਂਤੀ ਲਈ ਜੁਸਤਜੂ ਹੈ। ਜੋ ਪਰੰਪਰਕ ਵਿਚਾਰਾਂ ਦਾ ਹੋਣ

ਕਾਰਨ, ਸਿਰਫ ਨਿਜੀ ਕਲਿਆਣ ਲਈ ਆਪਣੇ ਮਾਨਸਿਕ ਪ੍ਰਬੰਧ ਅਤੇ ਆਲੇ ਦੁਆਲੇ ਦੇ ਸੀਮਤ ਵਾਤਾਵਰਣ ਨਾਲ ਜੂਝ ਰਿਹਾ ਹੈ। ਉਹ ਆਪਣੀ ਸੀਮਤ ਸੋਚ ਕਾਰਣ ਹਰ ਦੁੱਖ ਕਲੇਸ਼ ਦੀ ਜ਼ਿੰਮੇਵਾਰੀ ਆਪਣੇ ਆਪ ਉਪਰ ਅਤੇ ਪ੍ਰਭੂ ਦੀ ਰਜ਼ਾ ਉਪਰ ਧਰਦਾ ਹੈ। ਸੰਤਾ ਸਿੰਘ ਨੂੰ ਕਿਧਰੇ ਅਚੇਤ ਮਨ ਵਿਚ ਇਸ ਗੱਲ ਦਾ ਅਹਿਸਾਸ ਹੈ ਕਿ ਉਹ ਕਿਸੇ ਡੂੰਘੇ ਟੋਏ ਵਿੱਚ ਡਿੱਗ ਪਿਆ ਹੈ, ਉਸ ਦੀਆਂ ਅੱਖਾਂ ਮਿੱਟੀ ਘੱਟੇ ਨਾਲ ਭਰ ਗਈਆਂ ਹਨ। ਉਸ ਨੂੰ ਕੋਈ ਰਾਹ ਨਹੀਂ ਸੁੱਝ ਰਿਹਾ। ਉਹ ਹਰ ਸਮੱਸਿਆ ਦਾ ਹੱਲ ਮਾਨਸਿਕ ਸ਼ਾਂਤੀ ਵਿਚੋਂ ਲੱਭਦਾ ਹੈ। ਇੰਜ ਉਹ ਹਰ ਉਸ ਗੱਲ ਤੋਂ ਦੂਰ ਭੱਜਦਾ ਹੈ ਜੋ ਉਸ ਦੇ ਮਨ ਦੀ ਸ਼ਾਂਤੀ ਨੂੰ ਭੰਗ ਕਰਦੀ ਹੈ।

ਇਕ ਹੋਰ ਨਾਇਕ ਕੁਲਦੀਪ ਹੈ ਜੋ ਕਿ ਹਰ ਦੁੱਖ ਕਲੇਸ਼ ਦਾ ਕਾਰਨ ਆਰਥਿਕ ਰਾਜਨੀਤਕ ਪ੍ਰਬੰਧ ਵਿਚ ਅਸੰਤੁਲਨ ਨੂੰ ਸਮਝਦਾ ਹੈ। ਸੰਤਾ ਸਿੰਘ ਤੇ ਕੁਲਦੀਪ ਦੋਵੇਂ ਸਮਾਜ-ਪ੍ਰਬੰਧ 'ਚੋਂ ਭੱਜੀਆਂ ਹੋਈਆਂ ਇਕਾਈਆਂ ਹਨ, ਦੋਵੇਂ ਆਪਣੇ ਆਪਣੇ ਢੰਗ ਨਾਲ ਜੂਝ ਰਹੇ ਹਨ। ਪਰੰਤੂ ਦੋਹਾਂ ਦਾ ਸਫਰ ਵੱਖ ਵੱਖ ਦਿਸ਼ਾਵਾਂ ਵੱਲ ਹੈ। ਕੁਲਦੀਪ ਜਿਥੇ ਆਰਥਿਕ ਪ੍ਰਬੰਧ ਦੀ ਬਰਾਬਰੀ ਲਈ ਸੰਘਰਸ਼ਸ਼ੀਲ ਹੈ ਉਥੇ ਸੰਤਾ ਸਿੰਘ ਵਰਗੀਆਂ ਸਮਾਜ ਤੋਂ ਭੱਜੀਆਂ ਇਕਾਈਆਂ ਨੂੰ ਮੁੜ ਇਕਸੁਰਤਾ ਦੀ ਹਾਲਤ ਵਿਚ ਲਿਆਉਣ ਲਈ ਯਤਨਸ਼ੀਲ ਵੀ ਹੈ। ਕੁਲਦੀਪ ਦੇ ਕਾਰਨ ਹੋਈ ਸੰਤਾ ਸਿੰਘ ਦੀ ਵਾਪਸੀ ਉਸ ਉਦਾਸੀਨ ਮਨੁੱਖ ਉਪਰ ਵਿਜੇ ਹੈ ਜੋ ਸੰਘਰਸ਼ ਤੋਂ ਬੇਮੁਖ ਹੋ ਇਕਾਂਤਵਾਸ ਹੋ ਜਾਂਦੇ ਹਨ। ਸੰਤਾ ਸਿੰਘ ਕੁਲਦੀਪ ਦੇ ਯਤਨਾਂ ਨਾਲ ਹੀ ਉਸ ਅਸਲੀ ਮਨੁੱਖ ਨੂੰ ਪਹਿਚਾਣਦਾ ਹੈ ਜੋ ਯਥਾਰਥ ਨਾਲ ਟੱਕਰ ਲੈਣ ਲਈ ਮੁੜ ਮੈਦਾਨ ਵਿੱਚ ਆਉਂਦਾ ਹੈ। ਸੰਤਾ ਸਿੰਘ ਦੀ ਮਾਨਸਿਕਤਾ ਨੂੰ ਬਦਲਣ ਵਿਚ ਕੁਲਦੀਪ ਉਹ ਭੂਮਿਕਾ ਨਿਭਾਉਂਦਾ ਹੈ ਜੋ ਕਦੀ ਪੰਜਾਬੀ ਮਨ ਨੂੰ ਬਦਲਣ ਲਈ ਗੁਰੂ ਨਾਨਕ ਦੇਵ ਨੇ ਨਿਭਾਈ ਸੀ। ਭਾਵ ਅਤੀਤ ਤੋਂ ਗ੍ਰਿਹਸਤ ਮਾਰਗ ਵੱਲ।

ਇਸ ਕਹਾਣੀ ਦੀ ਨਿੰਦਰੋ ਆਪ ਭਾਰਤੀ ਨਾਰੀ ਦੇ ਸੱਚ ਅਤੇ ਸਵੈਮਾਣ ਲਈ ਜੂਝ ਰਹੀ ਹੈ। ਉਸ ਨੂੰ ਆਪਣੇ ਸੱਚ ਉਪਰ ਮਾਣ ਅਤੇ ਦਾਅਵਾ ਵੀ ਹੈ। ਪਤੀ ਦੀ ਮਰਜ਼ੀ ਦੇ ਵਿਰੁੱਧ ਉਹ ਖੜੀ ਨਹੀਂ ਹੁੰਦੀ ਸਗੋਂ ਆਪਣੇ ਆਪ ਨੂੰ ਹੋਰ ਸਾਧਦੀ ਹੈ।

ਸਾਰੇ ਨਾਇਕਾਂ ਵੱਲੋਂ ਆਪਣਾ ਆਪਣਾ ਪ੍ਰਕਾਰਜ ਬੜੀ ਖੂਬੀ ਨਾਲ ਨਿਭਾਇਆ ਮਿਲਦਾ ਹੈ। ਪਹਿਲੀ ਵਾਰ ਪੰਜਾਬੀ ਕਹਾਣੀ ਕਿਸੇ ਫਾਰਮੂਲੇ ਦੀ ਦ੍ਰਿਸ਼ਟੀ ਤੋਂ ਹਟ ਕੇ ਲਿਖੀ ਗਈ ਕਹਾਣੀ ਹੈ। ਖਲਨਾਇਕ ਜਾਂ ਉਦੇਸ਼ ਪੂਰਤੀ ਤਾਂ ਇਸ ਕਹਾਣੀ ਵਿੱਚ ਵੀ ਹੈ ਪਰੰਤੂ ਇੱਥੇ ਖਲਨਾਇਕ ਦੀ ਉਹ ਭੂਮਿਕਾ ਨਹੀਂ ਜੋ ਆਮ ਤੌਰ 'ਤੇ ਪਰੀ ਕਹਾਣੀਆਂ ਜਾਂ ਪ੍ਰੇਮ ਕਹਾਣੀਆਂ ਵਿੱਚ ਹੁੰਦੀ ਹੈ। ਕੁਝ ਲੋਕ ਜੋ ਸਾਨੂੰ ਕਹਾਣੀ ਵਿਚ ਖਲਨਾਇਕ ਹੋਣ ਦਾ ਭੁਲੇਖਾ ਪਾਉਂਦੇ ਹਨ, ਜਿਵੇਂ ਤਾਰਾ ਬਿੱਲਾ ਜਾਂ ਬੰਤਾ ਸਿੰਘ, ਅਸਲ ਵਿੱਚ ਖਲਨਾਇਕ ਨਹੀਂ ਕਿਉਂਕਿ ਸਾਡੇ ਨਾਇਕਾਂ ਦੇ ਉਦੇਸ਼ ਉਹ ਹਨ ਜੋ ਉਨ੍ਹਾਂ ਨੇ ਇਨ੍ਹਾਂ ਪਾਤਰਾਂ ਤੋਂ ਪ੍ਰਾਪਤ ਨਹੀਂ ਕਰਨੇ ਅਤੇ ਨਾ ਹੀ ਉਹ ਸਾਡੇ ਨਾਇਕਾਂ ਦੇ ਸੰਘਰਸ਼ ਵਿੱਚ ਰੁਕਾਵਟ ਹਨ। ਜੇਕਰ ਰੁਕਾਵਟ ਹਨ ਵੀ ਤਾਂ ਉਹ ਇਕੱਲੇ ਨਹੀਂ ਸਮੁੱਚਾ ਸਮਾਜਕ ਪ੍ਰਬੰਧ ਜਾਂ ਮਾਨਸਿਕ ਪ੍ਰਬੰਧ ਹੈ।

ਬਿਰਤਾਂਤ ਵਿੱਚ ਦੋ ਪ੍ਰਮੁੱਖ ਤੱਤ ਪ੍ਰਕਾਰਜ (Functions) ਅਤੇ ਸੂਚਕ (Indices)

ਹੁੰਦੇ ਹਨ ਜਿਨ੍ਹਾਂ ਤੋਂ ਕਿਸੇ ਬ੍ਰਿਤਾਂਤ ਦਾ ਮੁਲਅੰਕਣ ਕੀਤਾ ਜਾਂਦਾ ਹੈ ਅਤੇ ਉਸ ਦੀ ਸੰਰਚਨਾ ਨੂੰ ਪਕੜਿਆ ਜਾ ਸਕਦਾ ਹੈ। ਪ੍ਰਕਾਰਜਾਂ ਦੀ ਗੱਲ ਸੰਖੇਪ ਵਿੱਚ ਉਪਰ ਕੀਤੀ ਜਾ ਚੁੱਕੀ ਹੈ ਪਰੰਤੂ ਸੂਚਕ ਉਹ ਸਿਰਜਨਾਤਮਕ ਪਦਾਰਥ ਹੁੰਦਾ ਹੈ ਜੋ ਬਿਰਤਾਂਤ ਦੇ ਪ੍ਰਕਾਰਜਾਂ ਵਿਚਲੇ ਵਕਫ਼ੇ ਨੂੰ ਭਰਨ ਵਿੱਚ ਸਹਾਈ ਹੁੰਦਾ ਹੈ। ਇਥੋਂ ਹੀ ਕਿਸੇ ਲੇਖਕ ਦੇ ਸਿਰਜਣਾਤਮਕ ਗੁਣ ਨੂੰ ਦੇਖਿਆ ਜਾ ਸਕਦਾ ਹੈ। ਇਸ ਦ੍ਰਿਸ਼ਟੀ ਤੋਂ ਵਰਿਆਮ ਸੰਧੂ ਬਹੁਤ ਹੀ ਵਧੀਆ ਅਤੇ ਸਫ਼ਲ ਕਹਾਣੀਕਾਰ ਹੈ। ਜੇਕਰ ਅਸੀਂ 'ਵਾਪਸੀ' ਕਹਾਣੀ ਵਿਚ ਪਾਏ ਜਾਣ ਵਾਲੇ ਸੂਚਕਾਂ ਦੀ ਸੂਚੀ ਤਿਆਰ ਕਰਨ ਲੱਗੀਏ ਤਾਂ ਹਰ ਵਾਕ ਵਿੱਚ ਕੋਈ ਨਾ ਕੋਈ ਸੂਚਕ ਪ੍ਰਗਟ ਹੋ ਜਾਵੇਗਾ। ਪਰੰਤੂ ਫਿਰ ਵੀ ਕੁਝ ਮੋਟੇ ਮੋਟੇ ਸੂਚਕ ਦੇਖੇ ਜਾ ਸਕਦੇ ਹਨ। ਜਿਵੇਂ :

(ੳ) ਕਰਮ ਕੌਰ ਕੋਲੋਂ ਦੁੱਧ ਵਾਲਾ ਡੋਲ ਲੈਣਾ ਜਿਸ ਵਿਚੋਂ ਸੰਤਾ ਸਿੰਘ ਦਾ ਕੁਝ ਦੁੱਧ ਲੋਹ ਬਾਟੇ ਵਿੱਚ ਪਾਕੇ, ਬਾਕੀ ਪ੍ਰਸ਼ਾਦ ਵਜੋਂ ਡੋਲ ਵਿੱਚ ਛੱਡ ਦੇਣਾ।

(ਅ) ਮੀਂਹ ਨਾ ਪੈਣ ਕਰਕੇ ਪੈਲੀ ਵਿਚ ਤ੍ਰੇੜਾਂ ਪੈ ਜਾਣਾ।

(ੲ) ਸੰਤਾ ਸਿੰਘ ਦੇ ਮਨ ਅੰਦਰ ਨਦੀਣ ਦਾ ਉਗਣਾ।

(ਸ) ਖ਼ਾਲ ਦੇ ਟੁੱਟੇ ਮੂੰਹੇ ਵਿਚੋਂ ਇਕੱਲੀ ਇਕੱਲੀ ਰੁੜ੍ਹਦੀ ਗਾਚੀ।

(ਹ) ਮਾਂ ਦਾ ਬਾਰ ਬਾਰ ਕਹਿਣਾ ਜੀਊਣ ਜੋਗਿਆ, ਜੀਉਂਦਾ ਰਹੁ।

(ਕ) ਬਾਬਾ ਜੀ ਪਾਣੀਆਂ ਬਿਨਾਂ ਸੁੱਕੇ ਬਾਗ ਕਿਥੇ ਹਰੇ ਹੋਏ।

ਹੋਰ ਵੀ ਬਹੁਤ ਸਾਰੇ ਇਸ਼ਾਰੇ ਅਤੇ ਸੂਚਕ ਇਸ ਕਹਾਣੀ ਵਿੱਚ ਹਨ ਜਿਨ੍ਹਾਂ ਉਪਰ ਇਸ ਕਹਾਣੀ ਦੀ ਬਣਤਰ ਖੜੀ ਹੈ। ਪਰੰਤੂ ਕਮਾਲ ਦੀ ਗੱਲ ਤਾਂ ਇਹ ਹੈ ਕਿ ਇਹ ਸੂਚਕ ਬੜੀ ਸਾਧਾਰਣ ਭਾਸ਼ਾ ਵਿਚ ਹੁੰਦੇ ਹੋਏ ਵੀ ਪ੍ਰਤੀਕਾਂ ਦਾ ਦਰਜਾ ਗ੍ਰਹਿਣ ਕਰ ਗਏ ਹਨ। ਪਹਿਲਾਂ ਕਹਾਣੀ ਦੇ ਪਾਠ ਵਿੱਚ ਇੰਜ ਲੱਗਦਾ ਹੈ ਜਿਵੇਂ ਇਹ ਸੂਚਕ ਸਿਰਫ਼ ਸੰਬੰਧਿਤ ਵਾਰਤਾਲਾਪ ਜਾਂ ਸਥਿਤੀ ਨਾਲ ਹੀ ਸੰਬੰਧਤ ਹੋਣ ਪਰੰਤੂ ਖ਼ੂਬਸੂਰਤ ਗੱਲ ਇਹ ਹੈ ਕਿ ਫੁਲਕਾਰੀ ਦੇ ਤਾਣੇ ਵਾਂਗ ਉਦੋਂ ਹੈਰਾਨੀ ਹੁੰਦੀ ਹੈ ਜਦੋਂ ਲੇਖਕ ਨੇ ਅਖੀਰ ਵਿੱਚ ਜਾ ਕੇ ਉਸੇ ਰੰਗਦਾਰ ਸੂਚਕ ਨਾਲ ਵਧੀਆ ਫੁੱਲ ਖਿੜਾਇਆ ਹੁੰਦਾ ਹੈ। ਜਿਵੇਂ 'ਤੱਤਾ ਤੱਤਾ ਘੋੜਿਆ ਗੁਲਾਬੀ ਫੁੱਲ ਤੋੜਿਆ।' ਗੁਲਾਬੀ ਫੁੱਲ ਦੇ ਵਿੱਚ ਨਵੀਂ ਸੋਚ ਦਾ ਪ੍ਰਤੀਕ ਹੈ ਜੋ ਕੁਲਦੀਪ ਦੇ ਰੂਪ ਵਿਚ ਟੁੱਟ ਜਾਂਦਾ ਹੈ। ਪਰੰਤੂ ਅਜੇ ਵੀ ਜਿਵੇਂ ਉਹ ਸੰਤਾ ਸਿੰਘ ਦੇ ਮੋਢਿਆਂ 'ਤੇ ਸਵਾਰ ਹੈ। ਇਸੇ ਤਰ੍ਹਾਂ ਰੋਸ਼ਨੀ ਵਾਲੀ ਬੈਟਰੀ ਜੋ ਸੰਤਾ ਸਿੰਘ ਵਾਪਸੀ ਉਪਰ ਆਪਣੇ ਨਾਲ ਲੈ ਜਾ ਰਿਹਾ ਹੈ। ਇਹ ਵੱਖਰੀ ਗੱਲ ਹੈ ਕਿ ਉਨ੍ਹਾਂ ਨੇ ਹਨੇਰਾ ਹੋਣ ਤੱਕ ਉਡੀਕ ਕੀਤੀ ਅਤੇ ਉਸ ਲਈ ਹਨੇਰਾ ਉਦੋਂ ਹੋਇਆ ਜਦ ਕੁਲਦੀਪ ਪੁਲੀਸ ਮੁਕਾਬਲੇ ਵਿਚ ਮਾਰਿਆ ਗਿਆ। ਇਸੇ ਤਰ੍ਹਾਂ ਚਿੱਟੀ ਕੁੱਤੀ ਦਾ ਘਰ ਅਤੇ ਕਤੂਰਿਆਂ ਪ੍ਰਤੀ ਮੋਹ, ਬਚਨੀ ਦਾ ਇਹ ਬੋਲ 'ਉਈ... ਉਈ ਨਾ ਭਾਊ ਵੀਰਿਆ, ਮੈਨੂੰ ਹੱਥ ਨਾ ਲਾਈਂ ਮੈਲੀ ਕਰ ਦੇਂਗਾ।' ਬਹੁਤ ਸਾਰੇ ਅਜੇਹੇ ਸੂਚਕ ਅਤੇ ਸੁਝਾਓ ਪ੍ਰਤੀਕ ਹਨ ਜੋ ਕਿ ਬਹੁ-ਦਿਸ਼ਾਵੀ ਅਰਥਾਂ ਨੂੰ ਸਮੇਟੀ ਬੈਠੇ ਹਨ।

ਇਸ ਕਹਾਣੀ ਬਾਰੇ ਹੋਰ ਵੀ ਬਹੁਤ ਕੁਝ ਕਹਿਣ ਨੂੰ ਅਤੇ ਲਿਖਣ ਨੂੰ ਦਿਲ ਕਰਦਾ ਹੈ। ਪਰੰਤੂ ਵਕਤ ਦੀ ਤੰਗੀ ਕਰਕੇ ਨਹੀਂ ਲਿਖ ਰਿਹਾ। ਇਸ ਸੰਬੰਧੀ ਤੁਸੀਂ ਵਧੇਰੇ ਜਾਣਦੇ

ਹੈ। ਪਰੰਤੂ ਇਕ ਗੱਲ ਮੈਂ ਜ਼ਰੂਰ ਕਹਿਣੀ ਚਾਹਾਂਗਾ ਕਿ ਸ ਨੂੰ ਸਾਰਿਆਂ ਨੂੰ ਇਹ ਧਾਰਨਾ ਅਤੇ ਭਰਮ ਮਨ ਵਿਚੋਂ ਜ਼ਰੂਰ ਕੱਢਣਾ ਪਵੇਗਾ ਕਿ ਨਿੱਕੀ ਕਹਾਣੀ ਦਾ ਸੰਬੰਧ ਕਿਸੇ ਲੰਬਾਈ ਚੌੜਾਈ ਨਾਲ ਹੁੰਦਾ ਹੈ।

ਜੋਗਿੰਦਰ ਕੈਰੋਂ [ਅੰਮ੍ਰਿਤਸਰ]

ਸਭ ਤੋਂ ਪਹਿਲਾਂ ਮੈਂ ਗੁਰਦੇਵ ਚੌਹਾਨ ਦੁਆਰਾ ਕੀਤੇ "ਅੱਧੀ ਰਾਤ ਦੁਪਹਿਰ" ਦੇ ਰੀਵਿਊ ਵਿਚ ਉਠਾਏ ਇਕ ਨੁਕਤੇ ਬਾਰੇ ਸਪਸ਼ਟੀਕਰਨ ਦੇਣਾ ਚਾਹਾਂਗਾ। ਗੁਰਦੇਵ ਚੌਹਾਨ ਦਾ ਇਹ ਕਹਿਣਾ ਗ਼ਲਤ ਹੈ ਕਿ ਕਾਵਾ ਬਾਤਾ (ਜਾਪਾਨੀ ਨਾਵਲਕਾਰ) ਨੇ ਆਤਮ-ਹੱਤਿਆ ਨਹੀਂ ਸੀ ਕੀਤੀ ! ਇਹ ਗੱਲ ਮੈਂ "WORLD AUTHORS" (1950-1970) ਦੇ ਹਵਾਲੇ ਨਾਲ ਕਰ ਰਿਹਾ ਹਾਂ ਜੋ JOHN WAKEMAN ਨੇ ਸੰਪਾਦ ਕੀਤੀ ਹੈ ਤੇ THE H W. WILSON COMPANY NEW YORK ਨੇ 1975 ਵਿਚ ਛਾਪੀ ਸੀ। ਪੰਨਾ 754 ਤੋਂ 757 ਤਕ ਯਾਸੂਨਾਰੀ ਕਾਵਾਬਾਤਾ ਦਾ ਵੇਰਵਾ ਹੈ ਅਤੇ ਪੰਨਾ 757 ਦੇ ਪਹਿਲੇ ਪਹਿਰੇ ਵਿਚ ਸਪਸ਼ਟ ਤੌਰ 'ਤੇ ਲਿਖਿਆ ਹੈ ਕਿ 1972 ਵਿਚ ਅਣਜਾਣੇ ਕਾਰਨਾਂ ਕਰਕੇ ਸਮੁੰਦਰ ਕੰਢੇ ਵਸੇ ਸ਼ਹਿਰ ਜ਼ੂਸ਼ੀ ਵਿਖੇ ਅਪਣੇ ਘਰ ਦੇ ਕੰਮ ਕਰਨ ਵਾਲੇ ਕਮਰੇ ਵਿਚ ਉਸਨੇ ਗੈਸ ਨਾਲ ਆਤਮ-ਹੱਤਿਆ ਕਰ ਲਈ ਸੀ। ਕਾਵਾਬਾਤਾ ਯੂਕੀਓ ਮਸ਼ਿਮਾ ਦਾ ਸਰਪ੍ਰਸਤ ਸੀ ਜਿਸ ਦੀ ਆਤਮ-ਹੱਤਿਆ ਦਾ ਜ਼ਿਕਰ ਗੁਰਦੇਵ ਚੌਹਾਨ ਨੇ ਕੀਤਾ ਹੈ। ਮਸ਼ਿਮਾ ਨੇ ਜਾਪਾਨੀ ਰਸਮ SEPPUKU ਅਨੁਸਾਰ ਰਵਾਇਤੀ ਢੰਗ ਨਾਲ ਆਪਣਾ ਢਿੱਡ ਪਾੜ ਲਿਆ ਸੀ ਤੇ ਉਸਦੇ ਇਕ ਸਾਥੀ ਨੇ ਉਸਦਾ ਗਲਾ ਕੱਟ ਦਿੱਤਾ ਸੀ। ਉਸਦਾ ਇਹ ਸਾਥੀ ਵੀ ਇਸੇ ਰਸਮੀ ਮੌਤ ਨਾਲ ਮਰਿਆ। ਇਸਤੋਂ ਪਹਿਲਾਂ ਕਿ ਹੋਰ ਸਾਥੀ ਵੀ ਵਾਰੋ ਵਾਰੀ ਇਸੇ ਤਰ੍ਹਾਂ ਮਰਦੇ ਉੱਥੇ ਰਾਇਟ ਪੁਲੀਸ ਪਹੁੰਚ ਗਈ ਤੇ ਇਹ ਸਿਲਸਲਾ ਰੋਕ ਦਿੱਤਾ ਗਿਆ। ਇਹ ਘਟਨਾ 25 ਨਵੰਬਰ, 1970 ਦੀ ਹੈ। ਮਸ਼ਿਮ ਬਾਰੇ ਵੇਰਵਾ ਇਸੇ ਪੁਸਤਕ ਦੇ ਪੰਨਾ 1001 ਤੋਂ 1004 ਤਕ ਦਿੱਤਾ ਗਿਆ ਹੈ। ਮੇਰੇ ਨਾਟਕ ਲਈ ਨੋਬਲ ਐਵਾਰਡ ਜੇਤੂ ਕਾਵਾ ਬਾਤਾ ਹੀ ਢੁੱਕਵਾਂ ਹਵਾਲਾ ਹੈ, ਮਸ਼ਿਮਾ ਨਹੀਂ, ਕਿਉਂਕਿ SEPPUKU ਦੀ ਰਸਮ ਸ਼ੁਰੂ ਭਾਵੇਂ ਆਪਣੇ ਚਾਕੂ ਨਾਲ ਹੁੰਦੀ ਹੈ, ਪਰ ਮੌਤ ਦਾ ਛਿਣ ਦੂਜੇ ਦੀ ਤਲਵਾਰ ਨਾਲ ਆਉਂਦਾ ਹੈ।

ਗੁਰਦੇਵ ਚੌਹਾਨ ਨੇ ਮੇਰੇ ਕਾਵਿ-ਨਾਟਕ ਬਾਰੇ ਬੜੀ ਗੰਭੀਰਤਾ, ਸੁਹਿਰਦਤਾ ਅਤੇ ਬਾਦਲੀਲ ਢੰਗ ਨਾਲ ਆਪਣੀ ਰਾਏ ਦਿੱਤੀ ਹੈ। ਉਹ ਖੁਦ ਇਕ ਬੜਾ ਯੋਗ ਲੇਖਕ ਤੇ ਆਧੁਨਿਕ ਬੁੱਧੀਜੀਵੀ ਹੈ। ਮਸਲ੍ਹਾ ਰਾਵਾਂ ਨਾਲ ਸਹਿਮਤ ਅਸਹਿਮਤ ਹੋਣ ਦਾ ਨਹੀਂ ਸਗੋਂ ਪੜ੍ਹ, ਸਮਝ ਕੇ ਗੰਭੀਰਤਾ ਨਾਲ ਆਪਣਾ ਪੱਖ ਪੇਸ਼ ਕਰਨ ਦਾ ਹੈ। ਮੈਨੂੰ ਇਹ ਕਹਿਣ ਵਿਚ ਕੋਈ ਸੰਕੋਚ ਨਹੀਂ ਕਿ "ਸਿਰਜਣਾ" ਨੇ ਪੰਜਾਬੀ ਪੱਤਰਕਾਰੀ ਵਿਚ ਗੰਭੀਰ ਅਤੇ ਮਯਾਰੀ ਰੀਵੀਊ ਕਰਵਾਉਣ ਤੇ ਪ੍ਰਕਾਸ਼ਤ ਕਰਨ ਦੀ ਆਪਣੀ ਪ੍ਰਥਾ ਹਰ ਅੰਕ ਨਾਲ ਕਾਇਮ ਰੱਖੀ ਹੈ। ਆਪਣੇ ਆਪ ਵਿਚ ਇਹ ਇਕ ਪ੍ਰਾਪਤੀ ਹੈ।

ਹਰਭਜਨ ਹਲਵਾਰਵੀ ਦੀਆਂ ਕਵਿਤਾਵਾਂ ਬਹੁਤ ਉੱਚ ਪਾਏ ਦੀਆਂ ਹਨ। ਉਸ ਨੇ, ਜਾਪਦਾ ਹੈ ਕਿ, ਮਨੁੱਖ ਅੰਦਰ ਵਸਦੇ ਮਹਾਂ-ਮਨੁੱਖ ਨੂੰ ਸਮਝਣਾ ਸ਼ੁਰੂ ਕਰ ਦਿੱਤਾ ਹੈ। ਤਦੇ ਹੀ ਉਸਦੀਆਂ ਅਜੋਕੀਆਂ ਨਜ਼ਮਾਂ ਪਿੰਡੋਂ ਬ੍ਰਹਮੰਡ ਤਕ ਵਿਸ਼ਾਲ ਹਨ। ਪਿਛਲੇ

ਦੋ ਤਿੰਨ ਵਰ੍ਹਿਆਂ ਵਿਚ ਹਲਵਾਰਵੀ ਨੇ ਉੱਤਮ ਕਵਿਤਾ ਰਚਕੇ ਆਪਣੀ ਨਿਵੇਕਲੀ ਪਛਾਣ ਕਾਇਮ ਕਰ ਲਈ ਹੈ !

ਵਰਿਆਮ ਸੰਧੂ ਦੀ ਕਹਾਣੀ "ਵਾਪਸੀ" ਪੰਜਾਬੀ ਦੀ ਹੀ ਨਹੀਂ ਸਗੋਂ ਵਿਸ਼ਵ ਕਹਾਣੀ ਸਾਹਿਤ ਦੀ ਇਕ ਉੱਤਮ ਪ੍ਰਾਪਤੀ ਹੈ । ਏਸ ਕਹਾਣੀ ਵਿਚ ਉਸਨੇ ਜੁਝਾਰ/ਨਕਸਲਾਈਟ ਲਹਿਰ 'ਤੇ ਦੋਬਾਰਾ ਝਾਤੀ ਮਾਰਕੇ ਇਸਦੀ ਪੁਨਰ-ਪਹਿਚਾਣ ਨੂੰ ਨਵੇਂ ਅਰਥਾਂ ਤੇ ਨਵੀਆਂ ਦਿਸ਼ਾਵਾਂ ਦਾ ਜੋ ਪ੍ਰਸੰਗ ਦਿੱਤਾ ਹੈ, ਉਹ ਨਿਸਚੇ ਹੀ ਸ਼ਲਾਘਾਯੋਗ ਹੈ । ਇਸੇ ਤਰ੍ਹਾਂ ਧਰਮ ਤੇ ਤਿਆਗ ਦੇ ਪ੍ਰਸੰਗ ਵਿਚ ਉਸਨੇ ਜ਼ਿੰਦਗੀ, ਲਗਾਓ, ਅਰਥਾਂ, ਰਿਸ਼ਤਿਆਂ ਤੇ ਆਦਰਸ਼ਾਂ ਦੀ ਪਹਿਚਾਣ ਨੂੰ ਵੀ ਇਕ ਕਰਮਸ਼ੀਲ ਦਿਸ਼ਾ ਦਿੱਤੀ ਹੈ । ਜ਼ਿੰਦਗੀ ਵਿਚ ਭਿੱਜਕੇ, ਜ਼ਿੰਦਗੀ ਨੂੰ ਨਾਲ ਲੈ ਕੇ ਹੀ ਕਿਸੇ ਨਿਰਵਾਣ, ਸ਼ਾਂਤੀ ਜਾਂ ਬਰਾਬਕਤਾ ਦੀ ਸੰਭਾਵਨਾ ਹੈ ।

"ਦਲਦਲ" ਵਰਗੀ ਉਤਕ੍ਰਿਸ਼ਟ ਰਚਨਾ ਤੋਂ ਬਾਅਦ ਮੈਂ ਵਰਿਆਮ ਦੀ ਇਹ ਦੂਜੀ ਵਧੀਆ ਕਹਾਣੀ ਪੜ੍ਹੀ ਹੈ । ਜੀ ਕਰਦਾ ਹੈ, ਉਸਦਾ ਹੁਣ ਤਕ ਲਿਖਿਆ ਸਭ ਕੁਝ ਪੜ੍ਹਾਂ । "ਵਾਪਸੀ" ਦੀ ਭਾਸ਼ਾ, ਸ਼ੈਲੀ, ਕਲਪਨਾ, ਯਥਾਰਥ ਤੇ ਕਾਵਿਕ-ਬਹਾ ਆਪਣੀ ਵੱਖਰੀ ਪਛਾਣ ਕਾਇਮ ਕਰਦੇ ਹਨ ।

ਤੇਰਾ ਲੇਖ "ਹਿੰਦੁਸਤਾਨ ਗਦਰ ਪਾਰਟੀ ਅਤੇ ਚੀਨ" ਬੜਾ ਖੋਜ ਭਰਪੂਰ ਤੇ ਇਨਫ਼ਰਮੇਟਿਵ ਹੈ । ਗੁਰਬਖਸ਼ ਜੱਸ ਨੇ ਮਨੋਰੰਜਨ ਦੀਆਂ ਤਕਨੀਕੀ ਈਜਾਦਾਂ ਤੇ ਪੰਜਾਬੀ ਸੱਭਿਆਚਾਰ ਸੰਬੰਧੀ ਦਿਲਚਸਪ ਨੁਕਤੇ ਉਠਾਏ ਹਨ । ਮੇਰਾ ਸੁਝਾਅ ਹੈ ਕਿ ਕੇਂਦਰੀ ਪੰਜਾਬੀ ਲੇਖਕ ਸਭਾ, ਭਾਸ਼ਾ ਵਿਭਾਗ, ਪੰਜਾਬ ਆਰਟਸ ਕੌਂਸਲ, ਸਭ ਯੂਨੀਵਰਸਟੀਆਂ, ਹੋਰ ਸਭਾਵਾਂ ਤੇ ਸੱਭਿਆਚਾਰਕ ਅਦਾਰਿਆਂ ਨੂੰ ਇਹ ਚਾਹੀਦਾ ਹੈ ਕਿ ਆਪਣੇ ਕਰਮ-ਖੇਤਰ ਦਾ ਇਕ ਵੱਡਾ ਭਾਗ ਉਹ ਇਨ੍ਹਾਂ ਈਜਾਦਾਂ ਨੂੰ ਹਾਂ-ਮੁਖੀ ਰੋਲ ਵਿਚ ਵਰਤਕੇ ਲੋਕਾਂ ਤਕ ਪਹੁੰਚਾਉਣ ਲਈ ਵਕਫ ਕਰਨ ਤਾਂਕਿ ਉਹ ਖਰੇ ਖੋਟੇ ਦੀ ਪਰਖ ਕਰ ਸਕਣ । ਰੱਦਣ ਦਾ ਨਾਂਹਮੁਖੀ ਕਰਮ ਕੱਲਿਆਂ ਕੁਝ ਨਹੀਂ ਸੰਵਾਰ ਸਕਦਾ ।

ਰਵਿੰਦਰ ਰਵੀ [ਨਿਊ ਆਇਸ਼, ਕੈਨੇਡਾ]

ਸਿਰਜਣਾ 52 ਵਿਚ ਛਪੀ ਵਰਿਆਮ ਸੰਧੂ ਦੀ ਕਹਾਣੀ 'ਵਾਪਸੀ' ਸੰਧੂ ਦੀਆਂ ਕਥਾਮਕ ਰੂੜ੍ਹੀਆਂ ਨੂੰ ਹੀ ਪ੍ਰਪੱਕ ਕਰਦੀ ਨਜ਼ਰ ਆਉਂਦੀ ਹੈ । ਜ਼ਿੰਦਗੀ ਦੇ ਯਥਾਰਥ ਦੀਆਂ ਪਰਤਾਂ ਫਰੋਲਣ ਦੀ ਦਲੇਰੀ ਅਤੇ ਘਟਨਾਵਾਂ ਅਤੇ ਸਥਿਤੀਆਂ ਦਾ ਬਿਆਨ ਨਿਰਸੰਦੇਹ ਹੀ ਕਹਾਣੀਕਾਰ ਵਜੋਂ ਵਰਿਆਮ ਸੰਧੂ ਨੂੰ ਕੱਦਾਵਰ ਬਣਾਉਂਦਾ ਨਜ਼ਰ ਆਉਂਦਾ ਹੈ । ਸੰਤਾ ਸਿੰਘ ਅਤੇ ਕੁਲਦੀਪ ਦੇ ਪਾਤਰਾਂ ਰਾਹੀਂ ਸਿਰਜਿਆ ਗਿਆ ਗਲਪੀ ਬਿੰਬ ਪ੍ਰਾਥਮਿਕ ਜਾਂ ਦੁਜੈਲੇ ਅਰਥਾਂ ਤੀਕ ਸੀਮਤ ਨਾ ਰਹਿ ਕੇ ਅੰਦਰੂਨੀ ਵਿਚਾਰ ਤੱਤ ਨੂੰ ਪ੍ਰਗਟ ਕਰਨ ਦੇ ਵੀ ਸਮਰੱਥ ਹੈ । ਭਾਵੇਂ ਮੈਂ ਸਿਧਾਂਤਕ ਰੂਪ ਵਿਚ ਉਹਨਾਂ ਕਹਾਣੀ-ਲੇਖਕਾਂ ਨਾਲ ਸਹਿਮਤ ਨਾ ਹੋ ਸਕਾਂ ਜਿਹੜੇ ਕੇਵਲ ਆਕਾਰ ਵਿਚ ਲੰਮੀ ਕਹਾਣੀ ਨੂੰ ਹੀ ਆਧੁਨਿਕ ਕਹਾਣੀ ਸਮਝਦੇ ਹਨ ਅਤੇ ਰੀਸੋ ਰੀਸੀ ਲੰਮੀ ਤੋਂ ਲੰਮੀ ਕਹਾਣੀ ਲਿਖਣ ਲਈ ਤੱਤਪਰ ਹਨ ਪਰੰਤੂ ਸੰਧੂ ਦੀਆਂ ਕਹਾਣੀਆਂ ਦਾ ਬਿਰਤਾਂਤ ਕਹਾਣੀ ਦੀ ਸੰਰਚਨਾ ਦੀ ਮੰਗ ਹੀ ਹੁੰਦਾ ਹੈ । ਅਜੇਹੇ

ਫੇਰਵਿਆਂ ਬਗੈਰ ਤ੍ਰਾਸਦਿਕ ਸਥਿਤੀਆਂ ਦੀ ਬੁਣਤੀ ਅਸੰਭਵ ਜਾਪਦੀ ਹੈ । 'ਹਿੰਦੁਸਤਾਨ ਗਦਰ ਪਾਰਟੀ ਅਤੇ ਚੀਨ' ਦੇ ਸੰਬੰਧਾਂ ਬਾਰੇ ਲਿਖਿਆ ਗਿਆ ਤੁਹਾਡਾ ਨਿਬੰਧ ਇਕ ਅਣਛੋਹੇ ਵਿਸ਼ੇ ਬਾਰੇ ਚਰਚਾ ਤਾਂ ਛੇੜਦਾ ਹੈ ਪਰੰਤੂ ਆਂਤਰਿਕ ਵਿਰੋਧਤਾਈਆਂ ਕਾਰਨ ਹੋਰ ਵੇਰਵੇ ਦੀ ਮੰਗ ਕਰਦਾ ਵੀ ਜਾਪਦਾ ਹੈ । ਹਰਭਜਨ ਹਲਵਾਰਵੀ ਦੀਆਂ ਕਵਿਤਾਵਾਂ ਪੜ੍ਹ ਕੇ ਸਚਮੁੱਚ ਦਾ 'ਕਾਵਿਕ-ਆਨੰਦ' ਆਇਆ ਜਿਹੜਾ ਕਿ ਅੱਜਕੱਲ੍ਹ ਦੀ ਬਹੁਤ ਸਾਰੀ ਛਪ ਰਹੀ ਕਵਿਤਾ 'ਚੋਂ ਲੋਪ ਹੈ । ਲਾਲ ਸਿੰਘ ਇਕ ਚੰਗਾ ਕਹਾਣੀਕਾਰ ਹੋਣ ਦੇ ਨਾਲ ਨਾਲ ਆਲੋਚਨਾਤਮਕ ਸੂਝ ਵੀ ਤਿਖੇਰੀ ਰਖਦਾ ਹੈ । ਪੱਤਰਾਂ 'ਚੋਂ ਗੁਰਮੀਤ ਬਸਰਾਂ ਦੀਆਂ ਮਨੌਤਾ ਨਾਲ ਸਹਿਮਤ ਨਹੀਂ ਹੋਇਆ ਜਾ ਸਕਦਾ । ਜਾਂ ਉਸਨੇ 'ਨਵੀਂ ਪੰਜਾਬੀ ਕਹਾਣੀ' ਬਾਰੇ ਤੁਹਾਡੇ ਵਿਚਾਰਾਂ ਨੂੰ ਚੰਗੀ ਤਰ੍ਹਾਂ ਨਹੀਂ ਪੜ੍ਹਿਆ ਅਤੇ ਜਾਂ ਫਿਰ ਉਹ ਤੁਹਾਡੇ ਵਿਚਾਰਾਂ 'ਚੋਂ ਅਖੌਤੀ ਸਵੈ-ਵਿਰੋਧਤਾਈਆਂ ਲੱਭ ਕੇ ਸਵੈ-ਸਥਾਪਤੀ ਜਾਂ ਆਪਣੇ ਮਿੱਤਰਾਂ ਦੀ ਸਥਾਪਤੀ ਦੇ ਚੱਕਰ ਵਿਚ ਹੈ ।

ਜੋਗਿੰਦਰ ਸਿੰਘ ਨਿਰਾਲਾ [ਕੋਟੀ, ਫਰੀਦਕੋਟ]

ਸਿਰਜਣਾ-52 ਵਿਚ ਵਰਿਆਮ ਸੰਧੂ ਦੀ ਕਹਾਣੀ 'ਵਾਪਸੀ' 'ਭੂੰਮ੍ਹ' ਤੋਂ ਪਿਛੋਂ ਬਹੁਤ ਵਧੀਆ ਕਿਰਤ ਹੈ । ਹੋ ਸਕਦਾ ਹੈ ਉਸਨੇ ਇਸ ਮਿਆਰ ਦੀਆਂ ਹੋਰ ਕਹਾਣੀਆਂ ਵੀ ਲਿਖੀਆਂ ਹੋਣ ਜੋ ਮੇਰੇ ਗਿਆਨ ਵਿਚ ਨਹੀਂ । ਇਹ ਕਹਾਣੀ ਸਮਾਜ ਵਿਚ 'ਰੂਹਾਨੀ ਫਰੰਟ' 'ਤੇ ਅਗਿਆਨਤਾ ਤੇ ਅੰਧ ਵਿਸ਼ਵਾਸ਼ ਦੇ ਪਸਾਰ ਨੂੰ ਚਿਤਰਦੀ ਹੈ । ਇਹ ਦਰਸਾਉਂਦੀ ਹੈ ਕਿ ਕਿਵੇਂ ਸੰਤਾ ਸਿੰਘ ਵਰਗੇ ਪਾਤਰ ਜ਼ਿੰਦਗੀ ਦੇ ਯਥਾਰਥ ਨੂੰ ਸਮਝੇ ਬਿਨਾਂ, ਘਟਨਾਵਾਂ ਦਾ ਨਿਰੀਖਣ ਕੀਤੇ ਬਿਨਾਂ ਇਸ ਰੂਹਾਨੀ ਅੰਧ ਵਿਸ਼ਵਾਸ ਦਾ ਸ਼ਿਕਾਰ ਹੋ ਕੇ ਵਿਅਕਤੀਗਤ ਆਤਮ ਸ਼ਾਂਤੀ ਦੀ ਭਾਲ ਵਿਚ ਤੁਰਦੇ ਹਨ । ਜਦੋਂ ਜ਼ਿੰਦਗੀ ਦੇ ਸੱਚ ਦਾ ਤਮਾਚਾ ਸੰਤਾ ਸਿੰਘ ਦੇ ਮੂੰਹ 'ਤੇ ਪੈਂਦਾ ਹੈ ਤਾਂ ਸੱਚ ਨਾਲ ਨਾਤਾ ਜੋੜਨ ਲਈ ਉਸਨੂੰ ਕੋਈ ਪਛਤਾਵਾ ਨਹੀਂ ਹੁੰਦਾ । ਕਹਾਣੀ ਵਿਚ ਜਿਥੇ ਵਰਿਆਮ ਨੇ ਦਵੰਦਾਤਮਕ ਢੰਗ ਨਾਲ ਪਦਾਰਥਵਾਦੀ ਪਹੁੰਚ ਦੀ ਜਿੱਤ ਵਿਖਾਈ ਹੈ, ਇਵੇਂ ਹੀ ਮੈਂ ਇਸ ਕਹਾਣੀ ਨੂੰ **'ਜਮਾਤੀ ਦੂ ਮਣਾਂ ਦੇ ਸਫਾਏ'** ਵਾਲੇ ਦ੍ਰਿਸ਼ਟੀਕੋਣ ਦੀ ਸਵੈ ਆਲੋਚਨਾ ਵਜੋਂ ਵੀ ਵੇਖਦਾ ਹਾਂ ਵਰਿਆਮ ਇਸ ਸੰਬੰਧੀ ਕੁਲਦੀਪ ਦੇ ਪਿਤਾ ਉਤੇ ਪ੍ਰਭਾਵ ਨੂੰ ਵਿਖਾਉਂਦਾ ਹੈ । ਅਸਲ ਵਿਚ ਲੋਕਾਂ ਵਿਚੋਂ ਟੁੱਟੀ ਲਹਿਰ, ਲੋਕਾਂ ਤੋਂ ਟੁੱਟਾ ਸਾਹਿਤ ਤੇ ਲੋਕਾਂ ਤੋਂ ਟੁੱਟੀ ਭਾਸ਼ਾ ਕੋਈ ਹੱਲ ਪੇਸ਼ ਕਰਨੋਂ ਅਸਮੱਰਥ ਰਹਿਣਗੇ ।

ਗੁਰਬਖਸ਼ ਜਸ ਨੇ ਮਨੋਰੰਜਨ ਦੀਆਂ ਨਵੀਆਂ ਤਕਨੀਕਾਂ ਤੇ ਉਹਨਾਂ ਰਾਹੀਂ ਪ੍ਰਗਟਾਏ ਜਾਂਦੇ Content ਸੰਬੰਧੀ ਗੰਭੀਰ ਪ੍ਰਸ਼ਨ ਉਠਾਏ ਹਨ । ਸਾਹਿਤ ਦੇ ਨਾਉਂ ਉਤੇ ਪਰਚਾਰੀ ਜਾਂਦੀ ਲੱਚਰਤਾ ਬਾਰੇ ਵੀ ਉਸਨੇ ਵਾਜਬ ਤੌਰ 'ਤੇ ਚਿੰਤਾ ਪ੍ਰਗਟ ਕੀਤੀ ਹੈ । ਪੰਜਾਬ ਦੀ ਕਲਚਰ ਕੀ ਹੈ ਤੇ ਇਸਨੂੰ ਵਿਗਾੜਨ ਵਿਚ ਕਿਹੜੀਆਂ ਤਾਕਤਾਂ ਦੀ ਦਿਲਚਸਪੀ ਹੈ — ਇਹ ਸਵਾਲ ਜਿਨ੍ਹਾਂ ਵੱਲ ਜਸ ਸੰਕੇਤ ਕਰਦਾ ਹੈ — ਵਿਚਾਰਨ ਦੀ ਲੋੜ ਹੈ ।

'ਪਾਕਿਸਤਾਨ ਵਿਚ ਸ਼ਾਇਰੀ ਦੇ ਪੈਂਤੀ ਸਾਲ' ਤੇ ਤੁਹਾਡਾ ਲੇਖ 'ਹਿੰਦੁਸਤਾਨ ਗਦਰ ਪਾਰਟੀ ਤੇ ਚੀਨ' ਬਹੁਤ ਜਾਣਕਾਰੀ ਭਰਪੂਰ ਸਨ । ਬਹੁਤ ਚੰਗਾ ਹੋਵੇ ਜੇ ਤੁਸੀਂ ਗਦਰੀ ਚੇਤਨਤਾ ਦੇ ਕਮਿਊਨਿਸਟ ਚੇਤੰਨਤਾ ਤਕ ਵਿਕਾਸ ਦੀ ਯਾਤਰਾ ਨੂੰ ਉਲੀਕ ਸਕੋ । 'ਕਿੰਨੇ

ਹੀ ਵੜ੍ਹੇਂ ਕਵਿਤਾ ਵਿਚ ਹਲਵਾਰਵੀ ਦੁਚਿੱਤੀ ਦਾ ਸ਼ਿਕਾਰ ਹੈ। ਦੂਜੀਆਂ ਦੋ ਕਵਿਤਾਵਾਂ ਸੁਹਣੀਆਂ ਹਨ। ਅਵਤਾਰ ਸਾਦਿਕ [ਲੈਸਟਰ, ਯੂ. ਕੇ.]

ਐਤਕੀਂ ਵਰਿਆਮ ਦੀ ਕਹਾਣੀ 'ਵਾਪਸੀ' ਪੜ੍ਹ ਕੇ ਬੇਹਦ ਮਾਣ ਮਹਿਸੂਸ ਹੋਇਆ ਹੈ ਕਿ ਇਹੋ ਜਿਹੀ ਕਹਾਣੀ ਮੇਰੇ ਸਮਕਾਲੀ ਨੇ ਲਿਖੀ ਹੈ। ਹਾਲਾਂ ਕਿ ਕਹਾਣੀ ਪੜ੍ਹਦਿਆਂ ਮੈਨੂੰ ਵਰਿਆਮ ਨਾਲ ਸਾੜਾ ਵੀ ਹੁੰਦਾ ਰਿਹਾ ਕਿ ਜਿਉਣ ਜੋਗਾ ਕਿਥੋਂ ਜਾਚ ਸਿੱਖ ਕੇ ਆਇਆ ਹੈ ਜੋ ਕਹਾਣੀ ਦੀਆਂ ਬੁੱਚੀਆਂ ਪਾ ਪਾ ਕੇ, ਖੇਡਦਾ ਹੋਇਆ ਐਂ ਗੱਲ ਨੂੰ ਨਿਖਾਰ ਕੇ ਸਾਹਵੇਂ ਖਲਿਆਰਦਾ ਹੈ ਕਿ ਉਹਦੇ ਹੱਥ ਚੁੰਮਣ ਨੂੰ ਜੀ ਕਰਦਾ ਹੈ।

ਹਲਵਾਰਵੀ ਦੀਆਂ ਕਵਿਤਾਵਾਂ ਬੜੀਆਂ ਖੂਬਸੂਰਤ ਤੇ ਪਿਆਰੀਆਂ ਹਨ। ਜੱਸ ਦਾ ਲੇਖ ਵੀ ਸੋਹਣਾ ਹੈ। ਪ੍ਰੇਮ ਗੋਰਖੀ [ਚੰਡੀਗੜ੍ਹ]

ਵਰਿਆਮ ਦੀ ਕਹਾਣੀ 'ਵਾਪਸੀ' ਕਮਾਲ ਸੀ। ਉਹਨੂੰ ਦਿਲੀ ਵਧਾਈਆਂ।

ਸਰਵਣ ਸਿੰਘ [ਢੁੱਡੀਕੇ]

ਵਰਿਆਮ ਸੰਧੂ ਦੀ ਕਹਾਣੀ "ਵਾਪਸੀ" ਇੱਕ ਲੰਮੀ ਕਹਾਣੀ ਹੈ। ਲੇਖਕ ਬਹੁਤ ਚਤੁਰਾਈ ਨਾਲ ਸੰਤਾ ਸਿੰਘ ਦੀ ਨਿਜੀ ਜ਼ਿੰਦਗੀ ਚਿਤਰਣ ਦੇ ਨਾਲ ਨਾਲ ਗਲੇ ਸੜੇ ਸਮਾਜ ਦੇ ਗਲੇ ਸੜੇ ਠੇਕੇਦਾਰਾਂ "ਚਿੱਟ ਦਾੜ੍ਹੀਏ ਸਾਬਕਾ ਸਰਪੰਚ ਹਰਬੰਸ ਸਿੰਘ" ਅਤੇ ਮੇਜਾ ਸਿੰਘ ਵਰਗਿਆਂ ਦੇ ਭੱਦੇ ਵਿਚਾਰ ਅਤੇ ਮਾੜੀਆਂ ਕਰਤੂਤਾਂ ਉਘੇੜ ਕੇ ਸਾਹਮਣੇ ਲਿਆਉਂਦਾ ਹੈ।

"ਵਾਪਸੀ" ਉਸ ਆਦਮੀ ਦੀ ਹੀ ਵਾਪਸੀ ਨਹੀਂ ਜਿਹੜਾ ਸ਼ੱਕ ਦੀ ਬਿਨਾਂ ਉਪਰ ਦੁਨੀਆਂ ਨੂੰ ਦੁੱਖਾਂ ਦਾ ਘਰ ਕਹਿਕੇ ਵੱਸਦਾ ਰਸਦਾ ਘਰ ਛੱਡ ਕੇ ਚਲਾ ਜਾਂਦਾ ਹੈ ਸਗੋਂ ਨਕਸਲਬਾੜੀ ਲਹਿਰ ਦੀ ਜਿਸ ਵਿਚ ਗਿਣੇ ਮਿਥੇ ਅਮੀਰਾਂ ਜਗੀਰਦਾਰਾਂ ਨੂੰ ਮਾਰਨ ਦੀਆਂ ਕਾਰਵਾਈਆਂ ਛੱਡ ਕੇ ਮੁੜ ਠੀਕ ਰਾਹ ਵੱਲ ਦੀ ਵਾਪਸੀ ਹੈ। ਅਤੇ ਲੇਖਕ ਦੀ ਤਕਨੀਕ ਪੱਖੋਂ ਇਕੋ ਗੱਲ ਨੂੰ ਲੈ ਕੇ ਚੱਲਣ ਅਤੇ ਉਸਦੇ ਪੂਰਾ ਹੋਣ 'ਤੇ ਫਿਰ ਪਹਿਲੇ ਮੁੱਖ ਵਿਸ਼ੇ ਵੱਲ ਆ ਜਾਣ ਦੀ ਵਾਪਸੀ ਵੀ ਹੈ। ਮਹਿੰਦਰ ਪ੍ਰਸ਼ਾਦ [ਮਹਿਤਾ ਨੰਗਲ, ਅੰਮ੍ਰਿਤਸਰ]

ਸਿਰਜਣਾ (52) ਵਿਚ ਪਾਕਿਸਤਾਨੀ ਪੰਜਾਬੀ ਸ਼ਾਇਰੀ ਬਾਰੇ ਲੇਖ ਵਰਨਣਯੋਗ ਹੈ। ਪਰ ਸਭ ਤੋਂ ਜ਼ਿਆਦਾ ਵਰਨਣਯੋਗ ਵਰਿਆਮ ਸੰਧੂ ਦੀ ਕਹਾਣੀ 'ਵਾਪਸੀ' ਹੈ। 'ਵਾਪਸੀ' ਨੇ ਵਰਿਆਮ ਸੰਧੂ ਅਤੇ ਸਿਰਜਣਾ ਨੂੰ ਇਕ ਵਿਸ਼ੇਸ਼ ਕੱਦ ਬਖਸ਼ਿਆ ਹੈ। ਏਸ ਕਹਾਣੀ ਲਈ ਵਰਿਆਮ ਸੰਧੂ ਤੇ 'ਸਿਰਜਣਾ' ਦੋਵੇਂ ਵਧਾਈ ਦੇ ਹੱਕਦਾਰ ਹਨ।

ਅਮਰੀਕ ਸਿੰਘ [ਸਠਿਆਲਾ]

ਸਿਰਜਣਾ ਦੇ ਅੰਕ ਨੰਬਰ 52 ਵਿਚ ਵਰਿਆਮ ਸਿੰਘ ਸੰਧੂ ਦੀ ਬਹੁਤ ਹੀ ਖੂਬਸੂਰਤ ਤੇ ਉੱਚ ਪੱਧਰ ਦੀ ਕਹਾਣੀ 'ਵਾਪਸੀ' ਪੜ੍ਹਨ ਨੂੰ ਮਿਲੀ। ਸੰਧੂ ਉਤੇ ਉਸਦੇ ਪਾਠਕਾਂ ਨੂੰ ਸਿਰਫ ਏਹੀ ਗਿਲਾ ਹੈ ਕਿ ਉਸਦੀ ਲਿਖਣ ਦੀ ਰਫਤਾਰ ਬੜੀ ਸੁਸਤ ਹੈ, ਪਰ ਸਾਲ ਛਿਮਾਹੀ ਛਪਣ ਵਾਲੀ ਉਸਦੀ ਹਰ ਕਹਾਣੀ 'ਸਹਿਜ ਪੱਕੇ ਸੋ ਮੀਠਾ ਹੋਇ' ਦਾ ਅਹਿਸਾਸ ਕਰਵਾ ਕੇ ਪਾਠਕਾਂ ਦੀ ਤਸੱਲੀ ਕਰਵਾਉਣ ਵਿਚ ਸਫਲ ਹੋ ਜਾਂਦੀ ਹੈ। ਪਰ ਫਿਰ ਵੀ

ਇਸ ਸਭ ਕਾਸੇ ਦੇ ਬਾਵਜੂਦ ਸੰਧੂ ਨੂੰ ਲਿਖਣ ਦੀ ਰਫਤਾਰ ਵਧਾਉਣੀ ਹੋਵੇਗੀ। ਵਰਿਆਮ ਸਿੰਘ ਸੰਧੂ ਦੀ ਜ਼ਿੰਦਗੀ ਬਾਰੇ ਸਮਝ ਤੇ ਖਾਸ ਤੌਰ 'ਤੇ ਪੇਂਡੂ ਜ਼ਿੰਦਗੀ ਬਾਰੇ ਉਸ ਦੀ ਸਮਝ ਤੇ ਮਜ਼ਬੂਤ ਪਕੜ ਉਸਨੂੰ ਸਮਕਾਲੀ ਕਹਾਣੀਕਾਰਾਂ ਤੋਂ ਅੱਗੇ ਲੈ ਜਾਣ ਵਿਚ ਸਫਲ ਹੈ। ਸਹੀ ਅਰਥਾਂ ਵਿਚ ਸੰਧੂ ਪੰਜਾਬੀ ਦਾ ਵਿਲੱਖਣ ਤੇ ਵਧੀਆ ਕਹਾਣੀਕਾਰ ਹੈ।

ਉਮੀਦ ਹੈ 'ਸਿਰਜਣਾ' ਸੰਧੂ ਸਾਹਿਬ ਤੇ ਅਜਿਹੇ ਹੋਰ ਵਧੀਆ ਅਦੀਬਾਂ ਨੂੰ ਪਰੇਰ ਕੇ ਪੰਜਾਬੀ ਸਾਹਿਤ ਦੀ ਸੇਵਾ ਕਰਦਾ ਰਹੇਗਾ ਅਤੇ ਕਰਵਾਉਂਦਾ ਰਹੇਗਾ।

ਕਰਨਵੀਰ ਸਿੰਘ ਥਾਪਰ [ਬੁੱਟਰ ਕਲਾਂ]

ਮੈਂ ਰਾਜਵਿੰਦਰ ਲੇਖਕ 'ਪ੍ਰਤੀਬੱਧਤਾ' 'ਮਹਾਂਨਗਰ' ਅਤੇ 'ਮੈਂ' ਦਾ ਨਿਰਮਾਤਾ ਚਿੱਠੀ ਲਿਖ ਰਿਹਾ ਹਾਂ—ਆਪ ਜੀ ਦੀ ਅਕਤੂਬਰ-ਦਸੰਬਰ ਦੀ ਸਿਰਜਣਾ ਮਿਲਣ ਉਪਰੰਤ ਅਤੇ ਆਪਣੀ ਕਵਿਤਾ 'ਕਿਰਤ' ਦੇ ਨਾ ਛਪਣ ਉਪਰ। ਰਘਬੀਰ ਜੀ ! ਇਹ ਨਿਰਮਾਣ ਪੱਤਰ ਇਸ ਕਾਰਨ ਹੈ ਕਿ ਮੈਨੂੰ ਦੁੱਖ ਹੁੰਦਿਆਂ ਵੀ ਮੈਂ ਇਸਨੂੰ ਸੰਤੋਖ ਵਜੋਂ ਹੀ ਲੈ ਰਿਹਾ ਹਾਂ। ਪਰ ਕਵਿਤਾ ਛਪਣ ਦਾ ਇਕੋ ਇਕ ਕਾਰਨ ਮੇਰੀ ਯਥਾਰਥਕ ਬੌਧਿਕਤਾ ਅਨੁਸਾਰ ਇਹ ਹੈ ਕਿ ਆਪ 'ਸਿਰਜਣਾ' ਵਿਚ ਨਕਸਲੀ-ਲਹਿਰ ਵੇਲੇ ਦੀ ਘਸੀ ਪਿਟੀ ਸ਼ੈਲੀ ਵਾਲੀ ਇਤਿਹਾਸਕ ਤੌਰ ਉਪਰ ਰਹਿੰਦ-ਖੂੰਹਦ ਵਾਲੀ ਕਵਿਤਾ ਛਾਪ ਰਹੇ ਹੋ। ਆਪ ਜੀ ਦਾ 'ਨਵੀਂ ਕਹਾਣੀ' ਬਾਰੇ ਮੁਲੰਕਣ ਵੀ ਇਹ ਦੱਸਦਾ ਸੀ ਕਿ ਤੁਸੀਂ 'ਨਕਸਲੀ ਲਹਿਰ' ਦੇ ਗਰੀਬੀ ਭਰਪੂਰ ਰੁਦਨ ਵਾਲੀਆਂ ਜਾਂ ਜਾਗੀਰਦਾਰੀ ਖਾਸੇ 'ਮੇਰਾ ਅੱਧ' ਵਰਗੀਆਂ ਕਹਾਣੀ ਨੂੰ ਪੰਜਾਬੀ ਕਹਾਣੀ ਦਾ ਵਿਕਾਸ ਸਮਝਿਆ ਅਤੇ ਉਸ ਲਹਿਰ ਨਾਲ ਸੰਬੰਧਿਤ ਹਮਦਰਦੀਆਂ ਦੀਆਂ ਚਿੱਠੀਆਂ ਦੀ ਪ੍ਰਸ਼ੰਸਾ ਨੂੰ ਲੈ ਕੇ ਆਲੋਚਕ ਬਣਨ ਦਾ ਭਰਮ ਪਾਲਿਆ। ਇਸ ਲਹਿਰ ਦਾ ਮੁਲੰਕਣ ਗਦਰੀ ਲਹਿਰ ਦੇ ਮੁਲੰਕਣ ਵਾਂਗ ਸਹਿਤ ਦੇ ਵਿਕਾਸ ਵਿਚ ਬਿਲਕੁਲ ਇਕ ਪਾਸੇ ਹੀ ਰੱਖ ਕੇ ਕੀਤਾ ਜਾ ਸਕਦਾ ਹੈ। ਵਿਕਾਸ ਦੀ ਪਉੜੀ ਵਜੋਂ ਨਹੀਂ। ਮੈਂ ਸੁਹਿਦਰਤਾ ਨਾਲ ਬੇਨਤੀ ਰੱਖਦਾ ਹਾਂ ਕਿ ਤੁਸੀਂ 'ਸਿਰਜਣਾ' ਨੂੰ ਨਕਸਲੀ ਇਤਿਹਾਸਕਤਾ ਦੀ ਰਹਿੰਦ ਖੂੰਹਦ ਵਜੋਂ ਬਹੁਲਤਾ ਵਿਚ ਨਾ ਵਰਤੋ। ਸੰਜਮ ਰਖੋ।

ਰਾਜਵਿੰਦਰ ਸਿੰਘ ਗਰੇਵਾਲ [ਕਿਲਾ ਰਾਏਪੁਰ, ਲੁਧਿਆਣਾ]

ਹਲਵਾਰਵੀ ਦੀਆਂ ਨਜ਼ਮਾਂ ਵਿਚ ਕੋਈ ਨਵੀਨਤਾ ਨਹੀਂ। ਚਲੋ ਖੈਰ। ਸੰਧੂ ਦੀ 'ਵਾਪਸੀ' ਚੰਗੀਆਂ ਰਚਨਾਵਾਂ ਵਿਚ ਸ਼ੁਮਾਰ ਕਰਨ ਵਾਲੀ ਹੈ। ਕੁਲਦੀਪ ਤੇ ਉਸਦੇ ਸਾਥੀਆਂ ਦੀ ਗੁਰਦੁਆਰੇ ਵਿਚਲੀ ਵਾਰਤਾਲਾਪ ਕੁਝ ਕੁ ਅਣਸੁਖਾਵੀਂ ਲੱਗਦੀ ਏ।

ਦਲਬੀਰ ਆਸੀ, ਜਗਜੀਤ ਮਾਨਵ [ਢਿਲਵਾਂ]

---

ਪ੍ਰਿੰਟਰ, ਪਬਲਿਸ਼ਰ ਤੇ ਮਾਲਕ ਸ੍ਰੀ ਸੁਰਿੰਦਰ ਮੋਹਨ ਸਿੰਘ ਨੇ ਪ੍ਰੇਰਨਾ ਪ੍ਰਿੰਟਿੰਗ ਪ੍ਰੈਸ, ਬੀ-52, ਫੇਜ਼ 6, ਸ.ਅ.ਸ. ਨਗਰ (ਮੁਹਾਲੀ) ਤੋਂ ਛਪਵਾਕੇ 225 ਬੀ, ਮਖਦੂਮਪੁਰਾ ਜਲੰਧਰ ਤੋਂ ਪ੍ਰਕਾਸ਼ਿਤ ਕੀਤਾ। ਪ੍ਰਕਾਸ਼ਨ ਮਿਤੀ : 15 ਫਰਵਰੀ, 1984


ਵੀਹ-ਨੁਕਾਤੀ ਦਾ
ਇਹ ਸੰਦੇਸ਼
ਹੋਵੇ ਨਿਰੋਗ ਅਤੇ
ਸਿੱਖਿਅਤ ਦੇਸ਼

**SIRJANA** Chandigarh R. R. No. 10215/65
No. 53 January-March 1984


# 35ਵਾਂ ਗਣਤੰਤਰ ਦਿਵਸ

ਆਤਮ ਨਿਰੀਖਣ ਤੇ ਪੁਨਰ ਸਮੱਰਪਨ ਲਈ ਸ਼ੁਭ ਮੌਕਾ

ਪੰਜਾਬ ਪਹਿਲਾਂ ਹੀ ਆਪਣੇ ਵਾਅਦੇ ਪੂਰੇ ਕਰਨ ਲਈ ਯਤਨਸ਼ੀਲ ਹੈ

## ਆਓ ਹੋਰ ਵੱਧ ਤੋਂ ਵੱਧ ਕਰੀਏ

### ਬਿਜਲੀ ਉਤਪਾਦਨ ਨੂੰ ਪਹਿਲ

- 1984-85 'ਚ ਬਿਜਲੀ ਪ੍ਰਾਜੈਕਟਾਂ ਵਾਸਤੇ 215.21 ਕਰੋੜ ਰੁਪਏ ਰੱਖੇ ਗਏ ਹਨ।
- 1984-85 'ਚ ਥੀਨ ਡੈਮ ਲਈ 25 ਕਰੋੜ ਰੁਪਏ ਕੱਢੇ ਗਏ ਹਨ।
- ਮੁਕੇਰੀਆਂ ਹਾਈਡਲ ਪ੍ਰਾਜੈਕਟ ਦਾ ਪਹਿਲਾ ਯੂਨਿਟ ਚਲ ਪਿਆ ਹੈ।
- ਰੋਪੜ ਥਰਮਲ ਪਲਾਂਟ 'ਚ 210 ਮੈਗਾਵਾਟ ਦਾ ਇਕ ਯੂਨਿਟ ਮੁਕੰਮਲ ਹੋਣ ਵਾਲਾ ਹੈ।

### ਰਾਜ ਦਾ ਸਨਅਤੀਕਰਨ

- ਨਾਨ ਰੇਜ਼ੀਡੈਂਟ ਭਾਰਤੀ ਉਚੇਰੀ ਤਕਨਾਲੋਜੀ ਤੇ ਬਰਾਮਦ ਮੁਖੀ ਪ੍ਰਾਜੈਕਟਾਂ 'ਤੇ ਬਹੁਤ ਜਲਦ 40 ਕਰੋੜ ਰੁਪਏ ਖਰਚਣਗੇ।
- ਸੰਯੁਕਤ ਰਾਸ਼ਟਰ ਵਿਕਾਸ ਪ੍ਰੋਗਰਾਮ ਅਧੀਨ ਦੋ ਖੋਜ ਤੇ ਵਿਕਾਸ ਕੇਂਦਰ ਲੁਧਿਆਣਾ ਅਤੇ ਇਕ ਜਲੰਧਰ ਵਿਚ ਉਸਾਰੇ ਗਏ ਹਨ।
- ਰਾਜ ਸਰਕਾਰ ਨੇ 185.7 ਕਰੋੜ ਲਾਗਤ ਦੇ 8 ਨਵੇਂ ਪ੍ਰਾਜੈਕਟ ਲਗਾਉਣ ਦੀ ਮਨਜ਼ੂਰੀ ਦੇ ਦਿੱਤੀ ਹੈ।

### ਪ੍ਰਧਾਨ ਮੰਤਰੀ ਦਾ 20 ਨੁਕਤੀ ਪ੍ਰੋਗਰਾਮ

- ਚਾਲੂ ਮਾਲੀ ਸਾਲ ਵਿਚ ਇਸ ਪ੍ਰੋਗਰਾਮ 'ਤੇ 530.85 ਕਰੋੜ ਰੁਪਏ ਖਰਚ ਕੀਤੇ ਜਾਣਗੇ।

### ਸੂਚੀਬਧ ਸ਼੍ਰੇਣੀਆਂ ਲਈ ਵਿਸ਼ੇਸ਼ ਸੰਘਟਕ ਸਕੀਮ

- ਇਸ ਮਾਲੀ ਸਾਲ ਵਿਚ 4.19 ਲੱਖ ਸੂਚੀਬਧ ਜਾਤੀਆਂ ਦੇ ਪਰਿਵਾਰਾਂ ਵਿਚੋਂ 3,19,903 ਨੂੰ ਸਹਾਇਤਾ ਦੇ ਕੇ ਗਰੀਬੀ ਦੀ ਰੇਖਾ ਤੋਂ ਉਪਰ ਚੁਕਿਆ ਜਾਵੇਗਾ।
- ਛੇਵੀਂ ਪੰਜ ਸਾਲਾ ਯੋਜਨਾ ਦੇ 457.87 ਕਰੋੜ ਖਰਚੇ ਵਿਚੋਂ 106.29 ਕਰੋੜ ਰੁਪਏ ਸੂਚੀਬਧ ਸ਼੍ਰੇਣੀਆਂ ਦੀ ਬੇਹਤਰੀ ਲਈ ਖਰਚੇ ਜਾਣਗੇ।

### ਚੰਗੇਰੀਆਂ ਸਿਹਤ ਸੇਵਾਵਾਂ

- 1979-80 ਵਿਚ ਰਾਜ 'ਚ ਪ੍ਰਤੀ ਜੀ ਦੇ ਡਾਕਟਰੀ ਖਰਚ ਤੇ 23.32 ਰੁਪਏ ਖਰਚ ਹੁੰਦੇ ਸਨ ਜਦਕਿ ਹੁਣ 31.45 ਰੁਪਏ ਖਰਚ ਹੁੰਦੇ ਹਨ।
- 1979 ਵਿਚ 1960 ਲੋਕਾਂ ਪਿਛੇ ਇਕ ਡਾਕਟਰ ਹੁੰਦਾ ਸੀ ਜਦ ਕਿ ਹੁਣ 1753 ਲੋਕਾਂ ਪਿੱਛੇ ਇਕ ਡਾਕਟਰ ਹੈ।

### ਖੇਤੀਬਾੜੀ ਉਤਪਾਦਨ ਵਿਚ ਚੋਖੀ ਹਲ੍ਹਾਸ਼ੇਰੀ

- 1982-83 ਵਿਚ ਕਣਕ ਦਾ ਉਤਪਾਦਨ 91.73 ਲੱਖ ਟਨ ਨੂੰ ਛੋਹ ਗਿਆ ਸੀ। ਇਸ ਸਾਲ ਦੌਰਾਨ ਚਾਵਲ ਦਾ ਉਤਪਾਦਨ 41.47 ਲੱਖ ਟਨ ਹੋਇਆ ਸੀ।

**ਸਾਡਾ ਆਦਰਸ਼ ਸ਼ਾਂਤੀ ਤੇ ਇਕਸੁਰਤਾ ਨਾਲ ਉਨਤੀ ਕਰਨਾ ਹੈ।**
**ਸਰਕਾਰ ਦੀ ਸਹਾਇਤਾ ਕਰੋ ਤਾਂ ਕਿ ਤੁਹਾਡੀ ਸੇਵਾ ਹੋ ਸਕੇ।**

ਜਾਰੀ ਕਰਤਾ :

ਪੀ. ਆਰ. (Advt.) 84/9-70 **ਡੀ. ਪੀ. ਆਰ. ਪੰਜਾਬ**